# ਸਿਰਜਣਾ

ਜੁਲਾਈ-ਸਤੰਬਰ 2019 (ਅੰਕ 193)

**July- September 2019**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address:
1728, ਸੈਕਟਰ 43-ਬੀ, ਚੰਡੀਗੜ੍ਹ - 160022
1728, Sector 43-B, Chandigarh - 160022 India

ਤਾਰੀਕ –Date: 25-10-2014

# ਸਿਰਜਣਾ



ਜੁਲਾਈ-ਸਤੰਬਰ 2019 **193** 50 ਰੁਪਏ

# ਸਿਰਜਣਾ

**193**

**ਜੁਲਾਈ-ਸਤੰਬਰ 2019**



**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

❋

**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

❋

***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***


❋


**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਮੁੱਦੋਂ ਸੁੱਦੋਂ/1
ਕਰਮਜੀਤ ਕੌਰ ਕਿਸ਼ਾਂਵਲ ਦੀਆਂ ਕਵਿਤਾਵਾਂ/3
ਕੁਲਵੰਤ ਔਜਲਾ/ਚਾਰ ਕਵਿਤਾਵਾਂ/5
ਹਰਬੰਸ ਮਾਛੀਵਾੜਾ/ਦੋ ਗ਼ਜ਼ਲਾਂ/8
ਦੀਪਤੀ ਬਬੂਟਾ/ਕਹਾਣੀ/ਅੰਨ੍ਹੇ ਮੋੜ 'ਤੇ/9
ਬਲਵਿੰਦਰ ਗਰੇਵਾਲ/ਕਹਾਣੀ/ਪੰਡਿਤ ਜੀ ਉਰਫ ਪਰਸ ਰਾਮ ਚੌਕੀਦਾਰ/25
ਜਿੰਦਰ/ਕਹਾਣੀ/ਹਾਫ਼ ਟਾਈਮ/42
ਬਲਦੇਵ ਦੂਹੜੇ/ਕਹਾਣੀ/ਗੁਰਦੁਆਰੇ ਉੱਤੇ ਖੜ੍ਹਾ ਆਦਮੀ/50
ਸੁਰਜੀਤ ਹਾਂਸ/ਲੇਖ/ਮੁਲਕ ਦੀ ਸਿਆਸੀ ਹਾਲਤ/55
ਰਾਜਿੰਦਰ ਪਾਲ ਸਿੰਘ ਬਰਾੜ/ਲੇਖ/ਮਸਨੂਈ ਬੁੱਧੀ, ਡਿਜੀਟਲਾਈਜੇਸ਼ਨ ਅਤੇ ਮਾਨਵਤਾ ਦਾ ਭਵਿੱਖ/61
ਚਮਨ ਲਾਲ/ਲੇਖ/ਜਲ੍ਹਿਆਂ ਵਾਲਾ ਬਾਗ਼ ਦੀ ਖ਼ੂਨੀ ਵਿਸਾਖੀ ਦੇ ਸੌ ਵਰ੍ਹੇ /68
ਜੇ.ਬੀ. ਸੇਖੋਂ/ਲੇਖ/ ਸਮਕਾਲੀ ਯਥਾਰਥ ਦਾ ਖਰ੍ਹਵਾ ਕਥਾ ਬਿੰਬ- ਲਾਲ ਸਿੰਘ ਦਾ 'ਸੰਸਾਰ'/73
ਗੁਲਜ਼ਾਰ ਸਿੰਘ ਸੰਧੂ/ਰੀਵਿਊ/ਕੰਜਣ/78
ਜਸਬੀਰ/ਰੀਵਿਊ/ਜੰਗ, ਜਸ਼ਨ ਤੇ ਜੁਗਨੂੰ/81
ਹਰਿੰਦਰ ਸਿੰਘ/ਰੀਵਿਊ/ਜੇਠੂ/84/ਜ਼ਨਾਨੀ ਪੌਦ/88
ਜੇ.ਬੀ. ਸੇਖੋਂ/ਰੀਵਿਊ/ਖਾਂਡਵ ਦਾਹ/86
ਚੰਦਰ ਮੋਹਨ/ਰੀਵਿਊ/ਚੁੱਪ ਮਹਾਂਭਾਰਤ/90
ਰਘਬੀਰ ਸਿੰਘ/ਰੀਵਿਊ/ਦਿਨ ਢਲੇ/93



**ਟਾਈਟਲ ਚਿੱਤਰ : ਦੇਵ**

**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲ**


**ਸੰਪਾਦਕੀ**

## ਮੁੱਦੋਂ ਸੁੱਦੋਂ

ਅੰਗਰੇਜ਼ ਹਾਕਮਾਂ ਕੋਲੋਂ 'ਆਜ਼ਾਦੀ' ਹਾਸਲ ਕਰਨ ਤੋਂ ਸੱਤ ਦਹਾਕਿਆਂ ਬਾਅਦ ਹਿੰਦੋਸਤਾਨ ਦੀ ਸਿਆਸੀ ਬਿਸਾਤ ਦੇ ਖਿਡਾਰੀ ਇਕ ਵਾਢਿਓਂ ਬਦਲ ਗਏ ਹਨ। ਫ਼ਿਜ਼ਾਵਾਂ ਅੰਦਰ ਨਵੇਂ ਹਿੰਦੋਸਤਾਨ ਦੀ ਸਿਰਜਣਾ ਦੇ ਹੋਕਰੇ ਗੂੰਜ ਰਹੇ ਹਨ। ਨਵੇਂ ਹਿੰਦੋਸਤਾਨ ਦੀ ਸਿਰਜਣਾ ਦੀ ਇਹ ਪੇਸ਼ੀਨਗੋਈ ਪੰਜ ਸਾਲ ਪਹਿਲਾਂ ਕੇਂਦਰੀ ਸੱਤਾ ਉਤੇ ਭਾਰਤੀ ਜਨਤਾ ਪਾਰਟੀ ਦੇ ਕਬਜ਼ੇ ਨਾਲ ਹੋ ਗਈ ਸੀ, ਪਰ ਇਸ ਸਾਲ ਹੋਈਆਂ ਲੋਕ ਸਭਾ ਚੋਣਾਂ ਅੰਦਰ ਇਸ ਪਾਰਟੀ ਨੂੰ ਮਿਲੀ ਮਿਸਾਲੀ ਜਿੱਤ ਨੇ ਸੱਚਮੁੱਚ ਨਵੇਂ ਮੁਲਕ ਦੀ ਸਿਰਜਣਾ ਲਈ ਰਾਹ ਕੁਝ ਵਧੇਰੇ ਹੀ ਮੋਕਲ਼ਾ ਕਰ ਦਿੱਤਾ ਹੈ। ਵੱਖਰੇ-ਵੱਖਰੇ ਸਿਆਸੀ ਵਿਸ਼ਲੇਸ਼ਕਾਂ ਨੇ ਇਸ ਜਿੱਤ ਅਤੇ ਇਸ ਦੇ ਹਿੰਦੋਸਤਾਨ ਦੀ ਸਿਆਸਤ ਉੱਤੇ ਪੈਣ ਵਾਲੇ ਅਸਰਾਂ ਦੀ ਪੁਣਛਾਣ ਕੀਤੀ ਹੈ ਅਤੇ ਕਰ ਵੀ ਰਹੇ ਹਨ, ਪਰ ਇਨ੍ਹਾਂ ਵਿਸ਼ਲੇਸ਼ਣਾਂ ਅੰਦਰ ਆ ਰਿਹਾ ਇਕ ਤੱਥ ਸਾਂਝਾ ਹੈ ਕਿ ਭਵਿੱਖ ਦਾ ਹਿੰਦੋਸਤਾਨ ਹੁਣ ਵਾਲੇ ਹਿੰਦੋਸਤਾਨ ਨਾਲੋਂ ਵੱਖਰਾ ਹੋਵੇਗਾ। ਕੁਝ ਵਿਸ਼ਲੇਸ਼ਕਾਂ ਨੇ ਇਸ ਨੂੰ ਸੰਸਾਰ ਸਿਆਸਤ ਨਾਲ ਜੋੜ ਕੇ ਵੀ ਦੇਖਿਆ ਹੈ। ਹਿੰਦੋਸਤਾਨ ਵਾਂਗ ਸੰਸਾਰ ਦੇ ਕਈ ਹੋਰ ਮੁਲਕਾਂ ਵਿਚ ਵੀ ਸੱਜੇ ਪੱਖੀ ਸਿਆਸਤ ਦੀ ਚੜ੍ਹਤ ਬਣੀ ਹੋਈ ਹੈ, ਜਿਸ ਨੇ ਸੰਬੰਧਤ ਮੁਲਕਾਂ ਦੀ ਸਿਆਸਤ ਅਤੇ ਅਵਾਮ ਦੀ ਮਾਨਸਿਕਤਾ ਉੱਤੇ ਸਿੱਧਾ ਅਸਰ ਪਾਇਆ ਹੈ।

ਬਦਲ ਰਹੇ ਹਿੰਦੋਸਤਾਨ ਬਾਰੇ ਸਿਆਸੀ ਵਿਸ਼ਲੇਸ਼ਣ ਤਾਂ ਸਾਹਮਣੇ ਆਏ ਹੀ ਹਨ, ਵੱਖ-ਵੱਖ ਖੇਤਰਾਂ ਨਾਲ ਜੁੜੇ ਕਲਾ ਕਾਮਿਆਂ ਨੇ ਵੀ ਆਪੋ-ਆਪਣੇ ਢੰਗ ਨਾਲ ਬਦਲ ਰਹੇ ਮਾਹੌਲ ਦੀ ਬਾਤ ਪਾਈ ਹੈ। ਭਾਰਤੀ ਜਨਤਾ ਪਾਰਟੀ ਦੀ ਦੂਜੀ ਜਿੱਤ ਤੋਂ ਤੁਰੰਤ ਬਾਅਦ, ਜੂਨ ਮਹੀਨੇ ਨੈੱਟਫਲਿਕਸ ਉੱਤੇ ਉੱਘੀ ਫਿਲਮਸਾਜ਼ ਦੀਪਾ ਮਹਿਤਾ ਦਾ ਡਿਸਟੋਪੀਅਨ (dystopian) ਡਰਾਮਾ 'ਲੈਲਾ' ਨਸ਼ਰ ਹੋਇਆ। ਛੇ ਕਿਸ਼ਤਾਂ ਵਿਚ ਸਮੇਟਿਆ ਗਿਆ ਇਹ ਡਰਾਮਾ, ਲੇਖਕ-ਪੱਤਰਕਾਰ ਪ੍ਰਯਾਗ ਅਕਬਰ ਦੇ ਸਾਲ 2017 ਵਿਚ ਛਪੇ ਇਸੇ ਨਾਂ ਵਾਲੇ ਨਾਵਲ 'ਤੇ ਆਧਾਰਤ ਹੈ। ਇਸ ਸਿਆਸੀ ਡਰਾਮੇ ਦੀ ਕਹਾਣੀ ਮੁਲਕ ਦੀ ਆਜ਼ਾਦੀ ਤੋਂ ਇਕ ਸਦੀ ਬਾਅਦ, ਭਾਵ 2047 ਦੀ ਹੈ। ਲੇਖਕ ਦੀ ਕਲਪਨਾ ਹੈ ਕਿ ਹਿੰਦੋਸਤਾਨ ਦਾ ਨਾਮੋ-ਨਿਸ਼ਾਨ ਮਿਟ ਚੁੱਕਾ ਹੈ, ਇਸ ਦੀ ਥਾਂ ਨਵਾਂ ਮੁਲਕ 'ਆਰਿਆਵ੍ਰਤ' ਹੋਂਦ ਵਿਚ ਆ ਚੁੱਕਾ ਹੈ।

ਸਾਹਿਤ ਦੇ ਇਤਿਹਾਸ ਵਿਚ ਯੂਟੋਪੀਅਨ (utopian) ਸਾਹਿਤ ਦਾ ਆਪਣਾ ਮੁਕਾਮ ਰਿਹਾ ਹੈ ਜਿਸ ਵਿਚ ਆਦਰਸ਼ ਸਮਾਜ ਦੀ ਕਲਪਨਾ ਕੀਤੀ ਗਈ ਹੁੰਦੀ ਹੈ। ਇਸ ਪ੍ਰਸੰਗ ਵਿਚ ਅਮਰੀਕੀ ਲੇਖਕ, ਪੱਤਰਕਾਰ ਤੇ ਸਮਾਜਕ ਕਾਰਕੁਨ ਜੈਕ ਲੰਡਨ ਦੇ ਨਾਵਲ 'ਦਿ ਆਇਰਨ ਹੀਲ' ਦੀ ਚਰਚਾ ਕੀਤੀ ਜਾ ਸਕਦੀ ਹੈ। ਇਹ ਨਾਵਲ 1908 ਵਿਚ ਛਪਿਆ ਸੀ। ਉਸ ਵਕਤ ਰੂਸ ਵਿਚ 1905 ਵਾਲੀ ਉਥਲ-ਪੁਥਲ ਹੋ ਚੁੱਕੀ ਸੀ ਅਤੇ ਜੈਕ ਲੰਡਨ ਨੇ ਆਪਣੀ ਇਸ ਰਚਨਾ ਵਿਚ ਆਪਣੇ ਸਮਾਜਵਾਦੀ ਵਿਚਾਰ ਖੁੱਲ੍ਹ ਕੇ ਪ੍ਰਗਟ ਕੀਤੇ ਹਨ। ਜੈਕ ਲੰਡਨ ਦੀ ਰਚਨਾ ਵਿਚ ਤਾਂ ਉਸਦੇ ਸੁਪਨ-ਸਮਾਜ ਦਾ ਨਕਸ਼ਾ ਹੈ ਪਰ ਪ੍ਰਯਾਗ ਅਕਬਰ ਦੇ ਨਾਵਲ ਵਿਚ ਯੂਟੋਪੀਆ (ਸੁਪਨ ਜਾਂ ਆਦਰਸ਼ ਸਮਾਜ) ਡਿਸਟੋਪੀਆ (ਮਨਹੂਸ ਸਮਾਜ) ਵਿਚ ਬਦਲ ਕੇ ਪੇਸ਼ ਹੋਇਆ ਹੈ। ਇਸ ਵਿਚ ਸੱਜੀ ਸਿਆਸਤ ਅਤੇ ਅਵਾਮ ਉੱਤੇ ਇਸ ਦੇ ਅਸਰਾਂ ਦੀ ਪੇਸ਼ਕਾਰੀ ਹੈ। ਆਰਿਆਵ੍ਰਤ ਵਿਚ ਡਾ. ਜੋਸ਼ੀ

ਦੀ ਤਾਨਾਸ਼ਾਹੀ ਹੈ। ਹੇਠਲੇ ਅਤੇ ਉਤਲੇ ਵਰਗ ਦੀਆਂ ਵੱਖ-ਵੱਖ ਬਸਤੀਆਂ ਹਨ। ਜੁਗਰਾਫ਼ੀਏ ਬਾਰੇ ਇਹ ਰਚਨਾ ਭਾਵੇਂ ਉੱਕਾ ਹੀ ਖ਼ਾਮੋਸ਼ ਹੈ ਪਰ ਇਹ ਐਨ ਸਾਫ਼ ਅਤੇ ਸਪਸ਼ਟ ਹੈ ਕਿ ਹਿੰਦੂ ਰਾਸ਼ਟਰ ਬਣ ਚੁੱਕਾ ਹੈ। ਰਾਜ-ਪ੍ਰਬੰਧ ਦਾ ਸ਼ਿਕੰਜਾ ਬੜਾ ਸਖ਼ਤ ਹੈ, ਬਾਗ਼ੀ ਪੈਰ-ਪੈਰ 'ਤੇ ਘਿਰੇ ਅਤੇ ਫਸੇ ਨਜ਼ਰੀਂ ਪੈਂਦੇ ਹਨ ਪਰ ਬਗ਼ਾਵਤ ਦੀ ਕਨਸੋਅ ਫ਼ਿਜ਼ਾਵਾਂ ਅੰਦਰ ਕਿਤੇ ਨਾ ਕਿਤੇ ਪੈਂਦੀ ਰਹਿੰਦੀ ਹੈ।

ਹਿੰਦੋਸਤਾਨ ਨੂੰ ਮੂਲ ਰੂਪ ਵਿਚ ਜਮਹੂਰੀ ਮੁਲਕ ਮੰਨਿਆ ਗਿਆ ਹੈ; ਭਾਵੇਂ ਇਸ ਦੀਆਂ ਵੱਖ-ਵੱਖ ਸੰਸਥਾਵਾਂ, ਸ਼ਰ੍ਹੇਆਮ ਸੱਤਾਧਾਰੀ ਪੱਖ ਦੇ ਹੱਕ ਵਿਚ ਭੁਗਤਦੀਆਂ ਰਹੀਆਂ ਹਨ ਪਰ ਪਿਛਲੇ ਪੰਜ ਸਾਲਾਂ ਦੌਰਾਨ ਜਿਸ ਤਰ੍ਹਾਂ ਇਨ੍ਹਾਂ ਸੰਸਥਾਵਾਂ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕਾਈ ਗਈ ਹੈ, ਉਸ ਨੇ ਅਵਾਮ ਦੇ ਜ਼ਿਹਨ ਅੰਦਰ ਜਮਹੂਰੀਅਤ ਨੂੰ ਲਗਾਤਾਰ ਲਾਏ ਜਾ ਰਹੇ ਖੋਰੇ ਬਾਰੇ ਖ਼ਦਸ਼ੇ ਪੈਦਾ ਕਰ ਦਿੱਤੇ ਹਨ। ਦਰਅਸਲ, ਇਹ ਖ਼ਦਸ਼ੇ ਹੁਣ ਸਚਾਈ ਦਾ ਰੂਪ ਵਟਾ ਕੇ ਸਾਡੇ ਸਾਹਮਣੇ ਆਉਣੇ ਵੀ ਸ਼ੁਰੂ ਹੋ ਗਏ ਹਨ। ਘੱਟ ਗਿਣਤੀਆਂ ਅਤੇ ਦਲਿਤਾਂ ਨਾਲ ਜੋ ਵਿਹਾਰ ਹੋਣ ਲੱਗਿਆ ਹੈ, ਉਸ ਵਿਚੋਂ ਪ੍ਰਯਾਗ ਅਕਬਰ ਦੇ ਚਿਤਰੇ ਆਰਿਆਵ੍ਰਤ ਦੇ ਝਉਲੇ ਪੈ ਰਹੇ ਹਨ; ਬਲਕਿ ਪਿਛਲੇ ਕੁਝ ਸਮੇਂ ਦੀਆਂ ਘਟਨਾਵਾਂ ਸਾਫ਼ ਦੱਸ ਰਹੀਆਂ ਹਨ ਕਿ ਖ਼ਦਸ਼ਿਆਂ ਨੇ ਹੁਣ ਖ਼ੌਫ਼ ਦੀ ਸ਼ਕਲ ਅਖ਼ਤਿਆਰ ਕਰ ਲਈ ਹੈ।

ਅਜਿਹੇ ਖ਼ੌਫ਼ ਦਾ ਨਕਸ਼ਾ ਪੰਜਾਬੀ ਦੇ ਮਿਸਾਲੀ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਨੇ ਆਪਣੀ ਕਹਾਣੀ 'ਮੁੱਢੋਂ ਸੁੱਢੋਂ' ਵਿਚ ਖਿੱਚਿਆ ਹੋਇਆ ਹੈ। ਕਹਾਣੀ ਦਾ ਤਾਣਾ-ਪੇਟਾ ਬੜਾ ਸਾਧਾਰਨ ਹੈ। ਮਸਲਾ ਕਿਸਾਨਾਂ ਤੋਂ ਮਾਮਲਾ ਉਗਰਾਹੁਣ ਦਾ ਹੈ। ਆਕੀ ਹੋ ਰਹੇ ਪਿੰਡ ਵਾਲਿਆਂ ਉੱਤੇ ਪੁਲਿਸ ਗੋਲੀ ਚਲਾ ਦਿੰਦੀ ਹੈ। ਪਿੰਡ ਦੇ ਚਾਰ ਜੀਅ ਇਸ ਕਾਰਵਾਈ ਦੇ ਲੇਖੇ ਲੱਗ ਜਾਂਦੇ ਹਨ। ਵਿਰਕ ਨੇ ਸਾਰੀ ਕਹਾਣੀ ਇਸ ਘਟਨਾ ਤੋਂ ਬਾਅਦ ਦੀ ਬੁਣੀ ਹੈ ਅਤੇ ਗੋਲੀ ਚੱਲਣ ਤੋਂ ਬਾਅਦ ਪੂਰੇ ਪਿੰਡ ਉੱਤੇ ਛਾਏ ਖ਼ੌਫ਼ ਦੇ ਬੱਦਲਾਂ ਦੀ ਤਸਵੀਰਕਸ਼ੀ ਕੀਤੀ ਹੈ। ਵਿਰਕ ਦੀਆਂ ਹੋਰ ਬਹੁਤ ਸਾਰੀਆਂ ਕਹਾਣੀਆਂ ਵਾਂਗ ਇਸ ਕਹਾਣੀ ਦਾ ਅੰਤ ਸਾਧਾਰਨ ਦਿਸਦੀ ਕਹਾਣੀ ਨੂੰ ਅਸਾਧਾਰਨ ਬਣਾ ਦਿੰਦਾ ਹੈ। ਕਹਾਣੀ ਦਾ ਅੰਤਲਾ ਪੈਰਾ ਇਉਂ ਹੈ:

*'ਉਹ ਦੋਵੇਂ ਉਸੇ ਪਿੰਡ ਨੂੰ ਜਾ ਰਹੇ ਸਨ ਜਿਸ ਪਿੰਡ ਤੋਂ ਮੈਂ ਆ ਰਿਹਾ ਸਾਂ। ਇਹ ਮੁਕਲਾਵੇ ਆਈ ਵਹੁਟੀ ਹੁਣ ਓਥੇ ਹੀ ਰਹੇਗੀ। ਇਕ ਨਵਾਂ ਘਰ ਵਸੇਗਾ। ਬੱਚੇ ਜੰਮਣਗੇ ਜਿਹੜੇ ਉਸ ਪਿੰਡ ਦੀ ਨਵੀਂ ਪੀੜ੍ਹੀ ਬਣਨਗੇ। ਮੈਨੂੰ ਹੋਰ ਹੌਸਲਾ ਹੋ ਗਿਆ। ਮਨੁੱਖ ਦੀਆਂ ਬਲਾਈਂ ਮਨੁੱਖ ਦਾ ਆਪਣਾ ਬੱਚਾ ਹੀ ਵੱਡਾ ਹੋ ਕੇ ਕੱਟਦਾ ਆਇਆ ਹੈ'।*

1990ਵਿਆਂ ਵਿਚ ਸੋਵੀਅਤ ਰੂਸ ਢਹਿਣ ਤੋਂ ਬਾਅਦ ਬੜੀਆਂ ਰਚਨਾਵਾਂ ਸਾਹਮਣੇ ਆਈਆਂ ਸਨ। ਇਨ੍ਹਾਂ ਵਿਚੋਂ ਇਕ ਕਵਿਤਾ ਕੈਨੇਡਾ ਵੱਸਦੇ ਸ਼ਾਇਰ ਇਕਬਾਲ ਰਾਮੂਵਾਲੀਆ ਨੇ ਲਿਖੀ ਸੀ। ਇਸ ਕਵਿਤਾ ਵਿਚ ਇਕਬਾਲ ਨੇ ਲੈਨਿਨ ਨੂੰ ਸਵਿੱਟਜ਼ਰਲੈਂਡ ਤੋਂ ਰੂਸ ਲਈ ਮੁੜ ਚਾਲੇ ਪਾਉਣ ਦੀ ਗੱਲ ਆਖੀ ਸੀ। ਹਿੰਦੋਸਤਾਨ ਦੇ ਸਿਆਸੀ ਪਿੜ ਦਾ ਮਸਲਾ ਇਸ ਤੋਂ ਬਹੁਤ ਹਟਵਾਂ ਹੈ। ਮੁਲਕ ਦੀਆਂ ਖੱਬੀਆਂ ਤਾਕਤਾਂ ਸਿਮਟ ਕੇ ਹੋਂਦ ਦੇ ਸਵਾਲ ਉੱਤੇ ਆਣ ਟਿਕੀਆਂ ਹਨ। ਜਿਸ ਸਿਆਸੀ ਜਮਾਤ (ਕਾਂਗਰਸ) ਤੋਂ ਬਹੁਤ ਸਾਰੇ ਲੋਕ ਆਸਾਂ ਲਾਈ ਬੈਠੇ ਹਨ, ਉਹ ਖ਼ੁਦ ਪ੍ਰਚੰਡ ਸਵਾਲਾਂ ਦੇ ਘੇਰੇ ਵਿਚ ਹੈ। ਉਂਝ ਇਕ ਤੱਥ ਨੋਟ ਕਰਨ ਵਾਲਾ ਹੈ। ਇਹ ਭਾਵੇਂ 1980ਵਿਆਂ ਵਾਲਾ ਪੰਜਾਬ ਸੀ, ਜਾਂ ਹੁਣ 2010ਵਿਆਂ ਵਾਲਾ ਹਿੰਦੋਸਤਾਨ ਹੈ, ਸੱਜੀਆਂ ਤਾਕਤਾਂ ਦੀ ਚੜ੍ਹਤ ਉਸ ਵਕਤ ਹੀ ਹੋਈ, ਜਦੋਂ ਖੱਬੇ ਪੱਖੀ ਤਾਕਤਾਂ ਰਸਾਤਲ ਵੱਲ ਰੁੜ੍ਹ ਗਈਆਂ। ਜ਼ਾਹਿਰ ਹੈ ਕਿ ਹੁਣ ਸੰਜੀਦਾ ਸਿਆਸਤ ਦੀ ਤਾਂਘ ਰੱਖਣ ਵਾਲਿਆਂ ਨੂੰ ਕੁਲਵੰਤ ਸਿੰਘ ਵਿਰਕ ਦੀ ਕਹਾਣੀ ਮੁਤਾਬਕ ਮੁੱਢੋਂ ਸੁੱਢੋਂ ਕੋਈ ਬੰਨ੍ਹ-ਸੁਭ ਕਰਨਾ ਪਵੇਗਾ। 000



# ਕਰਮਜੀਤ ਕੌਰ ਕਿਸ਼ਾਂਵਲ ਦੀਆਂ ਕਵਿਤਾਵਾਂ

## ਚੇਤਨਾ ਦਾ ਚਾਨਣ

ਮਨੁੱਖ ਮੁਕਤ ਕਿਵੇਂ ਹੋਵੇਗਾ
ਅੱਖੀਆਂ ਨੂੰ ਉਹੀਓ ਚੀਜ਼ ਨਜ਼ਰ ਆਉਂਦੀ
ਜੋ ਚਾਨਣ ਨੂੰ ਰੋਕ ਸਕੇ

ਮੇਰੀ ਰੂਹ ਦੇ ਆਪ-ਪਾਰ ਫੈਲ ਗਿਆ
ਫਿਰ ਭਲਾ
ਤੈਨੂੰ ਮੇਰਾ ਆਪਾ
ਕਿੰਝ ਨਜ਼ਰ ਆਉਂਦਾ??

## ਰੂਹ ਦਾ ਖ਼ੁਮਾਰ

ਅਨੰਤ-ਕਾਲ ਦੇ ਚਾਨਣ ਗੁੰਨ੍ਹੀ
ਮਿੱਟੀ ਮੇਰੀ ਕਾਇਆ-
ਕਾਇਆ ਥੀਂ ਪਾਰ
ਰੂਹ ਦਾ ਖ਼ੁਮਾਰ
ਉੱਛਲਦੇ ਸਾਗਰ ਦੀ ਉਸ ਲਹਿਰ ਜਿਹਾ
ਜੋ ਲੋੜੇ ਚੰਨ ਨੂੰ ਛੂਹਣਾ...
ਪਰ ਚੰਨ ਦੂਰ
ਹੋਰ ਦੂਰ ਹੋਈ ਜਾਵੇ
ਰੂਹ ਦਾ ਸਾਰਾ ਖ਼ੁਮਾਰ
ਲਹਿਰ ਰੂਪ ਹੋ ਮੁੜ-ਮੁੜ ਉਮੜਦਾ...

## ਆਪਣੀ ਛਾਂਵੇਂ

ਸਿਖ਼ਰ ਦੁਪਹਿਰੇ
"ਆਪਣੀ ਛਾਂਵੇਂ" ਤੁਰਦਿਆਂ-ਤੁਰਦਿਆਂ
ਅਹਿਸਾਸ ਕੁਝ ਇਸ ਤਰ੍ਹਾਂ ਹੋ ਰਿਹਾ
ਜਾਪਿਆ- ਪੈਰਾਂ ਦੀਆਂ ਤਲੀਆਂ 'ਚ
ਅੱਖਾਂ ਦੇ ਉੱਗ ਜਾਣ ਵਰਗਾ
ਕੁਝ ਵਾਪਰ ਗਿਆ ਹੈ!

## ਜੋਗਣ ਰੂਹ

ਜਿਸਮ ਦੇ ਓਟੀਏ 'ਚ
ਮਨ ਦਾ ਈ ਹਾਰਾ
ਵਿਚ ਭਾਵਾਂ ਦਾ ਮਘੇ ਅੰਗਿਆਰ ਵੇ
ਆਪਾ ਬਣਿਆਂ ਕਾੜ੍ਹਨੀ

ਤੇ ਰੱਤ ਪਈ ਕੜ੍ਹਦੀ
ਮਾਰ ਮੋਹ ਦੇ ਛਿੱਟੜੇ ਠਾਰ ਵੇ

ਮੂੰਹੋਂ ਕਹਿ ਕੇ ਮਾਲਕੋ!
ਹੱਥ ਫੜਾ ਗਿਓਂ ਕਾਸਾ
ਹੁਣ ਦਰ ਤੋਂ ਰਿਹਾਂ ਦੁਰਕਾਰ ਵੇ

ਜੋਗਣ ਰੂਹ ਦਾ ਜੋਗ ਅਵੱਲਾ
ਰਾਧਿਓਂ ਹੋਈ ਮੀਰਾ
ਮਨ ਦੇ ਚਾਅ ਸਭ ਮਾਰ ਵੇ

### ਔਂਸੀ

ਔਂਸੀ ਲਈ ਪਾ ਬੈਠੀ ਹਾਂ ਲਕੀਰਾਂ
ਪਰ ਮੇਟਣ ਦਾ ਹੀਆ ਨਹੀਂ
ਕਿਉਂ ਜੋ
ਮੇਰੀ ਆਸ ਦਾ ਦਾਰੋਮਦਾਰ
ਇਸਦੀ ਆਖਰੀ ਲਕੀਰ ਹੈ!

### ਮੌਨ ਸਫ਼ਰ ਵਿਚ ਭੰਗਣਾ

ਰੂਹ ਦੀ ਸੰਜੀਦਗੀ ਨੂੰ
ਉਹ ਮੇਰੀ ਚੁੱਪ 'ਚੋਂ ਵੇਖ ਨਾ ਸਕਿਆ
ਮੈਂ ਚੀਕੀ ਕੁਰਲਾਈ
ਆਪਣੇ ਯੁਗਾਂ ਦੇ
ਮੌਨ ਸਫ਼ਰ ਵਿਚ ਭੰਗਣਾ ਪਾਈ
ਕੇਡੀ ਭੁੱਲ ਸੀ ਮੇਰੀ
ਆਪੇ ਤੋਂ ਭਟਕ ਜਾਣ ਦੀ!

### ਸਮਝ ਹੁਣ

ਤੇਰੇ ਹੀ ਹਿੱਸੇ ਕਿਉਂ:
ਕਦੇ ਸੱਸੀ ਵਾਂਗੂੰ ਭੁੱਜ ਜਾਣਾ
ਕਦੇ ਸੋਹਣੀ ਵਾਂਗੂੰ ਡੁੱਬ ਜਾਣਾ
ਸਮਝ ਹੁਣ!
ਥਲਾਂ ਦੀ ਰੇਤ ਨੇ
ਕਦੇ 'ਨੀ ਬਣਨਾ ਗਾਰਾ
ਜੋ ਤੂੰ ਚਿਣ ਸਕੇਂ
ਆਪਣੇ ਘਰ ਦੀਆਂ ਇੱਟਾਂ!
... ਤੇ ਝਨਾਂ ਦੇ ਪਾਣੀਆਂ
ਕਦੇ ਪਿਆਸ ਨਹੀਂ ਬੁਝਾਉਣੀ!



### ਅਨੰਤ ਸਰਮਾਇਆ

ਹੋ ਕੇ ਮੁਕਤ
ਬਾਹਰੀ ਜਮ੍ਹਾਂ-ਮਨਫ਼ੀ ਦੇ ਚਿੰਨ੍ਹਾਂ ਤੋਂ
ਜਦ ਮੈਂ ਪਰਤੀ ਆਪਣੇ ਕੋਲ-
ਤਾਂ
"ਸਿਫ਼ਰ" ਹੋਏ ਆਪੇ ਕੋਲ
ਅਨੰਤ ਸਰਮਾਇਆ ਸੀ! 000

*(ਪੰਜਾਬੀ ਵਿਭਾਗ, ਕੋਰਡੀਆ ਕਾਲਿਜ, ਸੰਘੋਲ, ਤਸੀਲ ਖਮਾਣੋਂ,*
*ਜ਼ਿਲ੍ਹਾ ਫਤਿਹਗੜ੍ਹ ਸਾਹਿਬ-140802 ਫੋਨ: 97794-21283)*

## ਚਾਰ ਕਵਿਤਾਵਾਂ: ਕੁਲਵੰਤ ਔਜਲਾ

### ਖਰੂਦੀ

ਦਾਰੂ ਪੀ ਕੇ ਅਕਸਰ ਖਰੂਦ ਪਾਉਂਦਾ ਹੈ ਉਹ
ਉਬਲਦਾ ਹੈ ਵਾਰ ਵਾਰ
ਤੜਪਦਾ ਤੇ ਲੜਦਾ ਹੈ
ਹਰ ਨੁਕਤੇ ਨੂੰ ਪੁੱਠੇ ਅੰਦਾਜ਼ ਵਿਚ ਫੜਦਾ ਹੈ
ਦੋਸਤਾਂ ਨੇ ਉਸਦਾ ਨਾਮ
ਖਰੂਦੀ ਪਾ ਦਿੱਤਾ ਹੈ
ਉਹ ਪਰ ਆਪਣੇ ਆਪ ਨੂੰ
ਬੁਲ੍ਹੇ ਤੇ ਬਾਹੂ ਦੀ ਸਕੀ ਔਲਾਦ ਦੱਸਦਾ ਹੈ
ਕਦੇ ਮਾਰਕਸ, ਕਦੇ ਲੈਨਿਨ
ਤੇ ਕਦੇ ਭਗਤ ਸਿੰਘ ਨੂੰ ਗਿੱਚੀ ਤੋਂ ਫੜ ਲੈਂਦਾ ਹੈ
ਪਰਖਣ ਤੇ ਜੋਖਣ ਦੇ
ਅਜੀਬੋ ਗ਼ਰੀਬ ਫਾਰਮੂਲੇ ਘੜ ਲੈਂਦਾ ਹੈ
ਕਬੀਲਦਾਰੀ ਸੰਗਲ
ਉਸਨੇ ਕਈ ਵਾਰ ਤੁੜਵਾਇਆ ਹੈ
ਬਹੁਤ ਵਾਰੀ ਉਸਨੇ
ਬੁੱਧ ਬਣਨ ਦਾ ਲਲਕਾਰਾ ਲਾਇਆ ਹੈ
ਗੁੱਸੇ 'ਚ ਆ ਕੇ
ਹਲਕ 'ਚੋਂ ਸ਼ਰਾਬ ਉਤਾਰਦਾ ਹੈ
ਆਪਣੇ ਅੰਦਰ ਜਿਉਂਦੇ ਨੀਤਸ਼ੇ ਨੂੰ
ਪਟਕਾ ਪਟਕਾ ਮਾਰਦਾ ਹੈ
ਕਦੇ ਕਦੇ ਦਿਲ ਦੀ ਰਬਾਬ ਦੀਆਂ ਤਾਰਾਂ
ਕੱਸ ਕੱਸ ਕੇ ਤੋੜ ਦਿੰਦਾ ਹੈ
ਕਦੇ ਹਉਂ 'ਚ ਆ ਕੇ
ਇਨਕਲਾਬ ਨੂੰ ਦਾਰੂ ਵਾਂਗ ਰੋਹੜ ਦਿੰਦਾ ਹੈ

ਖੱਸੀ ਹੋ ਗਏ ਲੇਖਕਾਂ ਨੂੰ ਗਾਲ੍ਹਾਂ ਕੱਢਦਾ ਹੈ
ਨਾਮਧਰੀਕ ਕਮਿਊਨਿਸਟਾਂ ਨੂੰ ਬਊਂ ਬਊਂ ਕਰਕੇ ਵੱਢਦਾ ਹੈ
ਲੋਕ ਕਹਿੰਦੇ ਨੇ
ਇਹ ਆਤਮ ਹੱਤਿਆ ਕਰੇਗਾ ਇਕ ਦਿਨ
ਜਾਂ ਫਿਰ ਇੰਝ ਹੀ ਖੁਰ ਖੁਰ ਕੇ ਮਰੇਗਾ ਇਕ ਦਿਨ
ਦਾਰੂ ਪੀ ਕੇ ਅਕਸਰ ਖਰੂਦ ਕਰਦਾ ਹੈ ਉਹ।

**ਕਨਾਲ ਕਨਾਲ ਸਲਤਨਤ**

ਬਾਪੂ ਨੇ ਕਿਹਾ
ਪੁੱਤਰੋ
ਕੀ ਬਚਿਆ ਹੈ ਵੰਡਣ ਵੰਡਾਉਣ ਨੂੰ
ਕਿੱਲੇ ਡੇਢ ਕਿੱਲੇ ਨੂੰ ਕਿੰਝ ਵੰਡਾਂਗੇ ਪੰਜ ਛੇ ਥਾਈਂ
ਲੀਰ ਲੀਰ ਹੋ ਜਾਏਗੀ ਕੁਲ ਹਯਾਤੀ
ਮੇਰੇ ਜੀਊਂਦੇ ਜੀਅ
ਬਣਿਆ ਰਹਿਣ ਦਿਉ ਇੰਝ ਹੀ ਭਰਮ ਭਾਅ
ਮੇਰੇ ਮਰਨ ਪਿੱਛੋਂ ਪੂਰੇ ਕਰ ਲੈਣੇ
ਆਪਣੇ ਆਪਣੇ ਚਾਅ.....
ਪੁੱਤਰਾਂ ਨੇ ਕਿਹਾ
ਸਾਨੂੰ ਨਹੀਂ ਪੋਂਹਦਿਆਂ ਤੇਰੀਆਂ ਦਲੀਲਾਂ ਬਾਪੂ
ਮਰਲਾ ਮਿਲੇ ਜਾਂ ਕਨਾਲ
ਅਸੀਂ ਤਾਂ ਵੰਡ ਕਰਾਂਗੇ ਹਰ ਹਾਲ.....
ਕੁਝ ਨਹੀਂ ਬੋਲਿਆ ਬਾਪੂ
ਭਰਿਆ ਪੀਤਾ
ਚਲਾ ਗਿਆ ਸੌਣ ਲਈ ਖੂਹ ਨੂੰ
ਸਵੇਰੇ ਪੁੱਤਾਂ ਨੇ ਲਾਹਿਆ
ਟਾਹਲੀ ਨਾਲ ਲਟਕਦੀ ਬਾਪੂ ਦੀ ਰੂਹ ਨੂੰ.....
ਫੂਕ ਫਾਕ ਕੇ ਬਾਪੂ ਨੂੰ
ਸੁਰਖਰੂ ਹੋ ਗਏ ਪੁੱਤਰ
ਮਨ ਮਰਜ਼ੀ ਨਾਲ ਵੰਡਣਗੇ ਹੁਣ
ਬਾਪੂ ਦਾ ਸਾਂਝਾ ਪੰਜਾਬ
ਤੇ ਕਨਾਲ ਕਨਾਲ ਸਲਤਨਤ ਦੇ
ਬਣ ਜਾਣਗੇ ਨਿੱਕੇ ਨਿੱਕੇ ਨਵਾਬ।

**ਇਕੱਲਤਾ**

ਇਕੱਲਤਾ ਨੇ ਹੰਭਾ ਦਿੱਤਾ ਜਦ ਬਿਰਧ ਬਾਬੇ ਨੂੰ
ਤਾਂ ਇਕ ਦਿਨ ਭਾਵੁਕ ਹੋ ਕੇ
ਨੱਪਿਆ ਗਿਆ ਉਸ ਕੋਲੋਂ ਪਰਦੇਸੀ ਨੰਬਰ:



"ਬੇਟਾ! ਇਕੱਲਾ ਰਹਿ ਰਹਿ ਥੱਕ ਗਿਆ ਹਾਂ ਮੈਂ
ਬੜਾ ਜੀਅ ਕਰਦੈ ਬੱਚਿਆਂ ਨੂੰ ਦੇਖਣ ਲਈ
ਆ ਨਾ ਜਾਵਾਂ ਕੁਝ ਦਿਨਾਂ ਲਈ ਤੁਹਾਡੇ ਕੋਲ"
ਅੱਗੋਂ ਜਵਾਬ ਆਇਆ:
"ਏਥੇ ਆ ਕੇ ਕੀ ਕਰੇਂਗਾ ਤੂੰ ਡੈਡੀ?
ਬੇਰ ਤੈਥੋਂ ਤੋੜ ਨਹੀਂ ਹੋਣੇ
ਠੰਢ ਤੈਥੋਂ ਜਰ ਨਹੀਂ ਹੋਣੀ
ਏਦਾਂ ਕਰ ਜਿੰਨੇ ਪੈਸੇ
ਆਉਣ ਲਈ ਲਾਉਣੇ ਨੇ ਤੂੰ
ਜਲਦੀ ਜਲਦੀ ਭੇਜ ਸਾਨੂੰ
ਕਿਸੇ ਕੰਮ ਆਉਣਗੇ ਅਸਾਡੇ"
ਅਤੇ ਕੰਬਦੀ ਖਾਮੋਸ਼ੀ ਤੋਂ ਬਾਅਦ ਇਕਦਮ
ਮੁਬਾਈਲ ਡਿਸਕੁਨੈਕਟ ਹੋ ਗਿਆ।

**ਥੋੜਚਿਰੀ ਪਰਵਾਜ਼**

ਪੋਤਰਾ ਆਉਂਦਾ ਹੈ ਜਦੋਂ
ਅਸੀਂ ਦੋਵੇਂ ਜੀਅ
ਦਾਦਾ ਤੇ ਦਾਦੀ
ਬੱਚੇ ਜੇਹੇ ਹੋ ਜਾਂਦੇ ਹਾਂ
ਤੋਤਲੀ ਜ਼ੁਬਾਨ 'ਚ ਬੋਲਦੇ ਹਾਂ
ਦਿਲ ਦੀਆਂ ਨਾੜਾਂ ਖੋਹਲਦੇ ਹਾਂ
ਨਿਆਣਿਆਂ ਵਾਂਗ
ਪਿੱਛੇ ਪਿੱਛੇ ਭੱਜਦੇ ਹਾਂ ਉਸਦੇ
ਖਿੜਖਿੜਾ ਕੇ ਹੱਸਦਾ ਹੈ ਜਦੋਂ ਉਹ
ਸੈਨਤਾਂ ਇਸ਼ਾਰਿਆਂ ਨਾਲ ਕਈ ਕੁਝ ਦੱਸਦਾ ਜਦੋਂ ਉਹ
ਤਾਂ ਸਹਿਜ ਹੋ ਜਾਂਦਾ ਸਾਡੀਆਂ ਆਂਦਰਾਂ ਦਾ ਖੂਨ
ਸਾਡੇ ਅੰਦਰ ਜਨਮ ਲੈਂਦਾ ਹੈ ਇਲਾਹੀ ਸਕੂਨ
ਕੁਝ ਦਿਨਾਂ ਬਾਅਦ ਜਦੋਂ
ਆਪਣੇ ਮਾਂ-ਬਾਪ ਦੀ ਕਾਰ 'ਚ ਬਹਿ ਕੇ
ਔਹ ਗਿਆ ਔਹ ਗਿਆ ਹੋ ਜਾਂਦਾ ਸਾਡਾ ਅਵੀਤਾਜ
ਤਾਂ ਅਸੀਂ ਦੋਵੇਂ ਇਕੱਠੀ ਕਰ ਕੇ ਆਪਣੀ ਤਾਕਤ
ਰੁੱਝ ਜਾਂਦੇ ਹਾਂ ਰੁਟੀਨ ਵਾਂਗੂੰ
ਸੁਰ ਰਿਨ ਲਈ
ਆਪਣੇ ਆਪਣੇ ਡਿਜੀਟਲ ਸਾਜ਼
ਬੱਸ ਏਨੀ ਕੁ ਹੈ ਸਾਡੀ ਦੋਵਾਂ ਜੀਆਂ ਦੀ
ਥੋੜਚਿਰੀ ਪਰਵਾਜ਼। 000

*(97, ਮਾਡਲ ਟਾਊਨ, ਕਪੂਰਥਲਾ ਫੋਨ: 84377-88856)*

## ਦੋ ਗ਼ਜ਼ਲਾਂ: ਹਰਬੰਸ ਮਾਛੀਵਾੜਾ

ਖੁਸ਼ੀ ਤਾਈਂ ਪਸਰਦੀ ਜਾਂ ਉਦਾਸੀ ਪਸਰਦੀ ਦੇਖੇ
ਨਜ਼ਰ ਦੀ ਆਰਜ਼ੂ ਹੈ ਕਿ ਮੁਕੰਮਲ ਜ਼ਿੰਦਗੀ ਦੇਖੇ।

ਤਰੰਗਤ ਹੋ ਰਹੇ ਜੀਵਨ ਪ੍ਰਤੀ ਇਕ ਆਸਥਾ ਫਿਰ ਤੋਂ
ਇਹ ਜਦ ਵੀ ਖੁਸ਼ਕ ਟਹਿਣੀ 'ਤੇ ਕੁਈ ਪੱਤੀ ਹਰੀ ਦੇਖੇ।

ਨਾ ਫੁੱਲ ਦਿਸਦੇ ਨੇ ਜਿਸ ਉੱਤੇ ਨਾ ਫਲ਼ ਲਗਦੇ ਨੇ
ਅਜਿਹੇ ਬਿਰਖ ਵੀ ਬਾਗ਼ਾਂ ਦੀ ਖਾਤਿਰ ਲਾਜ਼ਮੀ ਦੇਖੇ।

ਫਕਤ ਇਕ ਖੋਖਲੀ ਟਹਿਣੀ ਨਜ਼ਰ ਆਵੇ ਕਿਸੇ ਤਾਈਂ
ਤੇ ਕੁਈ ਬਾਂਸ ਦੀ ਉਸ ਪੋਰੀ ਵਿਚੋਂ ਬੰਸਰੀ ਦੇਖੇ।

ਕਦੇ ਉਹ ਤ੍ਰੇਲ ਕਿਧਰੇ ਵੇਲ ਤੇ ਕਿਧਰੇ ਨਿਰੀ ਤੁਲਸੀ
ਉਹ ਇਕ ਹੋ ਕੇ ਵੀ ਕੀ ਕੀ ਹੋ ਰਹੇ ਇਹ ਵੀ ਕਈ ਦੇਖੇ।

ਮੇਰੇ ਬਾਰੇ ਕੋਈ ਵੀ ਰਾਇ ਪੱਕੀ ਕਰਨ ਤੋਂ ਪਹਿਲਾਂ
ਉਹ ਮੇਰੀ ਬੇਬਸੀ ਦੇਖੇ ਉਹ ਮੇਰੀ ਬੇਖੁਦੀ ਦੇਖੇ।

ਮੈਂ ਜੋ ਪਾਇਆ ਹੈ ਇਸ 'ਚੋਂ ਉਹ ਵੀ ਦੇਖਣਯੋਗ ਹੈ ਐਪਰ
ਗੰਵਾਇਆ ਹੈ ਜੁ ਭਟਕਣ ਜੀਅ ਕੇ ਮੈਂ ਉਹ ਵੀ ਕੁਈ ਦੇਖੇ।

00000

ਕਹਿਣ ਨੂੰ ਤਾਂ ਸਭ ਲਈ ਅਵਸਰ ਨੇ ਫੈਲਣ ਵਾਸਤੇ
ਫਿਰ ਕਿਉਂ ਬੇਬਸ ਜਿਹੇ ਨੇ ਲੋਕ ਸਿਮਟਣ ਵਾਸਤੇ।

ਸੁਪਨਿਆਂ ਦੇ ਰੰਗਾਂ ਦਾ ਉਤਸ਼ਾਹ ਦੇਖਣ ਵਾਸਤੇ
ਦਿਲ ਤਾਂ ਕਰਦਾ ਹੈ ਕਿਸੇ ਦਿਨ ਖੁੱਲ੍ਹ ਕੇ ਨੱਚਣ ਵਾਸਤੇ।

ਸ਼ੋਰ ਦੇ ਸਾਏ 'ਚ ਵੀ ਰਹਿ ਕੇ ਬਿਤਾਉਣੇ ਪੈਣ ਦਿਨ
ਅਣਕਹੇ ਸ਼ਬਦਾਂ ਦਿਆਂ ਫਿਕਰਾਂ ਨੂੰ ਸਮਝਣ ਵਾਸਤੇ।

ਕਹਿਣ ਨੂੰ ਤਾਂ ਹੈ ਇਹ ਮਾਮੂਲੀ ਜਿਹਾ ਇਕ ਫਾਸਲਾ
ਉਮਰ ਲੰਘ ਜਾਏ ਪਰ ਆਪਣੇ ਤੀਕ ਪਹੁੰਚਣ ਵਾਸਤੇ।

ਦੇਖ ਜੀਕਣ ਬੌਣਿਆਂ ਦੀ ਭੀੜ ਚੜ੍ਹ ਕੇ ਆਈ ਦੇਖ
ਬੇਬਸੀ ਦੀ ਬੇਖੁਦੀ ਦਾ ਬਿਰਖ ਛਾਂਗਣ ਵਾਸਤੇ।

ਇਉਂ ਵੀ ਹੋਇਆ ਕਿ ਕੋਸ਼ਿਸ਼ ਖੁਦ ਹੀ ਸੋਚਣ ਬਹਿ ਗਈ
ਦਿਨ ਖੜ੍ਹੇ ਹੀ ਖੰਭ ਨਿਸਚੇ ਦੇ ਸਮੇਟਣ ਵਾਸਤੇ।

ਦੇਰ ਲੱਗ ਸਕਦੀ ਹੈ ਭਾਵੇਂ ਪਰ ਇਹ ਹੋਵੇਗਾ ਜ਼ਰੂਰ
ਵਕਤ ਖੁਦ ਉਕਸਾਏਗਾ ਪੌਣਾਂ ਨੂੰ ਰੁਮਕਣ ਵਾਸਤੇ।00

*(ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ)*



## ਅੰਨ੍ਹੇ ਮੋੜ 'ਤੇ: ਕਹਾਣੀ: ਦੀਪਤੀ ਬਬੂਟਾ

"ਬਹਿ ਜਾ ਕਾਕਾ।" ਮੇਰੇ ਹੱਥਾਂ ਵਿਚ ਬੈਨਰਾਂ ਦਾ ਥੱਬਾ ਵੇਖ ਬਾਪੂ ਨੇ ਟੋਕਿਆ।

ਸੁਣੀ-ਅਣਸੁਣੀ ਕਰ ਹਮੇਸ਼ਾ ਵਾਂਗ ਮੈਂ ਕਾਹਲ਼ੇ ਪੈਰੀਂ ਘਰੋਂ ਚੱਲ ਪਿਆ। ਮਿਥੇ ਪ੍ਰੋਗਰਾਮ ਅਨੁਸਾਰ ਸ਼ਹੀਦ ਭਗਤ ਸਿੰਘ ਚੌਂਕ 'ਚ ਇਕੱਠੇ ਹੋ ਰਹੇ ਮੁਜ਼ਾਹਰਾਕਾਰੀਆਂ ਦੀ ਭੀੜ ਦਾ ਹਿੱਸਾ ਬਣ ਜ਼ਿੰਦਾਬਾਦ, ਮੁਰਦਾਬਾਦ ਕਰਨ ਲੱਗਿਆ। ਆਕਾਸ਼ ਗੂੰਜਾਊ ਨਾਅਰੇ ਲੱਗ ਰਹੇ ਹਨ। ਜੋਸ਼ ਵਿਚ ਆਏ ਬੁਲਾਰੇ ਬਿਆਨ ਦਾਗ ਰਹੇ ਹਨ, "ਸਾਡੀ ਬੋਲੀ ਮਰ ਰਹੀ ਹੈ। ਸਾਡਾ ਸੱਭਿਆਚਾਰ ਹਾਸ਼ੀਏ 'ਤੇ ਜਾ ਪਹੁੰਚਿਆ ਹੈ...।" ਮਰਸੀਆ ਪੜ੍ਹਿਆ ਜਾ ਰਿਹਾ ਹੈ। ਮੇਰਾ ਅੰਦਰ ਸੁੰਗੜਨ ਲੱਗਿਆ।

'ਕੀ ਸੱਚਮੁੱਚ ਪੰਜਾਬੀ ਮਰ ਰਹੀ ਹੈ? ਪਹਿਲਾਂ ਬੰਦਾ ਮਰਦਾ ਹੈ ਜਾਂ ਭਾਸ਼ਾ...? ਪਹਿਲਾਂ ਬੰਦਾ ਜੰਮਿਆ ਫਿਰ ਉਸ ਨੇ ਭਾਸ਼ਾ ਨੂੰ ਜਨਮ ਦਿੱਤਾ। ਫਿਰ ਬੰਦਾ ਜਨਮਦਾਤਾ ਹੋਇਆ ਜਾਂ ਕਸਾਈ...? ਬੰਦਾ ਜਨਮਦਾਤਾ ਹੋਵੇ ਜਾਂ ਕਸਾਈ ਰੱਬ ਜਾਣੇ ਪਰ ਮੇਰੀ ਮਾਂ ਬੋਲੀ...! ਜੇ ਸੱਚਮੁੱਚ ਮਰ ਗਈ...!?' ਸੋਚ ਕੇ ਮੈਨੂੰ ਤ੍ਰੇਲ਼ੀ ਆ ਗਈ।

"ਬੱਚਾ ਰੋਵੇ ਨਾ ਤਾਂ ਮਾਂ ਦੁੱਧ ਨਹੀਂ ਦਿੰਦੀ, ਜੇ ਅਸੀਂ ਆਪਣਾ ਰੋਣਾ ਨਹੀਂ ਰੋਵਾਂਗੇ ਤਾਂ ਸਰਕਾਰਾਂ ਕਿੱਥੋਂ ਚੋਅ ਲਵਾਂਗੇ।" ਬੋਲਦਾ ਮਾਸਟਰ ਸ਼ਰਨ ਮੇਰੇ ਹੱਥੋਂ ਬੈਨਰ ਲੈ ਕੇ ਮੰਚ ਵੱਲ ਵਧ ਗਿਆ। ਉਹ ਰੱਸੀਆਂ ਬੰਨ੍ਹ ਕੇ ਬੈਨਰ ਟੰਗਣ 'ਚ ਰੁੱਝ ਗਿਆ ਹੈ ਪਰ ਉਸ ਦੇ ਬੋਲਾਂ 'ਚ ਉਲਝਿਆ ਮੇਰੇ ਮਨ ਦਾ ਭੌਰ ਆਕਾਸ਼-ਪਾਤਾਲ਼ ਗਾਹੁਣ ਲੱਗਿਆ,

'ਯਕੀਨਨ ਪਹਿਲਾ ਧਰਨਾ 'ਭੁੱਖ' ਨੇ 'ਰੱਜ' ਖਿਲਾਫ ਲਾਇਆ ਹੋਣੈਂ। ਭੁੱਖ 'ਦੁਹਾਈ' ਹੈ, 'ਹਾੜ੍ਹਾ' ਹੈ ਤੇ ਰੱਜ 'ਰਾਜ'। ਮਾਂ ਦਾ ਦੁੱਧ ਚੁੰਘਦੇ, ਉਸ ਦੀਆਂ ਲੋਰੀਆਂ ਨਾਲ ਹੁੰਗਾਰਾ ਭਰਦੇ ਲਹੂ 'ਚ ਰਚੀ ਮੇਰੀ ਮਾਂ ਬੋਲੀ ਪੰਜਾਬੀ, ਰਾਜ ਭਾਸ਼ਾ ਹੋਣ ਨਾਤੇ 'ਰਾਜ ਰਾਣੀ' ਦੇ ਪਦ 'ਤੇ ਸੁਸ਼ੋਭਤ, ਯਾਨੀ ਰਾਜਸੀ ਮੋਹਰ। ਜੋ ਰਾਜਸੀ ਠੱਪਾ ਹੋਵੇ ਉਸ ਨੂੰ ਤਾਂ ਆਪਣੀ ਰਿਆਇਆ ਦੀਆਂ ਬੁੱਲ੍ਹੀਆਂ 'ਤੇ ਖਿੜਨ ਦਾ ਸ਼ਾਹੀ ਹੱਕ ਹੁੰਦੈ। ਇੰਝ ਹੀ ਸੱਭਿਆਚਾਰ ਕਿਸੇ ਵੀ ਕੌਮ ਦਾ ਵਿਰਸਾ ਹੁੰਦੈ ਤੇ ਵਿਰਸਾ ਉਸ ਕੌਮ ਲਈ ਸਰਮਾਇਆ, ਜਿਸ 'ਤੇ ਆਉਣ ਵਾਲੀਆਂ ਪੁਸ਼ਤਾਂ ਫ਼ਖਰ ਕਰਦੀਆਂ ਨਹੀਂ ਥੱਕਦੀਆਂ। ਇਸ ਹਿਸਾਬ ਨਾਲ ਵਿਰਸਾ ਹੋਇਆ 'ਰੱਜ' ਤੇ ਬੋਲੀ ਹੋਈ 'ਰਾਜ ਰਾਣੀ'। ਦੋਵੇਂ ਅਮੀਰੀ ਦਾ ਸਿਖਰ। ਫਿਰ 'ਰੱਜ' ਤੇ 'ਰਾਜ ਰਾਣੀ' ਨੂੰ ਕਿਉਂ ਲੋੜ ਪਈ ਆਪਣੇ ਬਚਾਅ ਵਿਚ ਰੋਸ ਮੁਜ਼ਾਹਰਿਆਂ ਦੀ...?' ਅੰਦਰ ਦੀ ਜੰਗ ਤਿੱਖੀ ਹੋਣ ਲੱਗੀ।

'ਵਿਰਸਾ, ਸੱਭਿਆਚਾਰ ਤਾਂ ਪਤਾ ਨਹੀਂ ਭੁੱਖ ਨੇ ਜਾਂ ਰੱਜ, ਪਰ ਜੇ ਮੇਰੀ 'ਰਾਜ ਰਾਣੀ' ਦਾ ਅੰਤ ਹੋ ਗਿਆ, ਤਾਂ ਇਕ ਗੱਲ ਪੱਥਰ 'ਤੇ ਲਕੀਰ ਹੈ, ਮੇਰਾ ਘਾਣ ਹੋਣੋਂ ਕੋਈ ਨਹੀਂ ਬਚਾ ਸਕਦਾ। ਬੇਗਾਨੀ ਅੱਗ 'ਚ ਕੌਣ ਪੈਰ ਧਰਦੈ? ਰੋਟੀ ਮਸਲਾ ਬਣੀ ਤਾਂ ਮੈਂ ਵੀ ਝੰਡਾ ਚੁੱਕ ਲਿਆ। ਬਾਪੂ ਲੱਖ ਘੂਰੀਆਂ ਵੱਟੇ, ਵੱਟਦਾ ਰਵ੍ਹੇ। ਉਹ ਵਕਤ ਵਿਹਾ ਚੁੱਕਿਆ ਤੇ ਮੈਂ ਵਕਤ ਦਾ ਵਹਾਅ। ਉਹ ਬੀਤੇ ਨੂੰ ਰੋਂਦੈ ਤੇ ਮੈਂ ਭਵਿੱਖ 'ਤੇ ਮੰਡਰਾਉਂਦੇ ਹਨੇਰੇ ਤੋਂ ਘਬਰਾਇਆ ਨਾ ਖੁੱਲ੍ਹ ਕੇ ਰੋ ਰਿਹਾਂ ਤੇ ਨਾ ਹੱਸ...! ਹੱਸਣਾ ਤੈਨੂੰ ਸ਼ੋਭਾ ਵੀ ਨਹੀਂ ਦਿੰਦਾ ਮੂਰਖਾ...।' ਮੇਰੇ ਅੰਦਰ ਨੇ ਫਿਟਕਾਰਿਆ।

"ਇਸ ਵਾਰੀ ਤਾਂ ਲੱਗਦੈ ਮੈਦਾਨ ਫਤਹਿ ਹੋ ਹੀ ਜਾਊ। ਉਂਝ ਇਹ ਕੋਈ ਪਹਿਲਾ ਧਰਨਾ ਨਹੀਂ, ਆਖਰੀ ਹੋਵੇ ਜਾਪਦਾ ਨਹੀਂ। ਭਾਸ਼ਾ ਰੋਜ਼ੀ-ਰੋਟੀ ਦਾ ਮਸਲਾ ਘੱਟ ਤੇ ਰਾਜਨੀਤਕ ਕਠਪੁਤਲੀ ਨਾਚ ਵਧੇਰੇ ਨੱਚਣ ਲੱਗੀ ਹੈ। ਫਿਰ ਵੀ ਜਦ ਤਕ ਸਵਾਸ ਤਦ ਤਕ ਆਸ।" ਬੋਲਦਾ ਮਾਸਟਰ ਦਰਸ਼ਨ ਮੇਰੇ ਲਾਗੇ ਆ ਬੈਠਾ।

'ਸੰਸਾ ਜਾਂ ਉਮੀਦ।' ਉਹ ਕਹਿਣਾ ਕੀ ਚਾਹੁੰਦਾ ਹੈ? ਉਸ ਦੀ ਗੱਲ ਦਾ ਸਿੱਟਾ ਕੱਢਦਾ ਮੈਂ ਦਵੰਦ 'ਚ ਡਿਕੋ-ਡੋਲੇ ਖਾਣ ਲੱਗਿਆ।

ਘੋਗਲ ਸਰਕਾਰਾਂ ਦੇ ਕੰਨਾਂ 'ਤੇ ਬੀਨ ਵਜਾਉਣ ਲਈ 'ਪੰਜਾਬ ਬਚਾਉ, ਪੰਜਾਬੀ ਬਚਾਉ ਸੰਘਰਸ਼ ਕਮੇਟੀ' ਨੇ ਸਰਕਾਰ ਦੀ ਇੱਟ ਨਾਲ ਇੱਟ ਖੜਕਾਉਣ ਦਾ ਫੈਸਲਾ ਕੀਤਾ ਹੈ। ਮਾਂ ਬੋਲੀ ਦੇ ਹੱਕ 'ਚ ਸਮੂਹ ਜਥੇਬੰਦੀਆਂ ਨੂੰ ਇਕ ਮੰਚ 'ਤੇ ਇਕੱਠੇ ਹੋਣ ਦਾ ਸੱਦਾ ਦਿੱਤਾ ਗਿਆ ਹੈ। ਸ਼ਹੀਦ ਭਗਤ ਸਿੰਘ ਚੌਂਕ ਤੋਂ ਰੋਸ ਮਾਰਚ ਸ਼ੁਰੂ ਕਰ ਕੇ ਰਾਜਧਾਨੀ 'ਚ ਪੱਕਾ ਮੋਰਚਾ ਲਗਾਏ ਜਾਣ ਦਾ ਸਖ਼ਤ ਏਜੰਡਾ ਉਲੀਕਿਆ ਗਿਆ ਹੈ।

ਸੂਬਾ ਪੱਧਰੀ ਰੋਸ ਮਾਰਚ ਵਿਚ ਹਿੱਸਾ ਲੈਣ ਲਈ ਵੱਖ-ਵੱਖ ਥਾਂਵਾਂ ਤੋਂ ਆਗੂ ਆਪਣੇ ਸਾਥੀਆਂ ਸਹਿਤ ਇਸ 'ਯੱਗ' 'ਚ 'ਆਹੂਤੀ' ਪਾਉਣ ਲਈ ਸ਼ਹੀਦ ਭਗਤ ਸਿੰਘ ਚੌਂਕ ਦੁਆਲੇ ਘੇਰਾ ਬੰਨ੍ਹਣ ਲੱਗੇ ਹਨ। ਮੌਕੇ ਦੇ ਪ੍ਰਸ਼ਾਸਨਕ ਅਧਿਕਾਰੀ ਨੂੰ ਮੰਗ ਪੱਤਰ ਸੌਂਪ ਕੇ ਰੋਸ ਮਾਰਚ ਅੱਗੇ ਵਧਾਇਆ ਜਾਣਾ ਹੈ। ਅਧਿਕਾਰੀ ਆਪਣੇ ਲਾਮ-ਲਸ਼ਕਰ ਸਹਿਤ ਮੰਗ ਪੱਤਰ ਲੈਣ ਆ ਪਹੁੰਚਿਆ ਹੈ। ਮੰਚ ਸੰਚਾਲਨ ਕਰ ਰਿਹਾ ਮਾਸਟਰ ਸ਼ਰਨ ਪੰਜਾਬੀ ਬੋਲਦਾ ਇਕਦਮ ਹਿੰਦੀ ਬੋਲਣ ਲੱਗਿਆ ਹੈ। ਪੰਜ ਆਗੂਆਂ ਨੇ ਅਧਿਕਾਰੀ ਨੂੰ ਮੰਗ ਪੱਤਰ ਸੌਂਪ ਦਿੱਤਾ ਹੈ। ਸੂਬੇ ਅੰਦਰ ਮਾਂ ਬੋਲੀ ਨੂੰ ਬਣਦਾ ਹੱਕ ਦੁਆਉਣ ਲਈ ਆਗੂ ਉਸ ਨਾਲ ਅੰਗਰੇਜ਼ੀ 'ਚ ਵਾਰਤਾਲਾਪ ਕਰਨ ਲੱਗੇ ਹਨ।

ਮੈਂ ਹੈਰਾਨ...! ਮੰਗ-ਪੱਤਰ ਪੰਜਾਬ ਤੇ ਪੰਜਾਬੀ ਨੂੰ ਬਚਾਉਣ ਲਈ...! ਮੰਗ-ਪੱਤਰ ਦੇਣ ਵਾਲੇ ਪੰਜਾਬੀ, ਮੰਗ ਪੱਤਰ ਲੈਣ ਵਾਲਾ ਅਧਿਕਾਰੀ ਪੰਜਾਬੀ ਤੇ ਫਿਰ ਅੰਗਰੇਜ਼ੀ ਦਾ ਦੌਰਾ ਕਾਹਤੋਂ ਪੈ ਗਿਐ ਇਨ੍ਹਾਂ ਨੂੰ। ਅਚਾਨਕ ਜਿਵੇਂ ਮਿਰਗੀ ਪੈ ਗਈ ਹੋਵੇ। ਅੰਗਰੇਜ਼ੀ ਝੱਗ ਵਾਂਗ ਉਗਲ਼ੀ ਜਾ ਰਹੀ ਹੈ।

ਬਾਪੂ ਮੇਰਾ ਸਿਰ 'ਤੇ ਸਵਾਰ ਹੋਇਆ ਉਨ੍ਹਾਂ ਵਿਚਾਲੇ ਆ ਖਲੋਤਾ ਹੈ। ਉਹ ਬਿਨਾਂ ਸਾਹ ਲਏ ਅੰਗਰੇਜ਼ੀ 'ਚ ਦੋਹਾਂ ਧਿਰਾਂ ਨਾਲ ਗੱਲ ਕਰਦਾ ਇਕਦਮ ਪੰਜਾਬੀ ਬੋਲਣ ਲੱਗਿਆ ਹੈ, "ਕਿਹਨੂੰ ਅੰਗਰੇਜ਼ੀ ਬੋਲ ਕੇ ਡਰਾਉਣ ਦੀ ਕੋਸ਼ਿਸ਼ ਕਰ ਰਹੇ ਓ। ਭਾਸ਼ਾਵਾਂ ਸਿੱਖੋ, ਪਰ ਆਪਣੀ ਮਾਂ ਦਾ ਗਲ਼ ਨਾ ਘੁੱਟੋ।"

ਨਿੱਕੇ ਹੁੰਦਿਆਂ ਮੇਰਾ ਦਾਦਾ ਮੈਨੂੰ ਅਚੰਭਾ ਲਾਈ ਰੱਖਦਾ। ਮੈਂ ਸੋਚਿਆ ਕਰਾਂ! ਇਹ ਭਲੇ ਵੇਲ਼ਿਆਂ ਦੀਆਂ ਪੰਜ ਜਮਾਤਾਂ ਪੜ੍ਹਿਆ, ਪਰ ਇਹਨੂੰ ਸਾਰਾ ਕੁਝ ਹੀ ਆਉਂਦੈ...? ਮੈਂ ਪੜ੍ਹਦਿਆਂ ਕੋਈ ਪ੍ਰਸ਼ਨ ਪਿੱਛੋਂ ਬੋਲਦਾ, ਦਾਦਾ ਜਵਾਬ ਪਹਿਲਾਂ ਦੱਸ ਦਿੰਦਾ। ਅੰਗਰੇਜ਼ੀ ਤਾਂ ਕੀ ਉਰਦੂ, ਫਾਰਸੀ ਤਕ ਜ਼ੁਬਾਨਾਂ ਦਾ ਡੂੰਘਾ ਗਿਆਨ। ਰਾਮਾਇਣ, ਮਹਾਂਭਾਰਤ, ਵੇਦ, ਪੁਰਾਣ, ਕਿੱਸੇ, ਗੁਰਬਾਣੀ ਯਾਨੀ ਅਤਾਲ-ਪਤਾਲ ਜਿਵੇਂ ਉਸ ਦੇ ਅੰਦਰ ਕੋਈ ਯੰਤਰ ਲਾ ਕੇ ਫਿੱਟ ਕੀਤੇ ਹੋਣ। ਮੈਂ ਹੈਰਾਨ ਹੋ ਕੇ ਪੁੱਛਦਾ, "ਬਾਈ ਜੀ ਇੰਨੀਆਂ ਕਿਤਾਬਾਂ ਕਦੋਂ ਤੇ ਕਿਵੇਂ ਯਾਦ ਕੀਤੀਆਂ? ਕਿਹੜੇ ਸਕੂਲ ਤੋਂ ਪੜ੍ਹਾਈ ਕੀਤੀ ਤੁਸਾਂ?"

ਉਹ ਹੱਸ ਪੈਂਦਾ ਤੇ ਜਵਾਬ ਮੇਰਾ ਬਾਪੂ ਦਿੰਦਾ, "ਓ ਪੁੱਤਰਾ ਦਾਦਾ ਤੇਰਾ ਸੱਥ ਦਾ ਪੜ੍ਹਿਐ।"

ਬੋਹੜ ਹੇਠ ਸੱਥ ਵਾਲਾ ਥੜ੍ਹਾ ਸਾਡੀ ਨੌਜਵਾਨ ਸਭਾ ਨੇ ਤੁੜਵਾਇਆ ਸੀ। ਕੀ ਕਰਦੇ। ਉਹ ਬੋਹੜ ਹੈ ਹੀ ਬਿਲਕੁਲ ਚੌਂਕ ਦੇ ਵਿਚ-ਵਿਚਾਲੇ ਸੀ। ਬੋਹੜ ਦੀਆਂ ਜੜ੍ਹਾਂ ਪੁੱਟ ਕੇ ਉੱਥੇ ਸ਼ਹੀਦ ਭਗਤ ਸਿੰਘ ਦਾ ਬੁੱਤ ਸਥਾਪਤ ਕੀਤਾ ਗਿਆ। ਬੋਹੜ ਵਾਲਾ ਚੌਂਕ ਸ਼ਹੀਦ ਭਗਤ ਸਿੰਘ ਚੌਂਕ ਬਣ ਗਿਆ। ਕਦੀ ਇੱਥੇ ਬੈਠ ਕੇ ਬਜ਼ੁਰਗ ਗੱਪਾਂ ਮਾਰਦੇ, ਦੁੱਖ-ਸੁੱਖ ਫੋਲਦੇ ਸਨ, ਇਤਿਹਾਸ, ਮਿਥਿਹਾਸ ਦਾ ਪਾਣੀ ਨਿਤਾਰਦੇ ਸਨ। ਹੁਣ ਇੱਥੋਂ ਅਸੀਂ ਡਿਗਰੀਆਂ ਦਾ ਭਾਰ ਮੱਥਿਆਂ 'ਚ ਮੜ੍ਹੀ ਆਪਣੀ ਹੱਕੀ ਜੰਗ ਦਾ ਪਰਚਮ ਲਹਿਰਾਉਣ ਦਾ ਆਗ਼ਾਜ਼ ਕਰਦੇ ਹਾਂ। ਧਰਨੇ ਲਾਉਂਦੇ ਹਾਂ, ਪੁਤਲੇ ਫੂਕਦੇ ਹਾਂ ਤੇ ਡਾਂਗਾਂ ਸੋਟੀਆਂ ਖਾਂਦੇ ਗ੍ਰਿਫ਼ਤਾਰੀਆਂ ਦਿੰਦੇ ਹਾਂ। ਮੰਗ-ਪੱਤਰ ਦਿੱਤੇ ਜਾਂਦੇ ਹਨ, ਲਏ ਜਾਂਦੇ ਹਨ। ਪ੍ਰਣ ਦੁਹਰਾਏ ਜਾਂਦੇ ਹਨ, ਧਰਨੇ ਜਾਰੀ ਹਨ।

ਵਧੇਰੇ ਜਮਾਤਾਂ ਤਾਂ ਮੇਰਾ ਬਾਪੂ ਵੀ ਨਹੀਂ ਪੜ੍ਹਿਆ। ਦਾਦੇ ਦਾ ਮੁਕਾਬਲਾ ਨਾ ਵੀ ਕਰੇ, ਪਰ



ਬਾਪੂ ਗੱਲ ਕਰਦਾ ਛੇਤੀ ਪਿੱਠ ਨਾ ਲੱਗਣ ਦਿੰਦਾ। ਉਹਨੂੰ ਸਾਡਾ ਕੁਝ ਵੀ ਠੀਕ ਨਹੀਂ ਲੱਗਦਾ। ਨਾ ਸਾਡੀ ਜਮਹੂਰੀ ਜੰਗ, ਨਾ ਸਰਕਾਰੀ ਢਾਂਚਾ। ਉਹਦਾ ਵੱਸ ਚੱਲੇ ਤਾਂ ਹੇਠਲੀ ਉੱਤੇ ਲਿਆ ਦੇਵੇ। ਬੀਤੇ ਤੇ ਆਉਣ ਵਾਲੇ ਵਕਤ ਨੂੰ ਲੈ ਕੇ ਸਾਡੀ ਅਕਸਰ ਬਹਿਸ ਛਿੜ ਪੈਂਦੀ ਹੈ। ਮੈਂ ਕਹਿੰਦਾ ਹਾਂ ਮਾਂ ਬੋਲੀ ਮਰ ਰਹੀ ਹੈ ਤੇ ਠੀਕਰਾ ਸਰਕਾਰਾਂ ਸਿਰ ਭੰਨਦਾ ਹਾਂ, ਜੋ ਇਸ ਦੇ ਬਚਾਅ ਲਈ ਕੁਝ ਨਹੀਂ ਕਰ ਰਹੀਆਂ। ਬਾਪੂ ਕਹਿੰਦੈ ਸੁੰਗੜ ਰਹੀ ਏ 'ਰਾਜ ਰਾਣੀ' ਰਾਜਸੀ ਪੰਨਿਆਂ ਅੰਦਰ ਕੇਵਲ ਇਕ ਖਾਨਾ ਬਣ ਕੇ। ਅਸੀਂ ਬਹੁਰੰਗੀ ਭਾਸ਼ਾ ਬੋਲਦੇ ਹਾਂ ਤੇ ਜਨਗਣਨਾ ਰਜਿਸਟਰਾਂ ਵਿਚ ਆਪਣਾ ਵੇਰਵਾ ਭਰਵਾਉਂਦੇ ਲਿਖਵਾ ਰਹੇ ਹਾਂ 'ਮਦਰ ਟੰਗ' ਦੇ ਸਾਹਮਣੇ ਬਣੇ ਖਾਲੀ ਖ਼ਾਨੇ ਅੰਦਰ 'ਪੰਜਾਬੀ'। ਉਹ ਹਾਰਦਾ ਨਹੀਂ ਤੇ ਮੈਂ ਹਾਰ ਮੰਨਣ ਨੂੰ ਤਿਆਰ ਨਹੀਂ। ਬਹਿਸ ਜਾਰੀ ਹੈ। ਮੈਂ ਉੱਚਾ ਬੋਲਦਾ ਅੰਦਰ ਵਸਿਆ ਡਰ ਅੰਦਰੇ ਦਬਾਉਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਡਰ ਹੈ ਕਿ ਦਬਾਅ ਦੀ ਪ੍ਰਕਿਰਿਆ ਵਾਂਗ ਉੱਛਲ-ਉੱਛਲ ਮੇਰਾ ਘੋਗਾ ਚਿਤ ਕਰਨ ਲੱਗਿਆ ਹੈ।

ਜਿਸ ਬੋਲੀ 'ਚ ਲੋਰੀਆਂ ਲੈ ਮੈਂ ਪੰਜਾਬੀ ਵਿਸ਼ੇ ਦਾ ਸਰਕਾਰੀ ਅਧਿਆਪਕ ਲੱਗ ਰੋਜ਼ੀ-ਰੋਟੀ ਕਮਾ-ਖਾ ਰਿਹਾਂ, ਉਸ ਦੇ ਛੇਤੀ ਅੰਤ ਦੀਆਂ ਅੰਤਰ-ਰਾਸ਼ਟਰੀ ਪੱਧਰ ਦੀਆਂ ਅਗਾਊਂ ਸੂਚਨਾਵਾਂ ਨੇ ਮੇਰਾ ਚੈਨ-ਕਰਾਰ ਖੋਹ ਲਿਆ ਹੈ। ਆਏ ਦਿਨ ਲੱਗ ਰਹੇ ਸਰਕਾਰੀ ਸਕੂਲਾਂ 'ਤੇ ਜਿੰਦਰੇ ਇਨ੍ਹਾਂ ਸੂਚਨਾਵਾਂ ਦਾ ਪੱਖ ਪੂਰਦੇ ਮੇਰੀ ਹੋਸ਼ ਭੁਲਾਉਣ ਲੱਗੇ ਹਨ। ਹਾਲਾਂਕਿ ਮਾਂ ਬੋਲੀ ਦੀ ਦਿੱਤੀ ਰੋਟੀ ਖਾ ਰਿਹਾਂ, ਪਰਿਵਾਰ ਪਾਲ ਰਿਹਾਂ, ਪਰ ਇਕ ਅਸੁਰੱਖਿਅਤ ਜਿਹੀ ਭਾਵਨਾ ਨੇ ਮੈਨੂੰ ਉਦੋਂ ਹੀ ਘੇਰ ਲਿਆ ਸੀ, ਜਦੋਂ ਪਹਿਲੇ ਦਰਜੇ 'ਚ ਦਸਵੀਂ ਪਾਸ ਕਰ ਕੇ ਗਿਆਰ੍ਹਵੀਂ 'ਚ ਮੈਡੀਕਲ ਦੀ ਪੜ੍ਹਾਈ ਕਰਨ ਦਾ ਹੌਸਲਾ ਨਾ ਜੁਟਾ ਸਕਿਆ। ਅੰਗਰੇਜ਼ੀ ਦਾ ਹਊਆ ਮੈਨੂੰ 'ਮਾਊਂ' ਬਣ ਕੇ ਚਿੰਬੜ ਗਿਆ ਤੇ ਪੰਜਾਬੀ ਮਾਧਿਅਮ 'ਚ ਕੀਤੀ ਪਹਿਲੇ ਦਰਜੇ ਦੀ ਦਸਵੀਂ ਅੰਗਰੇਜ਼ੀ ਮਾਧਿਅਮ ਦੀ ਮੈਡੀਕਲ ਦੀ ਪੜ੍ਹਾਈ ਤੋਂ ਖ਼ੌਫ਼ਜ਼ਦਾ ਹੋ ਗਈ। ਪੰਜਾਬੀ ਵਿਸ਼ੇ ਨਾਲ ਗ੍ਰੈਜੂਏਸ਼ਨ ਕੀਤੀ। ਸਾਰਾ ਸਾਲ ਅੰਗਰੇਜ਼ੀ ਜ਼ਰੂਰੀ ਵਿਸ਼ਾ ਬਾਕੀ ਵਿਸ਼ਿਆਂ 'ਤੇ ਚੰਡਾਲ ਬਣ ਕੇ ਚੜ੍ਹਿਆ ਰਹਿੰਦਾ। ਇਹ ਡਰ ਹੋਰ ਵੀ ਜੜ੍ਹ ਫੜ ਗਿਆ ਜਦੋਂ ਅੰਗਰੇਜ਼ੀ ਦਾ ਦੈਂਤ ਸਾਡੇ ਇਕ ਮਿੱਤਰ ਨੂੰ ਆਤਮ-ਹੱਤਿਆ ਦੀ ਰਾਹ ਲੈ ਪਹੁੰਚਿਆ। ਮੈਂ ਅੰਗਰੇਜ਼ੀ ਦਾ ਸਿਲੇਬਸ ਘੋਟ-ਘੋਟ ਪੀਂਦਾ ਮਰ-ਮਰਾ ਕੇ ਬੀ.ਏ. ਵਾਲੀ ਜੰਗ ਫਤਿਹ ਕਰ ਗਿਆ। ਬੀ.ਐੱਡ. ਕਰਕੇ ਸਰਕਾਰੀ ਨੌਕਰੀ ਮਿਲਣ ਦੇ ਵਕਫ਼ੇ ਦੌਰਾਨ ਪ੍ਰਾਈਵੇਟ ਸਕੂਲ 'ਚ ਬਤੌਰ ਪੰਜਾਬੀ ਅਧਿਆਪਕ ਨੌਕਰੀ ਕਰ ਲਈ। ਵਿਦਿਆਰਥੀਆਂ ਨੂੰ ਪੜ੍ਹਾਉਂਦਾ ਮੈਂ ਦਹਿਲ ਜਾਂਦਾ ਜਦੋਂ ਪੰਜਾਬੀ ਪੜ੍ਹਦੇ ਉਹ ਅਰਥ ਅੰਗਰੇਜ਼ੀ 'ਚ ਸਮਝਾਉਣ ਦੀ ਮੰਗ ਕਰਨ ਲੱਗਦੇ। ਮਾਪੇ ਅਧਿਆਪਕ ਮੀਟਿੰਗ ਹੁੰਦੀ। ਮੈਂ ਪੰਜਾਬੀ ਵਿਚ ਸ਼ਬਦਾਂ ਦੀ ਮਿਸ਼ਰੀ ਘੋਲਦਾ ਮਿੱਠਾ-ਮਿੱਠਾ ਬੋਲਦਾ। ਮਾਪੇ ਟੋਕ ਦਿੰਦੇ, "ਕੀ ਤੁਸੀਂ ਬੱਚਿਆਂ ਨਾਲ ਅੰਗਰੇਜ਼ੀ 'ਚ ਗੱਲ ਨਹੀਂ ਕਰਦੇ?" ਮਿਸ਼ਰੀ ਜ਼ਹਿਰ ਹੋ ਜਾਂਦੀ। ਮੈਂ ਸਪਸ਼ਟੀਕਰਨ ਦੇਣ ਲੱਗਦਾ, "ਮੈਂ ਪੰਜਾਬੀ ਦਾ ਅਧਿਆਪਕ ਹਾਂ। ਵਿਸ਼ੇ ਮੁਤਾਬਿਕ ਪੰਜਾਬੀ 'ਚ ਗੱਲ ਕਰਨਾ ਮੇਰਾ ਫ਼ਰਜ਼ ਬਣਦਾ ਹੈ।"

'ਫ਼ਰਜ਼...!' ਮਾਪੇ ਕਿੱਥੇ ਮੰਨਦੇ। ਅਗਲਿਆਂ ਨੇ ਅੰਗਰੇਜ਼ੀ ਮਾਧਿਅਮ ਮਹਿੰਗੇ ਪ੍ਰਾਈਵੇਟ ਸਕੂਲਾਂ 'ਚ ਜੇ ਆਪਣੇ ਕੋਰੇ ਕਾਗ਼ਜ਼ ਭੇਜੇ ਨੇ ਤਾਂ ਇਨ੍ਹਾਂ ਪੰਨਿਆਂ 'ਤੇ ਲਿਖੀ ਜਾ ਰਹੀ ਇਬਾਰਤ ਵੀ ਮਨਚਾਹੀ ਪੜ੍ਹਨਾ ਚਾਹੁਣਗੇ। ਮੇਰੀ ਪੰਜਾਬੀ ਮੇਰੀ ਸ਼ਿਕਾਇਤ ਬਣ ਕੇ ਪ੍ਰਿੰਸੀਪਲ ਕੋਲ ਜਾ ਪਹੁੰਚਦੀ। ਪ੍ਰਿੰਸੀਪਲ ਤੋਂ ਮੇਰੀ ਰੱਜ ਕੇ ਝਾੜ-ਝੰਬ ਹੁੰਦੀ। ਜ਼ਹਿਰ ਦੇ ਘੁੱਟ ਭਰਦਾ ਮੈਂ ਮਾਫ਼ੀ ਮੰਗਦਾ। ਅੱਗੇ ਤੋਂ ਅੰਗਰੇਜ਼ੀ 'ਚ ਗੱਲ ਕਰਨ ਦਾ ਵਾਅਦਾ ਕਰ ਜਾਨ ਛੁਡਾਉਂਦਾ। ਪੰਜਾਬੀ ਦਾ ਅਧਿਆਪਕ ਹੋ ਕੇ ਵੀ ਮਾਪਿਆਂ ਤੇ ਵਿਦਿਆਰਥੀਆਂ ਨਾਲ ਅੰਗਰੇਜ਼ੀ ਬੋਲਣ ਦੀ ਸ਼ਰਤ ਮੇਰੀ ਜ਼ੁਬਾਨ ਦਾ ਥਥਲਾਅ ਬਣ ਜਾਂਦੀ। ਹੁਣ ਵੀ ਕਈ ਸ਼ਬਦ ਬੋਲਦਾ ਅ...ਅ...ਅ...'ਤੇ ਅੜਿਆ ਰਹਿ ਜਾਨਾਂ।

ਮੈਂ ਪਿਤਾ ਬਣ ਕੇ ਸ਼ਿਕਾਇਤਕਰਤਾ ਮਾਪਿਆਂ ਨਾਲ ਆਪਣੀ ਤੁਲਨਾ ਕਰਨ ਲੱਗਦਾ। ਸੋਚ ਮਾਪਿਆਂ ਦੇ ਹੱਕ 'ਚ ਨਿਤਰਨ ਲੱਗਦੀ। ਮੇਰੇ ਵਾਲੀ ਹੀਣ ਭਾਵਨਾ ਤੋਂ ਕਿਧਰੇ ਮੇਰੇ ਬਾਲ ਵੀ

ਪ੍ਰਭਾਵਤ ਨਾ ਹੋ ਜਾਣ, ਸੋਚ ਕੇ ਮੈਂ ਵੀ ਤਾਂ ਦੋਵੇਂ ਬਾਲ ਕਾਨਵੈਂਟ ਸਕੂਲ 'ਚ ਪੜ੍ਹਨੇ ਪਾਏ। ਮੈਂ ਮਾਂ ਦੇ ਗੱਦਾਰ ਪੁੱਤਰ ਨੇ ਵਫ਼ਾਦਾਰ ਪਿਤਾ ਬਣਨ ਲਈ ਬਾਲਾਂ ਦਾ ਦਾਖ਼ਲਾ ਕਰਵਾਉਣ ਤੋਂ ਪਹਿਲਾਂ ਪੱਕ ਕੀਤੀ, ਕਿਧਰੇ ਸਕੂਲ 'ਚ ਪੜ੍ਹਾਉਣ ਵਾਲਾ ਸਟਾਫ਼ ਪੰਜਾਬ ਦਾ ਤਾਂ ਨਹੀਂ? ਕਿੰਨਾ ਖ਼ੁਸ਼ ਸਾਂ ਮੈਂ ਨਰਸਰੀ ਜਮਾਤ ਦਾ ਸਿਲੇਬਸ ਵੇਖਦਾ। ਸਿਰਫ਼ ਅੰਗਰੇਜ਼ੀ, ਗਣਿਤ ਤੇ ਈ.ਵੀ.ਐੱਸ. (ਐਂਨਵਾਇਰਨਮੈਂਟਲ ਸਾਇੰਸ), ਪੰਜਾਬੀ ਤਾਂ ਛੱਡੋ ਹਿੰਦੀ ਵੀ ਕਿਧਰੇ ਫਟਕਦੀ ਨਹੀਂ ਸੀ ਦਿਸੀ। ਬੱਚੇ ਮੇਰੇ ਅੰਗਰੇਜ਼ੀ 'ਚ ਗਿਣਤੀ-ਮਿਣਤੀ ਕਰਦੇ। ਮੇਰਾ ਅੰਦਰ ਖਿੜ-ਖਿੜ ਜਾਂਦਾ। ਘਰ 'ਚ ਗੱਲ ਕਰਦੇ ਭੈਣ-ਭਰਾ 'ਤੇ ਮਾਂ ਬੋਲੀ ਅਸਰ ਨਾ ਪਾਵੇ, ਮੈਂ ਬੱਚਿਆਂ ਨੂੰ ਆਪਸ ਵਿਚ ਅੰਗਰੇਜ਼ੀ ਬੋਲਣ ਦੀ ਹਿਦਾਇਤ ਕਰਦਾ। ਘਰਵਾਲੀ ਨੂੰ ਹੁਕਮ ਚੜ੍ਹਾਉਂਦਾ, "ਅੰਗਰੇਜ਼ੀ ਨਹੀਂ ਬੋਲ ਸਕਦੀ ਤਾਂ ਬੱਚਿਆਂ ਨਾਲ ਹਿੰਦੀ ਵਿਚ ਗੱਲ ਕਰ, ਵਿਚ-ਵਿਚ ਅੰਗਰੇਜ਼ੀ ਸ਼ਬਦਾਂ ਦਾ ਤੜਕਾ ਲਾਉਂਦੀ ਰਿਹਾ ਕਰ। ਕੁਝ ਹੋਰ ਨਹੀਂ ਤਾਂ 'ਥਰਸਟੀ ਕ੍ਰੋ' ਤੇ 'ਗਰਿਡੀ ਡੌਗ' ਕਹਾਣੀਆਂ ਹੀ ਬੋਲ ਕੇ ਸੁਣਾਇਆ ਕਰ।" ਉਹ ਤਿੰਨ ਭਾਸ਼ਾਵਾਂ ਦੀ ਖਿਚੜੀ ਘੋਲ਼ਦੀ।

ਬਾਪੂ ਉੱਚੀ-ਉੱਚੀ 'ਊੜੇ ਆੜੇ ਦੀ ਲੜਾਈ, ਈੜੀ ਡਾਂਗ ਲੈ ਕੇ ਆਈ...' ਬੋਲਣ ਲੱਗਦਾ। ਕੋਈ ਉਸ ਵੱਲ ਧਿਆਨ ਨਾ ਦਿੰਦਾ। ਪੇਸ਼ ਨਾ ਜਾਂਦੀ ਵੇਖ ਆਖਿਰ ਬਾਪੂ ਤਿੱਖੇ ਸ਼ਬਦ ਬਾਣ ਚਲਾਉਣ ਲੱਗਿਆ, "ਇਕ ਮੱਕੜੀ ਅਜਿਹੀ ਵੀ ਹੁੰਦੀ ਏ ਜਿਹੜੀ ਆਪ ਜਾਲ਼ਾ ਬੁਣਦੀ ਹੈ, ਪਰਿਵਾਰ ਬਣਾਉਂਦੀ ਹੈ ਤੇ ਫਿਰ ਆਪ ਹੀ ਆਪਣੇ ਪਰਿਵਾਰ ਨੂੰ ਮਾਰ ਦਿੰਦੀ ਹੈ। ਜ਼ਰੂਰੀ ਤਾਂ ਨਹੀਂ ਮੱਕੜੀਆਂ ਜੀਵ ਜੰਤੂ ਹੋਣ, ਬੰਦੇ ਵੀ ਹੋ ਸਕਦੇ ਨੇ।" ਬਾਪੂ ਦੇ ਸੜੇ-ਫੂਕੇ ਬੋਲਾਂ ਤੋਂ ਬਚਣ ਲਈ ਮੈਂ ਬਾਲਾਂ ਨੂੰ ਡੇਅ-ਬੋਰਡਿੰਗ ਸਕੂਲ 'ਚ ਦਾਖ਼ਲ ਕਰਵਾ ਦਿੱਤਾ। ਅੱਖਾਂ 'ਚ ਨੀਂਦਰ ਲੈ ਕੇ ਸਕੂਲ ਵੈਨ 'ਚ ਸਵਾਰ ਹੋਏ ਬਾਲ ਦਿਨ ਢਲੇ ਘਰ ਮੁੜਦੇ। ਮੈਨੂੰ 'ਤਾਰਿਆਂ ਦੀ ਛਾਵੇਂ ਜਾਵੀਂ ਤਾਰਿਆਂ ਦੀ ਛਾਵੇਂ ਆਵੀਂ' ਕਹਾਵਤ ਬਾਲਾਂ ਦੀ ਹਾਲਤ 'ਚ ਵਿਸਥਾਰ ਲੈਂਦੀ ਜਾਪਦੀ। ਬਾਲਾਂ ਦਾ ਹੋਰ ਬਿਹਤਰ ਭਵਿੱਖ ਵਿਚਾਰ ਕੇ ਡੇਅ-ਬੋਰਡਿੰਗ ਤੋਂ ਪੁੱਟ ਕੇ ਹੋਸਟਲ 'ਚ ਦਾਖ਼ਲ ਕਰਵਾ ਦਿੱਤੇ ਤੇ ਉਹ ਘਰ ਨਾਲੋਂ ਟੁੱਟਦੇ-ਟੁੱਟਦੇ ਪੂਰੀ ਤਰ੍ਹਾਂ ਸਕੂਲ ਦੇ ਮਾਹੌਲ ਵਿਚ ਢਲਣ ਲੱਗੇ। ਸਾਲ ਛਿਮਾਹੀ ਛੁੱਟੀਆਂ 'ਚ ਘਰ ਆਉਂਦੇ। ਆਂਢ-ਗੁਆਂਢ ਨਾਲ ਵਿਚਰਦੇ ਆਪਣੇ-ਆਪ ਨੂੰ ਅਜਨਬੀ ਮਹਿਸੂਸ ਕਰਦੇ। ਇੱਧਰ ਸਾਨੂੰ ਵੀ ਉਨ੍ਹਾਂ 'ਚੋਂ ਕਿਸੇ ਹੋਰ ਦੁਨੀਆਂ ਦੇ ਵਾਸੀ ਹੋਣ ਦਾ ਭੁਲੇਖਾ ਪੈਣ ਲੱਗਿਆ। ਬੱਚੇ ਜਮਾਤਾਂ ਚੜ੍ਹਦੇ ਜ਼ੁਬਾਨ ਤੋਂ ਹੀ ਨਹੀਂ, ਦੇਖਣ-ਚਾਖਣ ਤੋਂ ਵੀ ਵੱਖਰੇ ਸਾਂਚੇ ਵਿਚ ਢਲਣ ਲੱਗੇ।

ਸਭ ਚੰਗਾ ਚੰਗਾ ਚੱਲ ਰਿਹਾ ਸੀ ਪਰ ਉਸ ਵੇਲੇ ਨਵੀਂ ਸਮੱਸਿਆ ਉੱਠ ਖਲੋਤੀ ਜਦੋਂ ਬਾਲਾਂ ਨੇ ਪੰਜਾਬ ਦੇ ਕਾਲਿਜ 'ਚੋਂ ਡਿਗਰੀ ਕਰਨ ਦਾ ਫੈਸਲਾ ਲੈ ਲਿਆ। ਅੜਿੱਕਾ ਬਣ ਗਈ ਪੰਜਾਬੀ। ਅੰਗਰੇਜ਼ੀ ਅਤੇ ਪੰਜਾਬੀ ਲਾਜ਼ਮੀ ਵਿਸ਼ੇ ਵਿਚੋਂ ਅੰਗਰੇਜ਼ੀ ਤਾਂ ਨਿਰਸੰਕੋਚ ਫ਼ਾਰਮ ਵਿਚ ਭਰ ਦਿੱਤੀ ਗਈ, ਹੁਣ ਪੰਜਾਬੀ ਦਾ ਕੀ ਕੀਤਾ ਜਾਏ? ਰੱਬ ਭਲਾ ਕਰੇ ਯੂਨੀਵਰਸਿਟੀ ਦਾ, ਜਿਸ ਨੇ ਗ਼ੈਰ ਪੰਜਾਬੀ ਵਿਦਿਆਰਥੀਆਂ ਲਈ ਲਾਜ਼ਮੀ ਪੰਜਾਬੀ ਦੀ ਥਾਂ 'ਪੰਜਾਬ ਹਿਸਟਰੀ ਐਂਡ ਕਲਚਰ' ਵਿਸ਼ਾ ਚੁਣਨ ਦੀ ਸਹੂਲਤ ਦਿੱਤੀ ਹੈ। ਮੇਰੇ ਜੁਆਕ ਅੰਗਰੇਜ਼ੀ ਵਿਚ 'ਪੰਜਾਬ ਹਿਸਟਰੀ ਐਂਡ ਕਲਚਰ' ਪੜ੍ਹਦੇ ਪੱਛਮੀ ਮਾਡਲ 'ਚ ਢਲਣ ਲੱਗੇ। ਡਿਗਰੀ ਦੀ ਪੜ੍ਹਾਈ ਲਈ ਇੰਟਰਵਿਊ ਦਿੰਦੀ ਧੀ ਨੂੰ ਪਟਰ-ਪਟਰ ਅੰਗਰੇਜ਼ੀ 'ਚ ਜਵਾਬ ਦਿੰਦੀ ਵੇਖ ਮੇਰਾ ਗੱਚ ਭਰ ਆਇਆ। ਮੋਹ 'ਚ ਆਏ ਨੇ ਇੰਟਰਵਿਊ ਦੇ ਕੇ ਆਈ ਧੀ ਨੂੰ ਬੁੱਕਲ 'ਚ ਲੈ ਕੇ ਮੱਥਾ ਚੁੰਮਿਆ।

ਇਕ ਪਾਸੇ ਸਕੂਨ ਮਿਲਿਆ ਤਾਂ ਦੂਜੇ ਪਾਸੇ ਨਵੇਂ ਡਰ ਨੇ ਫ਼ਨ ਚੁੱਕ ਲਿਆ। ਜੇ ਇੰਝ ਹੀ ਭਵਿੱਖੀ ਪੀੜ੍ਹੀ ਪੰਜਾਬੀ ਦੀ ਥਾਂ ਪੰਜਾਬ ਹਿਸਟਰੀ ਐਂਡ ਕਲਚਰ ਵਿਸ਼ੇ ਦੀ ਚੋਣ ਕਰਦੀ ਗਈ, ਤਾਂ ਮੇਰੀ ਪੰਜਾਬੀ ਅਧਿਆਪਕ ਦੀ ਪੋਸਟ ਤਾਂ ਸਮਝੋ ਗਈ।

ਡਰ ਨਾਲ ਅਜਿਹੀ ਕੰਬਣੀ ਛਿੜੀ, ਮੈਂ ਹੱਥ 'ਚ ਫੜਿਆ ਝੰਡਾ ਉੱਚਾ ਚੁੱਕ-ਚੁੱਕ ਨਾਅਰੇ ਲਗਾਉਣ ਲੱਗਿਆ।

ਇਕ ਤੋਂ ਬਾਅਦ ਇਕ ਬੁਲਾਰਾ ਆਪਣੇ-ਆਪ ਨੂੰ ਮਾਂ ਬੋਲੀ ਦਾ ਸੱਚਾ ਸਪੂਤ ਸਾਬਤ ਕਰਨ



ਲਈ ਤਾਣ ਲਾ ਰਿਹਾ ਹੈ, "ਸਾਂਝੇ ਸੰਘਰਸ਼ ਨਾਲ ਹੀ ਜਨ-ਵਿਰੋਧੀ ਸਰਕਾਰਾਂ ਨੂੰ ਗੋਡੇ ਭਾਰ ਕੀਤਾ ਜਾ ਸਕਦਾ ਹੈ। ਪੰਜਾਬੀ ਅਧਿਆਪਕ ਯੂਨੀਅਨ ਦੇ ਸਮਰਥਨ ਨਾਲ ਜਿੱਥੇ ਸਾਡੇ ਸੰਘਰਸ਼ ਨੂੰ ਬਲ ਮਿਲੇਗਾ, ਉੱਥੇ ਇਨ੍ਹਾਂ ਵੱਲੋਂ ਪੇਸ਼ ਕੀਤਾ ਗਿਆ ਮਤਾ ਸਰਕਾਰ ਨੂੰ ਘੇਰਨ ਲਈ ਮੁੱਖ ਏਜੰਡਾ ਵੀ ਬਣੇਗਾ।" 'ਪੰਜਾਬ ਬਚਾਉ, ਪੰਜਾਬੀ ਬਚਾਉ ਸੰਘਰਸ਼ ਕਮੇਟੀ' ਆਗੂ ਪਵਿੱਤਰ ਸਿੰਘ ਨੇ ਸਾਡੇ ਆਗੂ ਮਾਸਟਰ ਨਿਰੰਤਰ ਸਿੰਘ ਦੇ ਗਲ਼ੇ 'ਚ ਕਾਗ਼ਜ਼ੀ ਫੁੱਲਾਂ ਦਾ ਹਾਰ ਪਾ ਕੇ ਸਾਡੀ ਯੂਨੀਅਨ 'ਮਾਂ ਬੋਲੀ ਬਚਾਉ ਸੰਘਰਸ਼ ਮੋਰਚਾ' ਦਾ ਸਵਾਗਤ ਕੀਤਾ ਹੈ।

ਭਾਸ਼ਣ ਕਲਾ 'ਚ ਨਿਪੁੰਨ ਨਿਰੰਤਰ ਸਿੰਘ ਸਾਹਿਤ ਨਾਲ ਅਧਿਆਪਨ ਦੇ ਕਿੱਤੇ ਵਜੋਂ ਨਹੀਂ ਬਲਕਿ ਕਾਲਮ ਨਵੀਸ ਅਤੇ ਲੇਖਕ ਵਜੋਂ ਵੀ ਜੁੜਿਆ ਹੈ। ਸਮਾਜਕ, ਰਾਜਨੀਤਕ, ਆਰਥਿਕ, ਧਾਰਮਿਕ...! ਮੁੱਦਾ ਕੋਈ ਵੀ ਹੋਵੇ, ਨਿਰੰਤਰ ਸਿੰਘ ਹਮੇਸ਼ਾ ਅਪਡੇਟ ਮਿਲਦਾ ਹੈ। ਉਸ ਨੇ ਮਾਂ ਬੋਲੀ ਪੰਜਾਬੀ ਦਾ ਦੀਵਾ ਜਗਦਾ ਰੱਖਣ ਲਈ ਘਰ-ਘਰ ਇਸ ਦੀ ਲੋਅ ਬਾਲਣ ਦਾ ਬੀੜਾ ਚੁੱਕਿਆ ਹੈ। ਮਾਂ ਬੋਲੀ, ਜਨਮ ਭੋਇੰ ਤੇ ਮਿੱਟੀ ਦੀ ਮਹਿਕ ਸੱਭਿਆਚਾਰ ਨੂੰ ਬਚਾਉਣ ਲਈ ਮਾਂ ਦਾ ਇਹ ਮਹਾਨ ਸਪੂਤ ਦਿਲ ਟੁੰਬਵਾਂ ਭਾਸ਼ਣ ਦੇ ਰਿਹਾ ਹੈ,

"ਸਾਥੀਓ ਗਲੋਬਲਾਈਜ਼ੇਸ਼ਨ ਦੇ ਦੌਰ ਵਿਚ ਜਿੱਥੇ ਵਿਸ਼ਵ ਇਕ ਪਿੰਡ 'ਚ ਤਬਦੀਲ ਹੋ ਰਿਹਾ ਹੈ, ਉੱਥੇ ਭਾਸ਼ਾਵਾਂ ਵੀ ਇਕ ਭਾਸ਼ਾ ਦੀ ਲਪੇਟ 'ਚ ਆ ਰਹੀਆਂ ਹਨ। ਅੰਗਰੇਜ਼ੀ ਵਿਸ਼ਵ ਭਾਸ਼ਾ ਬਣ ਰਹੀ ਹੈ ਤੇ ਬਾਕੀ ਭਾਸ਼ਾਵਾਂ ਅੰਗਰੇਜ਼ੀ ਦੇ ਮਲਬੇ ਹੇਠ ਬੇਹ ਹੋਣ ਦੇ ਕੰਢੇ ਹਨ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬੀ ਨੂੰ ਵੀ ਅੰਗਰੇਜ਼ੀ ਨਿਗਲ਼ ਜਾਵੇਗੀ। ਪੰਜਾਬ ਅਤੇ ਪੰਜਾਬੀਅਤ ਨੂੰ ਲੱਗਿਆ ਖੋਰਾ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਸਾਡੀ ਲੜਾਈ ਸਰਕਾਰਾਂ ਨਾਲ ਹੈ। ਜੇ ਪੰਜਾਬੀ ਨੂੰ ਬਚਾਉਣਾ ਹੈ, ਤਾਂ ਇਸ ਨੂੰ ਦਫ਼ਤਰੀ ਕੰਮ-ਕਾਜ, ਵਰਤੋਂ-ਵਿਹਾਰ ਵਿਚ ਲਾਜ਼ਮੀ ਤੌਰ 'ਤੇ ਲਾਗੂ ਕਰਵਾਇਆ ਜਾਣਾ ਜ਼ਰੂਰੀ ਹੈ। ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਪੰਜਾਬੀ ਨਾ ਪੜ੍ਹਾਉਣ ਵਾਲੇ ਸਕੂਲਾਂ ਦੀ ਮਾਨਤਾ ਰੱਦ ਕੀਤੀ ਜਾਣੀ ਚਾਹੀਦੀ ਹੈ। ਮਾਂ ਬੋਲੀ ਨੂੰ ਬਚਾਉਣ ਲਈ ਯੂਨੀਵਰਸਿਟੀਆਂ 'ਚ ਵਿਸ਼ੇਸ਼ ਖੋਜ ਕਾਰਜ ਕਰਵਾਏ ਜਾਣੇ ਚਾਹੀਦੇ ਹਨ। ਭਾਸ਼ਾਵਾਂ ਨੂੰ ਬਚਾਉਣ ਲਈ ਸਭ ਤੋਂ ਪਹਿਲਾਂ ਵਿੱਦਿਅਕ ਢਾਂਚਾ ਬਦਲਣ ਦੀ ਲੋੜ ਹੈ। ਅਫ਼ਸੋਸ...! ਇਸ ਪਾਸੇ ਸਰਕਾਰਾਂ ਦਾ ਉੱਕਾ ਧਿਆਨ ਨਹੀਂ।"

ਮਾਸਟਰ ਨਿਰੰਤਰ ਸਿੰਘ ਦੇ ਭਾਸ਼ਣ ਨੇ ਕਾਰਕੁਨਾਂ ਦੇ ਖ਼ੂਨ 'ਚ ਉਬਾਲ਼ ਲਿਆ ਦਿੱਤਾ ਹੈ। ਮੰਚ 'ਤੇ ਖੜ੍ਹੇ ਮਾਸਟਰ ਨਿਰੰਤਰ ਸਿੰਘ ਦਾ ਜਲੌਅ ਠਾਠਾਂ ਮਾਰਨ ਲੱਗਿਆ ਹੈ। ਮਾਰੇ ਵੀ ਕਿਉਂ ਨਾ, ਅਗਲਾ ਉਮਰ ਦੇ 68 ਬਦਲਦੇ ਮੌਸਮਾਂ ਦੇ ਮਿਜ਼ਾਜ ਪਰਖ ਚੁੱਕਿਐ। ਸਰਕਾਰੇ-ਦਰਬਾਰੇ ਚੰਗੀ ਪਹੁੰਚ ਰੱਖਦਾ ਹੈ। ਭਾਵੇਂ ਆਪ ਕਦੀ ਕੋਈ ਚੋਣ ਨਹੀਂ ਲੜਿਆ, ਪਰ ਸਰਕਾਰਾਂ ਦੇ ਤਖ਼ਤ ਪਲਟਣ 'ਚ ਮੁੱਖ ਭੂਮਿਕਾ ਨਿਭਾਉਂਦਾ ਆ ਰਿਹੈ। ਸਾਨੂੰ ਵੀ ਉਸ ਕੋਲੋਂ ਆਸ ਬੱਝੀ ਹੈ ਕਿ ਸਕੂਲਾਂ ਕਾਲਿਜਾਂ 'ਚੋਂ ਤੇਜ਼ੀ ਨਾਲ ਅੱਖੋਂ-ਪਰੋਖਾ ਹੁੰਦਾ ਪੰਜਾਬੀ ਵਿਸ਼ਾ ਕਿਸੇ ਤਰ੍ਹਾਂ ਆਪਣੀ ਪਕੜ ਬਣਾਈ ਰੱਖੇ। ਮਾਸਟਰ ਨਿਰੰਤਰ ਸਿੰਘ ਦੀ ਅਗਵਾਈ 'ਚ ਸਾਡੀ ਯੂਨੀਅਨ ਨੇ ਸੰਘਰਸ਼ ਨੂੰ ਚੱਲਦਾ ਰੱਖਿਆ ਹੋਇਆ ਹੈ। ਅਸੀਂ ਉਸ ਦਾ ਪਾਣੀ ਭਰਦੇ ਹਾਂ, ਪਰ ਮੇਰੇ ਬਾਪੂ ਨੂੰ ਪਤਾ ਨਹੀਂ ਕੀ ਤਕਲੀਫ਼ ਏ। ਨਾ ਮਾਸਟਰ ਨਿਰੰਤਰ ਸਿੰਘ ਉਹਦੇ ਫੁੱਟੀ ਅੱਖ ਭਾਉਂਦਾ ਹੈ ਤੇ ਨਾ ਹੀ ਮੇਰਾ ਮਾਂ ਬੋਲੀ ਲਈ ਧਰਨਿਆਂ 'ਚ ਸ਼ਾਮਲ ਹੋਣਾ। ਮੈਂ ਜਦੋਂ ਵੀ ਘਰੋਂ ਆਪਣੇ ਹੱਕ ਦੀ ਲੜਾਈ ਲੜਨ ਲਈ ਨਿਕਲਦਾ ਹਾਂ, ਉਹ ਮੈਨੂੰ ਅੱਗੋਂ ਦੀ ਹੋ ਕੇ ਟੱਕਰਦਾ ਹੈ,

"ਕਰੋੜਾਂ ਦੀਆਂ ਗਰਾਂਟਾਂ ਜਾਰੀ ਹੁੰਦੀਆਂ ਨੇ ਭਾਸ਼ਾਵਾਂ ਦੇ ਵਿਕਾਸ ਲਈ। ਕਿੱਧਰ ਜਾਂਦੀਆਂ ਨੇ? ਇਹ ਸਰਕਾਰਾਂ ਦੇ ਝੋਲੀਚੁੱਕ...।"

ਉਹ ਮੋਟੀਆਂ-ਮੋਟੀਆਂ ਗਾਲ੍ਹਾਂ ਕੱਢਦਾ ਆਗੂਆਂ ਦੀ ਕਾਰਵਾਈ ਨੂੰ ਸਵਾਲਾਂ ਦੇ ਕਟਹਿਰੇ 'ਚ ਲਿਆ ਖੜ੍ਹਾ ਕਰਦਾ ਹੈ। ਉਹ ਹਿਸਾਬ ਮੰਗਦਾ ਹੈ, ਕਿੰਨੀਆਂ ਗਰਾਂਟਾਂ ਭਾਸ਼ਾ ਅਤੇ ਸੱਭਿਆਚਾਰ ਦੇ ਵਿਕਾਸ ਲਈ ਜਾਰੀ ਹੋਈਆਂ? ਕਿੱਥੇ ਵਰਤੀਆਂ ਗਈਆਂ? ਜ਼ਮੀਨ ਨਿਗਲ਼ ਗਈ ਕਿ

ਅਸਮਾਨ ਖਾ ਗਿਆ। ਖਿੱਝਦਾ ਹੋਇਆ ਉਹ ਆਰ.ਟੀ.ਆਈ. ਫਾਰਮ ਭਰਦਾ ਮਨ ਆਈਆਂ ਬੋਲੀ ਜਾਂਦਾ ਹੈ,

"ਕਾਨੂੰਨ ਬਣਾ 'ਤਾ, ਸੂਚਨਾ ਦਾ ਅਧਿਕਾਰ। ਆਰ.ਟੀ.ਆਈ. ਲਗਾਉ। ਜਵਾਬ ਆਏਗਾ। ਸਾਡੇ ਕੋਲ਼ ਇਹ ਜਾਣਕਾਰੀ ਦੇਣ ਦਾ ਅਧਿਕਾਰ ਨਹੀਂ, ਫਲਾਣੇ ਅਧਿਕਾਰੀ ਤੇ ਵਿਭਾਗ ਕੋਲ਼ੋਂ ਸੂਚਨਾ ਮੰਗੀ ਜਾਵੇ। ਉੱਥੇ ਆਰ.ਟੀ.ਆਈ. ਲਗਾਉ ਉਹ ਅਗਲੇ ਦਾ ਪਤਾ ਘੱਲ ਦੇਣਗੇ...। ਨਾ ਕਦੋਂ ਤਕ ਗੇਂਦ ਅਗਲੇ ਦੇ ਪਾਲੇ 'ਚ ਸੁੱਟੀ ਜਾਂਦੀ ਰਹੂ, ਕਦੀ ਤਾਂ ਲੱਗੂ ਤੀਰ ਨਿਸ਼ਾਨੇ 'ਤੇ...।"

ਉਸ ਨੂੰ ਅਣਗੌਲ਼ਿਆਂ ਕਰ ਮੈਂ ਆਪਣੀ ਪੰਜਾਬੀ ਅਧਿਆਪਕ ਦੀ ਪੋਸਟ 'ਤੇ ਮੰਡਰਾ ਰਹੇ ਖ਼ਤਰੇ ਤੋਂ ਬਚਾਅ ਦੇ ਰਾਹ ਧਰਨੇ 'ਚ ਸ਼ਾਮਲ ਹੋਣ ਤੁਰ ਪੈਂਦਾ ਹਾਂ।

ਹੋਰ ਮੁੱਦਿਆਂ ਤੋਂ ਇਲਾਵਾ ਸਾਡੀਆਂ ਯੂਨੀਅਨਾਂ ਦਾ ਸਾਂਝਾ ਏਜੰਡਾ ਹੈ, ਸਾਇੰਸ ਦੀ ਉੱਚ ਵਿੱਦਿਆ, ਮੈਡੀਕਲ, ਪੰਜਾਬੀ ਭਾਸ਼ਾ ਵਿਚ ਕਰਵਾਇਆ ਜਾਣਾ। ਪੈਰਾਂ ਹੇਠੋਂ ਜ਼ਮੀਨ ਹਿੱਲ ਗਈ ਜਦੋਂ ਮੇਰੇ ਬੱਚੇ ਹੀ ਮੇਰੇ ਨਾਲ ਬਹਿਸਣ ਲੱਗ ਪਏ। ਅਖੇ, "ਚਲੋ ਮੰਨਿਆ ਪੰਜਾਬੀ ਵਿਚ ਤੁਸੀਂ ਮੈਡੀਕਲ ਦੀ ਪੜ੍ਹਾਈ ਵਿਦਿਆਰਥੀਆਂ ਨੂੰ ਕਰਵਾ ਲਵੋਂਗੇ, ਪਰ ਦੱਸੋ ਕੀ ਉਹ ਇੰਟਰਨੈਸ਼ਨਲ ਲੈਵਲ 'ਤੇ ਆਪਣੇ-ਆਪ ਨੂੰ ਸਾਬਤ ਕਰਕੇ ਸਥਾਪਤ ਕਰ ਸਕਣਗੇ? ਨਾਲੇ ਸਾਇੰਸ ਹੀ ਕਿਉਂ, ਕਾਨੂੰਨ ਦੀ ਵੀ ਆਪਣੀ ਭਾਸ਼ਾ ਹੈ, ਜਿਸ ਨੂੰ ਸਮਝਣ ਦੀ ਲੋੜ ਹੁੰਦੀ ਹੈ। ਸਵਾਲ ਮਾਧਿਅਮ ਨਹੀਂ ਤਕਨੀਕ ਹੈ।" ਉਨ੍ਹਾਂ ਦੇ ਨੁਕਤਿਆਂ 'ਚ ਮੈਂ ਪਤਾ ਨਹੀਂ ਹੋਰ ਕਿੰਨਾ ਚਿਰ ਉਲਝਿਆ ਰਹਿੰਦਾ, ਜੇ ਲੱਡੂਆਂ ਦਾ ਡੱਬਾ ਮੇਰਾ ਮੂੰਹ ਮਿੱਠਾ ਕਰਵਾਉਣ ਨਾ ਆ ਬਹੁੜਦਾ।

"ਲਉ ਮਾਸਟਰ ਜੀ ਮੂੰਹ ਮਿੱਠਾ ਕਰੋ...।"

ਡੱਬੇ ਵਿਚੋਂ ਇਕ ਲੱਡੂ ਚੁੱਕਿਆ, "ਕਿਸ ਖ਼ੁਸ਼ੀ ਵਿਚ...?" ਮੈਂ ਪੁੱਛਿਆ। ਉੱਧਰੋਂ ਪੰਜਾਬ ਤੇ ਪੰਜਾਬੀ ਬਚਾਉਣ ਲਈ ਧਰਨੇ ਦੀ ਅਗਵਾਈ ਕਰ ਰਹੇ ਪਵਿੱਤਰ ਸਿੰਘ ਨੇ ਆਸਟਰੇਲੀਆ 'ਚ ਜੰਮੇ ਪੋਤੇ ਦੀ ਖ਼ੁਸ਼ੀ 'ਚ ਬੜ੍ਹਕ ਮਾਰੀ ਤੇ ਨਾਲ ਦੇ ਨਾਲ ਮੋਬਾਈਲ 'ਚ ਆਈ ਨਵਜੰਮੇ ਪੋਤੇ ਦੀ ਫੋਟੋ ਫੇਸਬੁੱਕ 'ਤੇ ਵੀ ਪੋਸਟ ਕਰ ਦਿੱਤੀ। ਲਿਖਦਾ ਹੈ, 'ਆਹ ਵੇਖੋ ਇਸ ਨਲਾਇਕ ਦੀ ਚਲਾਕੀ ਤੇ ਹੁਸ਼ਿਆਰੀ। ਨਾ ਪਾਸਪੋਰਟ ਨਾ ਵੀਜ਼ਾ ਤੇ ਬਣ ਗਿਆ ਸਿੱਧਾ ਆਸਟਰੇਲੀਅਨ ਸਿਟੀਜ਼ਨ।" ਉਹ ਚਾਂਗਰਾਂ ਮਾਰ ਰਿਹੈ ਤੇ ਮੈਂ ਬਾਲਾਂ ਦੇ ਭਵਿੱਖ ਨੂੰ ਲੈ ਕੇ ਫਿਰ ਉਲ਼ਝ ਗਿਆ ਹਾਂ। ਕਮਾਲ ਦਾ ਢੰਗ ਏ, ਬਿਨਾਂ ਭਕਾਈ ਮਾਰੇ ਮਨਚਾਹੇ ਦੇਸ਼ ਦਾ ਵਾਸੀ ਬਣਨ ਲਈ। ਇਕ ਵੇਲ਼ਾ ਸੀ, ਮਾਪੇ ਮਜਬੂਰੀ-ਵੱਸ ਬਾਲਾਂ ਨੂੰ ਰੋਜ਼ੀ-ਰੋਟੀ ਕਮਾਉਣ ਲਈ ਬਾਹਰ ਦੇ ਮੁਲਖਾਂ 'ਚ ਘੱਲਦੇ ਸਨ। ਢਿੱਡ ਦੀ ਭੁੱਖ ਕਦੋਂ ਡਾਲਰਾਂ ਦੀ ਭੁੱਖ 'ਚ ਤਬਦੀਲ ਹੋ ਗਈ, ਪਤਾ ਹੀ ਨਹੀਂ ਲੱਗਿਆ। ਪੜ੍ਹਾਈ ਦੇ ਨਾਲ ਮਿਲਦਾ ਕੰਮ, ਬੇਰੁਜ਼ਗਾਰੀ ਦੇ ਸੰਤਾਪ ਤੋਂ ਡਰੇ ਮਾਪਿਆਂ ਲਈ ਰਾਹ ਬਣ ਗਿਆ, ਪਰ ਐਸੀ ਵੀ ਕਿਹੜੀ ਪਰਲੋਅ ਆ ਗਈ, ਜਿਹਨੂੰ ਵੇਖੋ ਉਹੀ ਬਾਹਰ ਭੱਜਣ ਨੂੰ ਕਾਹਲ਼ਾ।

ਮੇਰਾ ਚਚੇਰਾ ਭਾਈ ਦਵਿੰਦਰ ਮਲਟੀਨੈਸ਼ਨਲ ਕੰਪਨੀ 'ਚ ਇੰਜੀਨੀਅਰ। ਕਈ ਸਾਲ ਪਹਿਲਾਂ ਵੀਹ ਲੱਖ ਸਾਲਾਨਾ ਪੈਕੇਜ ਲੈਂਦਾ। ਮੈਨੂੰ ਅੰਦਰੇ-ਅੰਦਰ ਕਿਸਮਤ 'ਤੇ ਝੋਰਾ ਆਉਂਦਾ। ਸੋਚਿਆ ਕਰਾਂ, 'ਜੇ ਮੈਂ ਵੀ ਕੋਈ ਚੱਜ ਦੀ ਪੜ੍ਹਾਈ ਕੀਤੀ ਹੁੰਦੀ, ਜ਼ਿੰਦਗੀ ਦੇ ਰੰਗ ਕੁਝ ਹੋਰ ਹੁੰਦੇ।' ਕਮਾਲ ਹੈ ! ਇੰਨੀ ਸ਼ਾਨਦਾਰ ਨੌਕਰੀ। ਲੱਖਾਂ ਦਾ ਪੈਕੇਜ। ਇਸ ਦੇ ਬਾਵਜੂਦ ਦੋ ਸਾਲ ਨੌਕਰੀ ਨਹੀਂ ਕੀਤੀ। ਚੰਗੀ ਭਲੀ ਚੱਲਦੀ ਜ਼ਿੰਦਗੀ ਦੀ ਪਟੜੀ ਦਾ ਕਾਂਟਾ ਬਦਲਿਆ ਤੇ ਮਾਰ ਗਿਆ ਇੰਗਲੈਂਡ ਉਡਾਰੀ। ਅਖੇ, "*ਲਾਈਫ਼ ਇਜ਼ ਨਾਟ ਸਕਿਉਰ ਹੇਅਰ*। ਜ਼ਿੰਦਗੀ ਦੀ ਵੈਲਿਊ ਹੀ ਨਹੀਂ ਇੱਥੇ। ਮੇਰੇ ਇਕ ਦੋਸਤ ਦਾ ਲੈਪਟਾਪ ਚੋਰੀ ਹੋ ਗਿਆ। ਪੁਲਿਸ ਨੇ ਚੋਰਾਂ ਨੂੰ ਫੜਨਾ ਤਾਂ ਦੂਰ ਐੱਫ਼.ਆਈ.ਆਰ. ਤਕ ਦਰਜ ਨਹੀਂ ਕੀਤੀ। ਇਕ ਹੋਰ ਦਾ ਮੋਟਰਸਾਈਕਲ ਚੋਰੀ ਹੋ ਗਿਆ, ਉਹ ਪਰਚਾ ਦਰਜ ਕਰਾ ਕੇ ਤੌਬਾ ਕਰ ਗਿਆ। ਧੱਕੇ ਖਾਂਦੇ ਨੂੰ ਪੰਜ ਸਾਲ ਬਾਅਦ ਮੋਟਰਸਾਈਕਲ ਬਰਾਮਦ ਹੋਣ ਬਾਰੇ ਪਤਾ ਲੱਗਿਆ। ਮੋਟਰਸਾਈਕਲ ਲੈਣ ਲਈ ਜਿਹੜੀਆਂ ਘੀਸੀਆਂ ਹੋਈਆਂ, ਪੁੱਛੋ ਕੁਝ ਨਾ। ਅੰਤ ਉਹਨੇ ਮੋਟਰਸਾਈਕਲ ਵਾਪਸ ਲੈਣ ਤੋਂ ਹੀ ਤੌਬਾ ਕਰ ਲਈ। ਇਕ ਤਾਂ ਬੰਦਾ



ਰੱਬ ਵੱਲੋਂ ਮੁਸੀਬਤ ਦਾ ਮਾਰਿਆ ਹੁੰਦੈ, ਉੱਤੋਂ ਰੱਬ ਬਣੇ ਸਰਕਾਰੀ ਮਦਦਗਾਰ ਮਦਦ ਦੇ ਨਾਂ 'ਤੇ ਬੋਟੀ-ਬੋਟੀ ਨੋਚਦੇ ਅਗਲੇ ਨੂੰ ਜਿਊਣ ਜੋਗਾ ਨਹੀਂ ਛੱਡਦੇ। ਸੋ ਹੁਣ ਮੌਕਾ ਮਿਲ ਰਿਹੈ ਚੰਗੀ ਜ਼ਿੰਦਗੀ ਜਿਊਣ ਦਾ, ਫਿਰ ਪਤਾ ਨਹੀਂ ਮਿਲ਼ੇ ਨਾ ਮਿਲ਼ੇ...।"

ਉਹਦੀ ਵੀਜ਼ਾ ਫ਼ਾਈਲ ਲਗਵਾਉਣ ਮੈਂ ਨਾਲ ਗਿਆ ਸਾਂ ਦਿੱਲੀ। ਉਹ ਫਾਈਲ ਲੈ ਕੇ ਅੰਬੈਸੀ ਦੇ ਅੰਦਰ ਚਲਾ ਗਿਆ ਤੇ ਮੈਂ ਬਾਹਰ ਦਰਖ਼ਤਾਂ ਹੇਠ ਲੱਗੇ ਬੈਂਚਾਂ 'ਤੇ ਬੈਠੇ ਹੋਰ ਵੀਜ਼ਾ ਲਵਾਉਣ ਆਏ ਆਪਣੀ ਵਾਰੀ ਦੀ ਉਡੀਕ ਕਰ ਰਹੇ, ਜਾਂ ਬਾਹਰ ਜਾਣ ਲਈ ਵੀਜ਼ਾ ਲਵਾਉਣ ਆਏ ਉਮੀਦਵਾਰ ਦੇ ਨਾਲ ਮੇਰੇ ਵਾਂਗ ਆਏ ਰਿਸ਼ਤੇਦਾਰਾਂ ਨਾਲ ਗੱਲੀਂ ਲੱਗ ਗਿਆ।

"ਨਹੀਂ ਮੈਂ ਆਪਣਾ ਵੀਜ਼ਾ ਲਗਵਾਉਣ ਨਹੀਂ ਆਈ। ਮੇਰਾ ਇਕ ਹੀ ਬੇਟਾ ਹੈ। ਉਹ ਗਿਆ ਹੋਇਐ ਅੰਦਰ ਇੰਟਰਵਿਊ ਦੇਣ।" ਇਕ ਔਰਤ ਨੇ ਆਪਣੀ ਸਥਿਤੀ ਬਿਆਨ ਕੀਤੀ, ਤਾਂ ਦੂਸਰੇ ਦੀ ਸ਼ੰਕਾ ਨੇ ਪਹਿਲਾਂ ਤੋਂ ਖੜ੍ਹੇ ਮੇਰੇ ਕੰਨ ਹੋਰ ਖੜ੍ਹੇ ਕਰ ਦਿੱਤੇ।

"ਤੁਹਾਡੀ ਜ਼ਿੰਦਗੀ ਦਾ ਇਕ ਹੀ ਆਸਰਾ ਤੇ ਉਹਨੂੰ ਵੀ ਬਾਹਰ ਭੇਜ ਰਹੇ ਓ। ਕੀ ਗੱਲ?"

"ਇਕ ਹੀ ਆਸਰਾ, ਤਾਂ ਹੀ ਤੇ ਬਾਹਰ ਭੇਜ ਰਹੀ ਆਂ। ਇਹਦੇ ਪਾਪਾ ਘਰ ਤੋਂ ਦਫ਼ਤਰ ਜਾਣ ਲਈ ਨਿਕਲੇ ਮੋਟਰਸਾਈਕਲ 'ਤੇ। ਅਚਾਨਕ ਲੜਦੇ ਹੋਏ ਕੁੱਤਾ ਤੇ ਸਾਨ੍ਹ ਅੱਗੇ ਆ ਗਏ। ਮੋਟਰਸਾਈਕਲ ਤੋਂ ਡਿੱਗ ਕੇ ਮੌਕੇ 'ਤੇ ਹੀ ਉਨ੍ਹਾਂ ਦੀ ਡੈੱਥ ਹੋ ਗਈ। ਇੱਧਰ ਰੋਡ ਸੇਫਟੀ ਦਾ ਬੁਰਾ ਹਾਲ ਹੈ, ਜੋ ਕਦੀ ਸੁਧਰੇ, ਉਮੀਦ ਨਹੀਂ। ਭਾਵੇਂ ਐਕਸੀਡੈਂਟ ਕਦੀ ਵੀ, ਕਿਸੇ ਵੀ ਤਰ੍ਹਾਂ, ਕਿਧਰੇ ਵੀ ਹੋ ਸਕਦੈ, ਪਰ ਇੱਧਰ ਤਾਂ ਸੜਕਾਂ 'ਤੇ ਚੱਲਦਿਆਂ ਤ੍ਰਾਹ ਨਿਕਲ਼ਦੈ। ਮੇਰਾ ਇਕੋ ਇਕ ਆਸਰਾ ਸੁਰੱਖਿਅਤ ਜ਼ਿੰਦਗੀ ਜੀਅ ਲਵੇ, ਇਹੀ ਸੋਚ ਕੇ ਬੇਟੇ ਨੂੰ ਬਾਹਰ ਘੱਲਣ ਦਾ ਫੈਸਲਾ ਕਰ ਲਿਆ।" ਗੱਲ ਕਰਦਿਆਂ ਉਸ ਦਾ ਗੱਚ ਭਰ ਆਇਆ।

"*ਗੁੱਡ ਡਿਸੀਜ਼ਨ। ਐਕਚੁਲੀ ਕੁਆਲਟੀ ਆਫ਼ ਲਾਈਫ਼ ਇਜ਼ ਬੈਟਰ ਇਨ ਐਨੀ ਅਦਰ ਕੰਟਰੀ ਕੰਪੇਰੇਟਿਵ ਟੂ ਇੰਡੀਆ। ਆਈ.ਐਮ. ਆ ਸੀਨੀਅਰ ਡਾਕਟਰ ਇਨ ਲੁਧਿਆਣਾ। ਮਾਈ ਵਾਈਫ਼ ਇਜ਼ ਆਲਸੋ ਆ ਡਾਕਟਰ। ਸ਼ੀ ਇਜ਼ ਇਨ ਆ ਗੌਮੈਂਟ ਹਾਸਪਿਟਲ। ਮਨੀ ਡਜ਼ ਨੱਟ ਮੀਨ ਟੂ ਅੱਸ। ਬੱਟ ਆਈ ਫ਼ੀਲ ਬੈਟਰ ਸਕੋਪ ਆਫ ਲਾਈਫ਼ ਫਾਰ ਮਾਈ ਕਿਡਜ਼ ਇਨ ਇੰਗਲੈਂਡ ਐਂਡ ਆਈ.ਐਮ. ਗੋਇੰਗ ਟੂ ਮੂਵ ਦੇਅਰ ਵਿਦ ਮਾਈ ਫੈਮਿਲੀ।*"(ਵਧੀਆ ਫੈਸਲਾ। ਅਸਲ ਵਿਚ ਇੱਥੇ ਨਾਲ਼ੋਂ ਹੋਰ ਦੇਸ਼ਾਂ ਵਿਚ ਜ਼ਿੰਦਗੀ ਜਿਊਣਾ ਕਿਧਰੇ ਵਧੀਆ ਹੈ। ਮੈਂ ਲੁਧਿਆਣਾ ਵਿਚ ਸੀਨੀਅਰ ਡਾਕਟਰ ਹਾਂ, ਪਤਨੀ ਵੀ ਡਾਕਟਰ ਹੈ। ਉਹ ਸਰਕਾਰੀ ਹਸਪਤਾਲ 'ਚ ਲੱਗੀ ਹੋਈ ਹੈ। ਪੈਸੇ ਦੀ ਕੋਈ ਘਾਟ ਨਹੀਂ, ਇਸ ਦੇ ਬਾਵਜੂਦ ਮੈਨੂੰ ਆਪਣੇ ਬੱਚਿਆਂ ਲਈ ਇੰਗਲੈਂਡ 'ਚ ਵਧੇਰੇ ਚੰਗੀ ਜ਼ਿੰਦਗੀ ਦੀ ਸੰਭਾਵਨਾ ਦਿਖਾਈ ਦਿੰਦੀ ਹੈ। ਸੋ ਇੱਥੇ ਚੰਗੀ ਭਲੀ ਚੱਲਦੀ ਪ੍ਰੈਕਟਿਸ ਛੱਡ ਕੇ ਪਰਿਵਾਰ ਸਮੇਤ ਇੰਗਲੈਂਡ ਸੈਟਲ ਹੋਣ ਜਾ ਰਿਹਾ ਹਾਂ।)

"ਦਹਿਲੀਜ਼ੋਂ ਪੈਰ ਬਾਹਰ ਕੱਢਦਿਆਂ ਜਾਨ ਮੁੱਠੀ 'ਚ। ਧੀਆਂ-ਭੈਣਾਂ ਦਾ ਤਾਂ ਅਸਲੋਂ ਜਿਊਣਾ ਔਖਾ। ਸਾਡੇ ਪਿੰਡੋਂ ਦੋ ਕੁੜੀਆਂ ਗਈਆਂ ਕੈਨੇਡਾ। ਦੱਸਦੀਆਂ, ਮਜਾਲ ਕੋਈ ਉੱਚੀ ਨੀਵੀਂ ਗੱਲ ਹੋ 'ਜੇ। ਰਾਤ-ਬਰਾਤੇ, ਜਦੋਂ ਮਰਜ਼ੀ, ਜਿੱਥੇ ਮਰਜ਼ੀ ਤੁਰੇ ਫਿਰੋ, ਭੋਰਾ ਡਰ ਨਹੀਂ। ਕਾਨੂੰਨ ਬਾਹਲ਼ੇ ਸਖ਼ਤ। ਮਿੰਟੋ-ਮਿੰਟੀ ਪੁਲਿਸ ਪਹੁੰਚ ਜਾਂਦੀ ਏ, ਤੇ ਆਪਣੇ ਇੱਥੇ, ਚੋਰ-ਸਿਪਾਹੀ ਭਾਈ-ਭਾਈ। ਊਂਅ ਵੀ ਆਂਹਦੇ ਆ ਕੈਨੇਡਾ ਤਾਂ ਹੁਣ ਪੰਜਾਬ ਈ ਬਣਿਆ ਪਿਐ। ਬਸ ਇੱਥੋਂ ਪੁੱਟ ਕੇ ਉੱਥੇ ਬੂਟਾ ਲਾਉਣੈ...।" ਉਹ ਤਾੜੀ ਮਾਰ ਕੇ ਹੱਸੀ।

"ਤੁਸੀਂ ਵੀ ਜਾ ਰਹੇ ਓ ਇੰਗਲੈਂਡ?" ਸਾਧਾਰਨ ਪੇਂਡੂ ਕੁੜੀ ਦੀ ਗੱਲਬਾਤ ਨੇ ਮੇਰਾ ਧਿਆਨ ਖਿੱਚਿਆ।

"*ਯੈੱਸ। ਸ਼ੀ ਇਜ਼ ਅਵਰ ਸਰਵੈਂਟ।*" (ਹਾਂ। ਇਹ ਸਾਡੀ ਨੌਕਰਾਣੀ ਹੈ।) ਕੁੜੀ ਨੂੰ ਕੀਤੇ ਸਵਾਲ ਦੇ ਜਵਾਬ ਵਿਚ ਡਾਕਟਰ ਬੋਲਿਆ।

"ਵੇਖੋ ਬਾਈ ਜੀ, ਇਕ ਗੱਲ ਏ। ਉੱਧਰ ਕੀਤੀ ਮਿਹਨਤ ਦਾ ਮੁੱਲ ਪੂਰਾ ਮੁੜਦੈ। ਬਾਕੀ

ਚੰਗਿਆਈ ਬੁਰਾਈ ਤਾਂ ਹਰ ਥਾਂ ਏ। ਇਹ ਤਾਂ ਆਪਣੀ ਮੱਤ 'ਤੇ ਨਿਰਭਰ ਕਰਦੈ ਕਿਹੜੇ ਰਾਹ ਚੱਲਣੈ...।" ਇਕ ਬਜ਼ੁਰਗ ਨੇ ਗੱਲ ਛੇੜੀ ਸੀ ਕਿ ਇੰਨੇ ਨੂੰ ਦੋ ਜੁਆਕ ਕਰਤਬ ਦਿਖਾਉਣ ਲੱਗੇ ਤੇ ਸਾਡਾ ਧਿਆਨ ਉਨ੍ਹਾਂ ਵੱਲ ਲੱਗ ਗਿਆ। ਇਕ ਦੇ ਗਲ਼ੇ 'ਚ ਢੋਲਕੀ ਤੇ ਦੂਸਰੇ ਦੇ ਹੱਥ ਵਿਚ ਗੋਲ ਲੋਹੇ ਦੀ ਰਿੰਗ। ਮੁੰਡਾ ਢੋਲਕੀ 'ਤੇ ਤੀਲੀ ਖੜਕਾਉਣ ਲੱਗਿਆ ਤੇ ਕੁੜੀ ਰਬੜ ਵਾਂਗ ਸਰੀਰ ਨੂੰ ਮੋੜਦੀ ਕਰਤਬ ਦਿਖਾਉਣ ਲੱਗੀ। ਦੋ ਕੁ ਮਿੰਟ ਤਮਾਸ਼ਾ ਦਿਖਾ ਕੇ ਦੋਵੇਂ ਹੱਥ ਫੈਲਾਉਂਦੇ ਸਾਡੇ ਵੱਲ ਹੋ ਗਏ। ਉਨ੍ਹਾਂ ਦੀ ਕਾਰਵਾਈ ਜਾਰੀ ਸੀ ਕਿ ਇਕ ਔਰਤ ਢਾਕ ਨਾਲ ਨੰਗ-ਧੜੰਗ ਬਾਲ ਲਗਾਈ ਢਿੱਡ ਦੀ ਦੁਹਾਈ ਪਾਉਂਦੀ ਪੈਸੇ ਮੰਗਣ ਆ ਗਈ।

"ਬੰਦਾ ਜਿਹਨੂੰ ਸਾਂਭ-ਪਾਲ ਨਹੀਂ ਸਕਦਾ, ਉਹਨੂੰ ਪੈਦਾ ਕਰਨ ਦੀ ਕੀ ਲੋੜ? ਕੰਮ-ਕਾਰ ਕਰਨਾ ਨਹੀਂ ਤੇ ਢਿੱਡ 'ਤੇ ਹੱਥ ਫੇਰਦੇ ਹੋ ਜਾਣਗੇ ਸਿਰ 'ਤੇ ਸਵਾਰ।" ਲੰਮੇ ਸਮੇਂ ਤੋਂ ਚੁੱਪ ਬੈਠਾ ਇਕ ਨੌਜਵਾਨ ਬੋਲਿਆ।

"ਬਾਊ ਜੀ, ਤੁਸੀਂ ਕੀ ਸਮਝਦੇ ਓ ਪੈਸੇ ਦਾ ਘਾਟਾ ਇਨ੍ਹਾਂ ਨੂੰ? ਏ ਲੜਕੀ। ਸੌ ਰੁਪਏ ਕਾ ਛੁੱਟਾ ਤੋ ਦੋ।" ਚਾਹ ਵਾਲੀ ਕੇਤਲੀ ਜ਼ਮੀਨ 'ਤੇ ਰੱਖਦਿਆਂ ਚਾਹ ਵੇਚਣ ਆਏ ਵਿਅਕਤੀ ਨੇ ਕੁੜੀ ਨੂੰ ਆਵਾਜ਼ ਮਾਰੀ।

"ਅਭੀ ਬੋ੍ਹਨੀ ਨਹੀਂ ਹੁਆ। ਕਾਮ ਸੁਰੂ ਹੁਆ ਨਹੀਂ ਔਰ ਇਸ ਕੋ ਛੁੱਟੇ ਕੀ ਪੜ ਜਾਤੀ ਹੈ।" ਬੋਲਦੀ ਕੁੜੀ ਢੋਲਕੀ ਦੀ ਥਾਪ 'ਤੇ ਥੋੜ੍ਹੀ ਦੂਰੀ 'ਤੇ ਬੈਠੇ ਲੋਕਾਂ ਦੇ ਝੁੰਡ ਨੂੰ ਤਮਾਸ਼ਾ ਦਿਖਾਉਣ ਰੁੱਝ ਗਈ।

"ਬਾਹਰ ਜਾਣਾ ਕਿਹੜਾ ਸੌਖੈ। ਇਹ ਵੀ ਪੈਸੇ ਵਾਲਿਆਂ ਦੀ ਖੇਡ ਏ, ਪਰ...।" ਬਜ਼ੁਰਗ ਦੀ ਗੱਲ ਜਾਰੀ ਸੀ ਕਿ ਫ਼ਾਈਲ ਚੈੱਕ ਕਰਵਾ ਕੇ ਮੇਰਾ ਚਚੇਰਾ ਭਾਈ ਦਵਿੰਦਰ ਬਾਹਰ ਆ ਗਿਆ। ਕੰਨ ਪਿੱਛੇ ਲਾਈ ਮੈਂ ਦਵਿੰਦਰ ਦੇ ਮਗਰ ਤੁਰ ਪਿਆ। ਕਾਰ 'ਤੇ ਸਵਾਰ ਹੋ ਅਸੀਂ ਘਰ ਦੀ ਰਾਹ ਫੜ ਲਈ। ਸਟੇਰਿੰਗ 'ਤੇ ਉਂਗਲ਼ਾਂ ਨਚਾਉਂਦਾ ਦਵਿੰਦਰ ਇੱਧਰ ਨੌਕਰੀ ਤੋਂ ਅਸਤੀਫ਼ਾ ਦੇਣ ਦੀ ਬਜਾਏ ਛੁੱਟੀ ਲੈ ਕੇ ਜਾਣ ਤੇ ਫਿਰ ਗ਼ੈਰ-ਹਾਜ਼ਰ ਹੋ ਕੇ ਉੱਧਰ ਹੀ ਸੈਟਲ ਹੋਣ ਦੀਆਂ ਤਜਵੀਜ਼ਾਂ ਸਾਂਝੀਆਂ ਕਰਨ ਲੱਗਿਆ। ਇੱਧਰ ਮੇਰੇ ਸਿਰ 'ਤੇ ਫਿਰ ਬਾਪੂ ਸਵਾਰ ਹੋ ਗਿਆ।

ਅਖ਼ਬਾਰ ਪੜ੍ਹਦਾ ਬਾਪੂ ਬੋਲੀ ਜਾਂਦਾ, "ਬਈ ਜਿਹੜੇ ਇੰਨੀ-ਇੰਨੀ ਦੇਰ ਦੇ ਨੌਕਰੀ ਤੋਂ ਗ਼ੈਰ-ਹਾਜ਼ਰ ਹੋ ਕੇ ਭਗੌੜੇ ਹੋ ਗਏ, ਉਨ੍ਹਾਂ ਨੂੰ ਨੌਕਰੀਉਂ ਚੱਲਦਾ ਕਿਉਂ ਨਹੀਂ ਕਰਦੇ? ਨੌਕਰੀ 'ਤੇ ਹਾਜ਼ਰ ਕਰਵਾਉਣ ਦਾ ਆਖਰੀ ਮੌਕਾ ਦਿੱਤੇ ਜਾਣ ਦੇ ਨੋਟਿਸ ਦੇਣ ਦੀ ਬਜਾਏ ਗ਼ੈਰਹਾਜ਼ਰਾਂ ਨੂੰ ਤਾਂ ਪਹਿਲਾਂ ਲਈਆਂ ਤਨਖਾਹਾਂ ਵੀ ਸਮੇਤ ਵਿਆਜ ਸਰਕਾਰੀ ਖਾਤੇ 'ਚ ਜਮ੍ਹਾ ਕਰਵਾਉਣ ਦੇ ਹੁਕਮ ਸੁਣਾਏ ਜਾਣੇ ਚਾਹੀਦੇ ਆ। ਨੌਕਰੀ ਉਨ੍ਹਾਂ ਨੂੰ ਦਿਉ ਜਿਨ੍ਹਾਂ ਨੂੰ ਨੌਕਰੀ ਦੀ ਲੋੜ ਹੋਵੇ ਤੇ ਕਦਰ ਵੀ। ਜਿਨ੍ਹਾਂ ਨੂੰ ਸੱਤ ਸਮੁੰਦਰ ਪਾਰ ਰਾਸ ਆ ਗਏ, ਉਨ੍ਹਾਂ ਇੱਥੇ ਆ ਕੇ ਕੀ ਕਰਨੈ। ਭਲਾ ਗੰਗਾ ਗਈਆਂ ਹੱਡੀਆਂ ਵੀ ਮੁੜੀਆਂ ਕਦੀ?"

'ਬਾਪੂ ਸਿਹਾਂ ਤੇਰਾ ਜ਼ਮਾਨਾ ਬੀਤ ਗਿਆ। ਜੇ ਬੰਦਾ ਘਰ 'ਚ ਸੌਖਾ ਹੋਵੇ ਤਾਂ ਬਾਹਰ ਝਾਕਣ ਦੀ ਲੋੜ ਹੀ ਕਿਉਂ ਪਵੇ?' ਸਹੀ ਕਹਿੰਦਾ ਸੀ ਆਪਣੇ ਪੁੱਤਰ ਦਾ ਵੀਜ਼ਾ ਲਵਾਉਣ ਆਇਆ ਬਜ਼ੁਰਗ, "ਡਿਗਰੀਆਂ ਦਾ ਭਾਰ ਵਧ ਗਿਆ ਤੇ ਕੀਮਤ ਘਟ ਗਈ। ਮਿਹਨਤ ਵਧ ਗਈ ਤੇ ਮਿਹਨਤ ਦਾ ਮੁੱਲ ਪੈਂਦਾ ਨਹੀਂ ਦਿਸਦਾ। ਹੁਣ ਆਹ ਜਿਹੜੇ ਇੰਜੀਨੀਅਰਿੰਗ, ਡਾਕਟਰੀ ਵਰਗੀ ਪੜ੍ਹਾਈ ਕਰ ਕੇ ਧਰਨੇ ਲਾਉਂਦੇ ਫਿਰਦੇ ਆ, ਇਨ੍ਹਾਂ ਨੂੰ ਕਿਹੜਾ ਅੰਗਰੇਜ਼ੀ ਨਹੀਂ ਆਉਂਦੀ, ਫਿਰ ਵੀ ਬਾਹਰ ਭੱਜਣ ਨੂੰ ਕਾਹਲੇ। ਮੁੰਡਾ ਮੇਰਾ ਅੰਗਰੇਜ਼ੀ ਵਿਚ ਐੱਮ.ਏ., ਪੀਐੱਚ.ਡੀ., ਨੈੱਟ ਪਾਸ ਤੇ ਸਰਕਾਰੀ ਨੌਕਰੀ ਦੇ ਨਾਂ 'ਤੇ ਰਹਿ ਗਈ ਪਾਣੀ ਦੀ ਟੈਂਕੀ 'ਤੇ ਲਲਕਾਰਦੀ ਮੌਤ ਦੀ ਧਮਕੀ। ਮਾਪੇ ਵਿਚਾਰੇ ਕੀ ਕਰਨ? ਨਾ ਕੋਈ ਆਪਣੀਆਂ ਅੱਖਾਂ ਦੇ ਤਾਰਿਆਂ ਨੂੰ ਅੱਖੋਂ ਓਹਲੇ ਕਰਨਾ ਚਾਹੁੰਦੇ ਤੇ ਨਾ ਹਰ ਕਿਸੇ ਦੀ ਗੁੰਜੈਸ਼ ਆ ਬਾਹਰ ਘੱਲਣ ਦੀ। ਸਰਕਾਰਾਂ ਰੁਜ਼ਗਾਰ ਦੇ ਮੌਕੇ ਨਹੀਂ ਦਿੰਦੀਆਂ ਤੇ ਪ੍ਰਾਈਵੇਟ ਵਾਲੇ ਊਠ ਦੇ ਮੂੰਹ'ਚ ਜੀਰਾ ਪਾਉਂਦੇ ਮਜਬੂਰੀ ਦੀਆਂ ਰਗਾਂ ਨਿਚੋੜ ਲੈਂਦੇ ਆ। ਪੜ੍ਹ ਲਿਖ ਕੇ ਜੇ



ਦਿਹਾੜੀ ਮਜ਼ਦੂਰੀ ਹੀ ਕਰਨੀ ਆ, ਤਾਂ ਉੱਥੇ ਕਿਉਂ ਨਾ ਕੀਤੀ ਜਾਵੇ, ਜਿੱਥੇ ਮਿਹਨਤ ਦਾ ਮੁੱਲ ਵੀ ਮਿਲੇ ਤੇ ਦੁਨੀਆਂਦਾਰੀ 'ਚ ਮਾਪਿਆਂ ਦਾ ਨੱਕ ਵੀ ਰਹਿ ਜੇ...।" ਮੈਂ ਬਾਪੂ ਦੇ ਬੋਲਾਂ ਤੇ ਤਾਜ਼ਾ ਸੁਣੀ ਗੁਫ਼ਤਗੂ ਦੀ ਮਨ ਹੀ ਮਨ ਤੁਲਨਾ ਕਰਦਾ ਆਪਣੇ ਬੱਚਿਆਂ ਦਾ ਸੁਰੱਖਿਅਤ ਭਵਿੱਖ ਤਲਾਸ਼ਣ ਲੱਗਿਆ। ਆਪਣੇ ਪੁੱਤਰ ਦਾ ਵੀਜ਼ਾ ਲਵਾਉਣ ਆਇਆ ਬਜ਼ੁਰਗ ਮੈਨੂੰ ਮੇਰਾ ਤੇ ਮੇਰੇ ਵਰਗੇ ਮਾਪਿਆਂ ਦੀ ਫ਼ਿਕਰ ਦਾ ਪੱਖ ਪੂਰਦਾ ਜਾਪਣ ਲੱਗਿਆ।

'ਬਾਲਾਂ ਨੂੰ ਕਿਹੜੇ ਮੁਲਕ ਭੇਜਿਆ ਜਾਵੇ...? ਕੈਨੇਡਾ, ਅਮਰੀਕਾ, ਇੰਗਲੈਂਡ, ਨਿਊਜ਼ੀਲੈਂਡ, ਦੁਬਈ ਜਾਂ ਫਿਰ ਯੂਰੋਪੀਅਨ ਦੇਸ਼...! ਕਿੱਥੇ ਸਭ ਤੋਂ ਵਧੀਆ ਜ਼ਿੰਦਗੀ ਜਿਉਣ ਦੇ ਨਾਲ ਸੌਖਿਆਂ ਪੈਸਾ ਵੀ ਕਮਾਇਆ ਜਾ ਸਕਦੈ?' ਮੇਰੀਆਂ ਅੱਖਾਂ ਦੀਆਂ ਪੁਤਲੀਆਂ 'ਤੇ ਡਾਲਰ, ਪੌਂਡ, ਯੂਰੋ, ਦਿਰ੍ਹਮ ਨੱਚਣ ਲੱਗੇ ਤੇ ਵਾਛਾਂ ਆਪ-ਮੁਹਾਰੇ ਖਿੜਨ ਲੱਗੀਆਂ। ਘਰ ਪਰਤ ਕੇ ਮੈਂ ਬਾਪੂ ਕੋਲ ਦਿਲ ਦੀ ਗੰਢ ਕੀ ਖੋਲ੍ਹ ਬੈਠਾ, ਉਹ ਤਾਂ ਖੁਰ ਚੁੱਕ ਕੇ ਮੇਰੇ ਮਗਰ ਪੈ ਗਿਆ। ਬਾਪੂ ਨੂੰ ਸਮਝਾਉਣ ਲਈ ਮੈਂ ਤਾਜ਼ਾ ਸੁਣੀ ਤਕਰੀਰ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗਿਆ,

"ਵੇਖ ਬਾਪੂ, ਮੇਰਾ ਕਿਹੜਾ ਜੀਅ ਕਰਦੈ ਬਾਲਾਂ ਨੂੰ ਬੇਗਾਨੇ ਮੁਲਖ ਘੱਲਣ ਨੂੰ। ਮਰਦਾ ਕੀ ਨਾ ਕਰਦਾ। ਇੱਥੇ ਸਾਰਾ ਮਹੀਨਾ ਖਪਦੇ ਮਰ ਜਾਉ। ਫਿਰ ਪਤਾ ਨਹੀਂ ਹੁੰਦਾ ਚਾਲੂ ਮਹੀਨੇ ਦੀ ਤਨਖਾਹ ਵੇਲੇ ਸਿਰ ਖਾਤੇ ਆਉਣੀ ਵੀ ਏ ਕਿ ਨਹੀਂ, ਜਾਂ ਕਿੰਨੇ ਮਹੀਨੇ ਉਡੀਕਦਿਆਂ ਰਾਸ਼ਨ ਵਾਲੇ ਕੋਲੋਂ ਉਧਾਰ ਮੰਗਦਿਆਂ ਅੱਖਾਂ ਚੁਰਾਉਣੀਆਂ ਪੈਣੀਐਂ, ਤੇ ਆਹ ਤਿੰਨ ਕਿੱਲੇ ਪੈਲੀ ਕਿਹੜੇ ਲੱਲੜ ਲਾ ਦੂ। ਔਖੇ-ਸੌਖੇ ਹੋ ਕੇ, ਆਪਾਂ ਦੋਵੇਂ ਨਹੀਂ ਤਾਂ ਇਕ ਬਾਲ ਨੂੰ ਬਾਹਰ ਘੱਲ ਦੇਈਏ। ਵੇਖੀਂ ਘਰ ਦਾ ਮੂੰਹ ਧੋਤਾ ਜਾਊ।"

"ਕੀਹਦਾ ਮੂੰਹ ਧੋਤਾ ਜਾਊ ਮਾਸਟਰ ਜੀ...।" ਮੇਰੇ ਨਾਲ ਬੈਠੇ ਸਾਥੀ ਨੇ ਮੋਢਾ ਹਲੂਣਿਆ। ਪਤਾ ਲੱਗਿਆ ਸੋਚਾਂ ਦੇ ਵਹਿਣ 'ਚ ਬੇਥਵ੍ਹੀਆਂ ਮਾਰੀ ਜਾਂਦਾ ਸਾਂ। ਇੱਧਰ-ਉੱਧਰ ਗਰਦਨ ਘੁਮਾਉਂਦਾ ਮੈਂ ਸਿੱਧਾ ਹੋ ਬੈਠਾ। ਸੋਚਾਂ ਤੋਂ ਖਹਿੜਾ ਛੁਡਾਉਣ ਲਈ ਧਿਆਨ ਭਾਸ਼ਣ ਵੱਲ ਲਗਾਇਆ। ਮਾਸਟਰ ਨਿਰੰਤਰ ਸਿੰਘ ਬੋਲ ਰਿਹਾ ਹੈ,

"ਆਪਣੀ ਭਾਸ਼ਾ ਤੇ ਸੱਭਿਆਚਾਰ ਨੂੰ ਬਚਾਉਣ ਲਈ ਅਸੀਂ ਜਾਨ ਦੀ ਬਾਜ਼ੀ ਲਾ ਦਿਆਂਗੇ। ਅੱਜ ਤੋਂ ਹੀ ਵਾਰੀ ਸਿਰ ਪੰਜ-ਪੰਜ ਸਾਥੀ ਭੁੱਖ ਹੜਤਾਲ 'ਤੇ ਬੈਠਣਗੇ ਤੇ ਮੈਂ ਉਦੋਂ ਤਕ ਭੁੱਖ ਹੜਤਾਲ 'ਤੇ ਰਹਾਂਗਾ ਜਦੋਂ ਤਕ ਧਰਨਾ ਜਾਰੀ ਰਹੇਗਾ।"

ਉਸ ਦੀ ਲੀਡਰਾਂ ਵਾਲੀ ਭਰਮਾਊ ਭਾਸ਼ਾ ਸੁਣ ਮੈਂ ਉਸ ਦੀ ਭਗਤੀ ਭਾਵਨਾ ਦਾ ਲੇਖਾ-ਜੋਖਾ ਕਰਨ ਲੱਗਿਆ।

'ਮਾਸਟਰ ਨਿਰੰਤਰ ਸਿੰਘ...। ਪੰਜਾਬ ਤੇ ਪੰਜਾਬੀਅਤ ਦਾ ਸੁੱਚ ਪੁੱਤਰ। ਇਕ ਪੁੱਤਰ ਇਹਦਾ ਤੇ ਇਕ ਧੀ। ਬਾਲਾਂ ਬਾਰੇ ਗੱਲ ਕਰੇਗਾ, ਰੰਗ-ਢੰਗ ਹੀ ਬਦਲ ਜਾਂਦੇ ਨੇ ਬਾਪ ਦੇ। ਅਖੇ, "ਇਕ ਧੀ ਏ। ਨਰਸਿੰਗ ਕਰਵਾਈ ਤੇ ਵੇਲ਼ੇ ਸਿਰ ਆਈਲਟਸ ਕਰਵਾ ਕੇ ਕੈਨੇਡਾ ਘੱਲ 'ਤਾ। ਸੁੱਖ ਨਾਲ ਹੁਣ ਤਾਂ ਉੱਧਰ ਪੱਕੀ ਹੋ ਗਈ। ਇੱਧਰ ਕੌਣ ਪੁੱਛਦੈ ਨਰਸਾਂ ਨੂੰ ਤੇ ਕਿੰਨੀ ਕੁ ਇੱਜ਼ਤ ਦਿੰਨੇ ਆਂ ਅਸੀਂ ਇਨ੍ਹਾਂ ਨੂੰ। ਇੱਧਰੋਂ ਪੱਕੀ ਪੀ.ਆਰ. 'ਤੇ ਜਾਣ ਲਈ ਮੁੰਡਿਆਂ ਵਾਲਿਆਂ ਦੀਆਂ ਰਿਸ਼ਤੇ ਲੈ ਕੇ ਮੇਰੇ ਮਗਰ ਲਾਈਨਾਂ ਲੱਗੀਆਂ ਹੋਈਆਂ ਨੇ। ਮੁੰਡਾ ਮੇਰਾ ਜਰਮਨੀ ਪੱਕਾ ਏ। ਜਰਮਨ ਕੁੜੀ ਨਾਲ ਵਿਆਹ ਕਰਵਾਇਆ। ਇੱਧਰ ਦੀਆਂ ਕੁੜੀਆਂ ਤਾਂ ਪਤਾ ਨਹੀਂ ਸੱਸ-ਸਹੁਰੇ ਦਾ ਮਾਣ ਕਰਨ ਨਾ ਕਰਨ, ਪਰ ਮੇਰੀ ਜਰਮਨ ਨੂੰਹ...! ਸਾਨੂੰ ਹੱਥੀਂ ਛਾਵਾਂ ਕਰਦੀ ਨਹੀਂ ਥੱਕਦੀ। ਸੁੱਖ ਨਾਲ ਹੁਣ ਤਾਂ ਦੋ ਪੋਤੀਆਂ ਹੋ 'ਗੀਆਂ ਮੇਰੀਆਂ। ਹੂ-ਬ-ਹੂ ਮਾਂ 'ਤੇ ਗਈਐਂ। ਨਿਰੇ ਰੂੰ ਦੇ ਗਲੋਟੇ। ਸਾਡਾ ਦੋਹਾਂ ਜੀਆਂ ਦਾ ਇਕ ਪੈਰ ਧੀ ਕੋਲ ਹੁੰਦੈ ਕੈਨੇਡਾ ਤੇ ਦੂਜਾ ਪੁੱਤਰ ਕੋਲ ਜਰਮਨੀ। ਊਂ ਵੇਖਿਆ ਜਾਵੇ ਤਾਂ ਇੱਧਰ ਰੱਖਿਆ ਵੀ ਕੀ ਏ?"

ਇਸ ਦੀ 'ਇੱਧਰ ਰੱਖਿਆ ਵੀ ਕੀ ਏ' 'ਤੇ ਅਕਸਰ ਸਾਡਾ ਪੀ.ਟੀ. ਮਾਸਟਰ ਦਰਸ਼ਨ ਸਿੰਘ ਕੌੜ ਖਾ ਜਾਂਦਾ। ਮੂੰਹ 'ਤੇ ਤਾਂ ਚੁੱਪ ਵੱਟੀ ਰੱਖਦਾ, ਪਰ ਅੱਗੇ-ਪਿੱਛੇ ਹੁੰਦੇ ਹੀ ਅੰਦਰ ਦਾ ਗੁਬਾਰ ਫੁੱਟ

ਪੈਂਦਾ, "ਸੌਖਾ ਏ ਸਾਲਾ, ਤਾਹੀਉਂ ਗੱਲਾਂ ਆਉਂਦੀਐਂ। ਸਾਨੂੰ ਪੁੱਛ ਵੇਖੋ। ਇਕ ਭੈਣ ਮੇਰੀ ਆਸਟਰੇਲੀਅਨ ਮੁੰਡੇ ਨਾਲ ਵਿਆਹੀ। ਜੋ ਮੰਗਿਆ ਸਹੁਰੀ ਦੇ ਸਹੁਰਿਆਂ ਨੇ, ਦਿੰਦਿਆਂ ਅਸੀਂ ਘਰ ਮੂਧਾ ਕਰ 'ਤਾ। ਇਕੋ ਆਸ! ਸਾਰਾ ਦਿੱਤਾ ਮੁੜ ਪਊ। ਪਹਿਲਾਂ ਭੈਣ ਮੈਟਰੀਮੋਨੀਅਲ ਆਧਾਰ 'ਤੇ ਉੱਧਰ ਪੱਕੀ ਹੋਊ ਤੇ ਫਿਰ ਇਕ-ਇਕ ਕਰ ਕੇ ਅਸੀਂ ਵੀ ਸਾਰੇ ਜੀਅ ਸਪੌਂਸਰਸ਼ਿਪ 'ਤੇ ਉੱਧਰ ਪਹੁੰਚ ਕੇ ਪੱਕੇ ਹੋ ਜਾਵਾਂਗੇ। ਛੇਤੀ ਹੀ ਭੈਣ ਮੇਰੀ ਨੂੰ ਵੀ ਉੱਧਰ ਲੈ ਜਾਣ ਦਾ ਧਰਵਾਸਾ ਦੇ ਕੇ ਜਵਾਈ ਸਾਡਾ ਜਹਾਜ਼ ਚੜ੍ਹ ਗਿਆ। ਉਹਦੇ ਜਾਣ ਮਗਰੋਂ ਪਤਾ ਲੱਗਿਆ ਬਈ ਭੈਣ ਪੇਟ ਤੋਂ ਏ। ਸੱਸ ਨੇ ਪਹਿਲਾ ਜਣੇਪਾ ਪੇਕਿਆਂ 'ਤੇ ਹੋਣ ਦੀ ਰੀਤ ਦੱਸ ਕੇ ਭੈਣ ਨੂੰ ਸਾਡੇ ਕੋਲ ਘੱਲ 'ਤਾ। ਪ੍ਰਾਹੁਣੇ ਦਾ ਪਹਿਲਾਂ-ਪਹਿਲ ਨਿੱਤ ਫ਼ੋਨ ਆਇਆ ਕਰੇ। ਘੰਟਿਆਂ ਬੱਧੀ ਅਸੀਂ ਐਵੇਂ ਇੱਧਰ-ਉੱਧਰ ਦੀਆਂ ਮਾਰੀ ਜਾਣੀਆਂ। ਫਿਰ ਇਕਦਮ ਹੀ ਫ਼ੋਨ ਆਉਣਾ ਬੰਦ ਹੋ ਗਿਆ। ਭੈਣ ਦੇ ਮੁੰਡਾ ਹੋਇਆ। ਪ੍ਰਾਹੁਣਾ ਤਾਂ ਕੀ ਉਹਦੇ ਸਹੁਰੇ ਘਰੋਂ ਵੀ ਕੋਈ ਨਾ ਬਹੁੜਿਆ। ਸਾਨੂੰ ਸਮਝ ਨਾ ਆਵੇ ਬਈ ਸਾਡੇ ਕੋਲੋਂ ਐਸੀ ਕਿਹੜੀ ਖ਼ਤਾ ਹੋ ਗਈ। ਫਿਰ ਕਿਸੇ ਜਾਣਕਾਰ ਕੋਲੋਂ ਭਿਣਕ ਪਈ ਬਈ ਸਾਡੇ ਪ੍ਰਾਹੁਣੇ ਨੇ ਉੱਧਰ ਆਸਟਰੇਲੀਅਨ ਪੀ.ਆਰ. ਕੁੜੀ ਨਾਲ ਵਿਆਹ ਕਰਵਾ ਲਿਐ ਤੇ ਉੱਧਰ ਵੀ ਉਹ ਬਾਪ ਬਣਨ ਵਾਲਾ ਏ। ਭਾਣਜਾ ਮੇਰਾ ਇਕ-ਇਕ ਸਾਹ ਗਿਣਦਿਆਂ ਛੇਆਂ ਸਾਲਾਂ ਦਾ ਹੋ ਗਿਐ। ਸੋਚਿਆ ਕੀ ਤੇ ਹੋਇਆ ਕੀ...! ਥਾਣੇ, ਕਚਹਿਰੀਆਂ ਭੌਂਕ ਮਰੇ ਆਂ। ਕਿਧਰੇ ਕੋਈ ਸੁਣਵਾਈ ਨਹੀਂ। ਜਿਸ ਨੂੰ ਸੂਲ ਚੁੱਭਦੀ ਏ ਭਰਾਵੋ ਪੀੜ ਵੀ ਉਸੇ ਨੂੰ ਝੱਲਣੀ ਪੈਂਦੀ ਏ।"

ਵਿਦੇਸ਼ੀ ਲਾੜਿਆਂ ਦੀਆਂ ਸਤਾਈਆਂ ਪੰਜਾਬੀ ਧੀਆਂ ਦੀ ਯੂਨੀਅਨ ਨੇ ਸਰਕਾਰ ਕੋਲੋਂ ਮਦਦ ਦੀ ਮੰਗ ਕਰਦਿਆਂ ਇਸ ਧਰਨੇ ਨੂੰ ਪੀ.ਟੀ. ਮਾਸਟਰ ਦਰਸ਼ਨ ਸਿੰਘ ਦੀ ਅਗਵਾਈ 'ਚ ਸਮਰਥਨ ਦਿੱਤਾ ਹੈ। ਗਿਣਤੀ ਕਰਨੀ ਔਖੀ। ਇੰਝ ਲੱਗਦੈ ਜਿਵੇਂ ਸਾਰੀਆਂ ਪੰਜਾਬਣਾਂ ਐੱਨ.ਆਰ.ਆਈ. ਲਾੜਿਆਂ ਨੇ ਕੋਹ ਕੇ ਅਧਵਾਟੇ ਛੱਡ ਦਿੱਤੀਆਂ ਹੋਣ।

"*ਇਟਸ ਆ ਪਲਾਨਡ ਰੇਪ...*" (ਇਹ ਯੋਜਨਾਬੱਧ ਬਲਾਤਕਾਰ ਹੈ...) ਮੰਚ ਤੋਂ ਵਿਦੇਸ਼ੀ ਲਾੜਿਆਂ ਦੀਆਂ ਸਤਾਈਆਂ ਪੰਜਾਬਣਾਂ ਦੇ ਹੱਕ 'ਚ ਮਾਸਟਰ ਦਰਸ਼ਨ ਸਿੰਘ ਬੋਲ ਰਿਹਾ ਹੈ। ਇੱਧਰ ਭੀੜ 'ਚੋਂ ਘੁਸਰ-ਮੁਸਰ ਹੋਈ ਹੈ।

"*ਪਲਾਨਡ ਰੇਪ* ਕਿਉਂ? *ਪਲਾਨਡ ਪਰੌਸਟੀਚਿਊਸ਼ਨ* (ਬਦਕਾਰੀ) ਕਿਉਂ ਨਹੀਂ? ਬਾਹਰ ਜਾਣ ਲਈ ਲੋਕੀਂ ਧੀਆਂ-ਭੈਣਾਂ ਕੀ, ਮਾਂਵਾਂ ਨੂੰ ਕਿਸੇ ਦੇ ਲੜ ਲਾ ਆਪਣਾ ਜੁੱਲੀ-ਬਿਸਤਰਾ ਬੰਨ੍ਹਣ ਦੀਆਂ ਸਕੀਮਾਂ ਘੜਦੇ ਫਿਰਦੇ ਆ। ਨਾ ਹੁਣ ਸਰਕਾਰਾਂ ਕੀ ਕਰਨ। ਜਿਵੇਂ ਸਰਕਾਰਾਂ ਨੇ ਰਿਸ਼ਤਾ ਕਰਵਾਉਣ ਬਦਲੇ ਸੋਨੇ ਦੇ ਕੜੇ ਮੁੰਦਰੀਆਂ ਪੁਆਏ ਹੋਣ। ਯੱਭ ਆਪ ਸਹੇੜੇ ਤੇ ਸਿਆਪੇ ਸਰਕਾਰਾਂ ਦੇ।"

ਉਸ ਦੇ ਜਵਾਬ 'ਚ ਦੂਸਰਾ ਬੋਲਿਆ ਹੈ, "ਸਰਕਾਰਾਂ ਦੇ ਸਿਆਪੇ ਨਾ ਕਰੀਏ ਤਾਂ ਆਰਤੀ ਉਤਾਰੀਏ। ਨੀਤੀਆਂ ਘੜਨ ਵਾਲੇ ਜੇ ਸਹੀ ਨੀਤੀਆਂ ਬਣਾਉਣ ਤਾਂ ਲੋਕਾਂ ਨੂੰ ਲੋੜ ਹੀ ਕਿਉਂ ਪਵੇ ਬਾਹਰ ਮੂੰਹ ਚੁੱਕਣ ਦੀ।" ਉਨ੍ਹਾਂ ਦੇ ਤਲਖ ਹੁੰਦੇ ਡੰਗਾਂ 'ਚੋਂ ਮੈਂ ਧੀਆਂ ਦੀ ਚੋਭ ਫਰੋਲਣ ਲੱਗਿਆ ਹਾਂ।

"ਜਿਸ ਦੀ ਸੁਣੋ ਸਭ ਦੀ ਵੱਖਰੀ ਕਹਾਣੀ। ਕਿਸੇ ਨੂੰ ਉੱਧਰ ਲਿਜਾ ਕੇ ਘਰਵਾਲੇ ਨੇ ਠੋਕਰਾਂ ਲਈ ਛੱਡ ਦਿੱਤਾ। ਕੋਈ ਪੋਤਿਆਂ-ਦੋਹਤਿਆਂ ਵਾਲੀਆਂ ਹੋ ਗਈਆਂ ਤੇ ਘਰਵਾਲੇ ਦਾ ਅਤਾ-ਪਤਾ ਨਹੀਂ। ਕਿਸੇ ਨੂੰ ਹੰਝੂਆਂ ਨਾਲ ਮਹਿੰਦੀ ਧੋਣ ਲਈ ਸੁਪਨਿਆਂ ਦੇ ਸੁਦਾਗਰ ਇੱਧਰ ਛੱਡ ਗਏ। ਨਾ ਸੁਹਾਗਣਾਂ, ਨਾ ਵਿਧਵਾ, ਨਾ ਛੁੱਟੜਾਂ। ਕੁੱਛੜ ਬਾਲ ਚੁੱਕੀ ਫਿਰਦੀਆਂ ਸੱਚੀਂ ਸਾਰੀਆਂ ਕੁਆਰੀਆਂ ਮਾਂਵਾਂ...! ਫਿਰ ਇਹ *ਸਿੰਗਲ ਮਦਰ* ਕਿਉਂ ਨਹੀਂ?" ਮੈਂ ਫਿਰ ਉਲਝ ਗਿਆ।

"ਇਕ ਵਾਰੀ ਕੁੜੀ ਮੁੜ ਆਵੇ, ਆਉਂਦੀ ਦੇ ਹੱਥ ਪੀਲੇ ਕਰ ਦੇਣੇ ਆ।" ਬਿਲਕੁਲ ਕੰਨ ਦੇ ਨਾਲ ਲੱਗੇ ਬੋਲ ਸੁਣ ਮੈਂ ਤ੍ਰਭਕਿਆ।

ਸਾਡੇ ਸਕੂਲ ਦੀ ਸਫ਼ਾਈ ਸੇਵਿਕਾ ਸੀਤਾ ਆਪਣੇ ਢਿੱਡ ਤੋਂ ਝੱਗਾ ਚੁੱਕਦੀ ਰੋਂਦੀ ਲੋਟ ਨਾ



ਆਉਂਦੀ। ਇਹ ਵੀ ਕਰਮਾਂ ਮਾਰੀ ਇਸ ਧਰਨੇ ਵਿਚ ਆਪਣੇ ਜਿਹੀਆਂ ਹੋਰ ਪੀੜਤਾਂ ਨਾਲ ਸਰਕਾਰ ਕੋਲੋਂ ਮਦਦ ਮਿਲਣ ਦੀ ਆਸ ਲੈ ਕੇ ਸ਼ਾਮਲ ਹੋਈ ਹੈ। ਸੀਤਾ ਨੇ ਕਿਸੇ ਏਜੰਟ ਦੇ ਹੱਥੇ ਚੜ੍ਹ ਕੇ ਧੀ ਦੇ ਹੱਥ ਪੀਲੇ ਕਰਨ ਲਈ ਜੋੜਿਆ ਤਿਲ-ਫੁੱਲ ਫੂਕ ਕੇ ਧੀ ਨੂੰ ਮਿਹਨਤ ਮਜ਼ਦੂਰੀ ਕਰਨ ਲਈ ਆਪਣੇ ਵੱਲੋਂ ਨਿਊਜ਼ੀਲੈਂਡ ਘੱਲਿਆ ਸੀ। ਕੁਝ ਚਿਰ ਬਾਅਦ ਭੇਤ ਖੁੱਲ੍ਹਿਆ ਉਸ ਦੀ ਧੀ ਨਿਊਜ਼ੀਲੈਂਡ ਨਹੀਂ ਦੁਬਈ ਦੇ ਕਿਸੇ ਖਲੀਫੇ ਕੋਲ ਵੇਚ ਦਿੱਤੀ ਗਈ ਹੈ। ਉੱਥੇ ਉਸ ਦਾ ਪਾਸਪੋਰਟ ਜ਼ਬਤ ਕਰਕੇ ਉਸ ਤੋਂ ਚੌਵੀ ਘੰਟੇ ਪੁੱਠਾ-ਸਿੱਧਾ ਕੰਮ ਲਿਆ ਜਾਂਦੈ।

ਸੀਤਾ ਜਿਹੀਆਂ ਕਿੰਨੀਆਂ ਹੀ ਹੋਰ ਦੁਖਿਆਰਨਾਂ ਇੱਥੇ ਹਾਜ਼ਰ ਹਨ, ਜਿਨ੍ਹਾਂ ਅੱਖਾਂ 'ਚ ਰੰਗਲੇ ਸੁਪਨੇ ਬੀਜ ਕੇ ਧੀਆਂ-ਪੁੱਤਾਂ ਨੂੰ ਏਜੰਟਾਂ ਦੇ ਭਰੋਸੇ ਅੱਖੋਂ ਉਹਲੇ ਕੀਤਾ। ਜਦੋਂ ਪਤਾ ਲੱਗਿਆ ਉਹ ਤਾਂ ਠੱਗੇ ਜਾ ਚੁੱਕੇ ਹਨ, ਰਹਿ ਗਏ ਖਾਰਿਆਂ ਨਾਲ ਮੂੰਹ ਧੋਣ ਲਈ। ਕਈਆਂ ਨੂੰ ਤਾਂ ਇਹ ਵੀ ਨਹੀਂ ਪਤਾ, ਧੀਆਂ-ਪੁੱਤ ਕਿੱਥੇ ਤੇ ਕਿਸ ਹਾਲ ਹਨ। ਜਿਉਂਦੇ ਵੀ ਆ ਕਿ ਮਰ ਗਏ।

"ਵੇਖੋ ਮਾਸਟਰ ਜੀ, ਬਿਜ਼ਨਸ ਕਰਵਾਉਣ ਦੀ ਆਪਣੀ ਗੁੰਜਾਇਸ਼ ਹੈ ਨ੍ਹੀਂ ਤੇ ਨੌਕਰੀਆਂ ਵੱਲੋਂ ਸਰਕਾਰਾਂ ਖੋਖਲੀਆਂ। ਐਵੇਂ ਲਾਰੇ-ਲੱਪਿਆਂ ਤੇ ਡਾਂਸੇਬਾਜ਼ੀ 'ਚ ਉਲਝਣ ਨਾਲੋਂ ਵਧੀਆ, ਟਾਇਮ ਨਾਲ ਬਾਰ੍ਹਵੀਂ ਕਰਵਾਉ ਤੇ ਚੱਲੋ ਪੁੱਤਰੋ ਲੱਗੋ ਟਿਕਾਣੇ। ਪੜ੍ਹ-ਪੜ੍ਹ ਕੜ੍ਹ ਗਏ ਨੌਜਵਾਨ ਤੇ ਰਹਿ ਗਏ ਨਸ਼ਿਆਂ ਜੋਗੇ ਜਾਂ ਫਿਰ ਸੜਕਾਂ 'ਤੇ ਰੁਲਣ ਤੇ ਟੈਂਕੀਆਂ 'ਤੇ ਚੜ੍ਹ ਆਤਮਦਾਹ ਕਰਨ ਲਈ। ਇਨ੍ਹਾਂ ਸਰਕਾਰਾਂ ਦੇ ਭਰੋਸੇ ਤਾਂ ਲਾਰੇ-ਲੱਪਿਆਂ ਤੋਂ ਵੱਧ ਮਿਲਦਾ ਕੁਝ ਦਿੱਸਦਾ ਨਹੀਂ। ਇੰਝ ਲੱਗਦੈ ਜਿਵੇਂ ਵਾਵਰੋਲੇ 'ਚ ਉੱਡਦੇ ਕੱਖ-ਕਾਨੇ ਬਣ ਕੇ ਜਿੱਧਰ ਬਵੰਡਰ ਉਡਾਈ ਲਿਜਾਂਦੈ ਉੱਡੀ ਜਾਨੇ ਆਂ, ਤੇ ਜਿਹੜਾ ਕੱਖ-ਕਾਨਾ ਜਿਸ ਭੌਂਇੰ 'ਤੇ ਡਿੱਗ ਪਿਆ ਉੱਥੇ ਹੀ ਟਿਕਾਣਾ ਕਰ ਲਿਆ। ਭਤੀਜੀ ਮੇਰੀ ਨੂੰ ਮੇਰੇ ਮਗਰ ਲੱਗ ਕੇ ਭਰਾ ਮੇਰੇ ਨੇ ਬਾਰ੍ਹਵੀਂ ਤੋਂ ਬਾਅਦ ਈ.ਟੀ.ਟੀ. ਕਰਵਾ ਦਿੱਤੀ। ਪੜ੍ਹਾਈ 'ਚ ਹੁਸ਼ਿਆਰ ਕੁੜੀ ਸਾਡੀ ਪਹਿਲੀ ਵਾਰੀ 'ਚ 'ਟੈੱਟ'(ਟੀਚਰਜ਼ ਐਲਿਜੀਬਿਲਟੀ ਟੈੱਸਟ) ਪਾਸ ਕਰ ਗਈ। ਚਾਅ 'ਚ ਉੱਡੀ ਫਿਰੇ ਬਈ ਹੁਣ ਨੌਕਰੀ ਲੱਗੀ ਕਿ ਲੱਗੀ, ਪਰ ਕਿੱਥੇ। ਤਿੰਨ ਸਾਲ ਧਰਨੇ, ਮੁਜ਼ਾਹਰੇ ਤੇ ਮੰਗ ਪੱਤਰ...। ਨੌਕਰੀ ਦੀ ਆਸ ਬੱਝਦੀ ਨਾ ਦਿਸੀ ਤਾਂ ਕੰਪਿਊਟਰ ਕੋਰਸ ਕਰ ਡਾਟਾ ਐਂਟਰੀ ਅਪਰੇਟਰ ਦੀ ਕੱਚੀ ਨੌਕਰੀ ਲੱਗ ਗਈ। ਦਿਨ ਭਰ ਦੀ ਟਿੱਕ-ਟਿੱਕ ਕਰਕੇ ਲੱਕ ਦੂਹਰਾ ਹੋ ਜਾਂਦਾ ਤੇ ਮਿਲਦਾ ਝੁੰਗੇ 'ਚੋਂ ਛੇ ਹਜ਼ਾਰ ਰੁਪਈਆ ਮਹੀਨਾ ਤਨਖ਼ਾਹ। ਹਾਰ ਕੇ ਆਪੇ ਹੀ ਦੁਬਈ ਦੀ ਕਿਸੇ ਕੰਪਨੀ ਲਈ ਆਨਲਾਇਨ ਫਾਰਮ ਭਰ ਦਿੱਤੇ। ਦੋ ਸਾਲ ਹੋ ਗਏ ਉੱਧਰ ਗਈ ਨੂੰ। ਆਵਦਾ ਖਰਚਾ-ਪਾਣੀ ਕੱਢ ਕੇ ਸੁੱਖ ਨਾਲ ਹਰ ਮਹੀਨੇ ਮਾਪਿਆਂ ਨੂੰ ਸੱਤਰ-ਅੱਸੀ ਹਜ਼ਾਰ ਰੁਪਈਏ ਘੱਲੀ ਜਾਂਦੀ ਏ। ਅਸੀਂ ਕੌਣ ਹੁਨੇ ਆਂ ਬਾਲਾਂ ਦੇ ਖੰਭ ਕੁਤਰ ਕੇ ਉਨ੍ਹਾਂ ਦੀ ਤਰੱਕੀ ਦੇ ਰਾਹ 'ਚ ਬੇੜੀਆਂ ਬੰਨ੍ਹਣ ਵਾਲੇ? ਐਵੇਂ ਡਿਗਰੀਆਂ ਦੀਆਂ ਪੰਡਾਂ ਬੰਨ੍ਹਣ ਨਾਲੋਂ ਮੈਂ ਤਾਂ ਆਪ ਕੁੜੀ ਨੂੰ ਕੰਪਿਊਟਰ ਕੋਰਸ ਵਾਲੇ ਪਾਸੇ ਲਾਉਣ ਦਾ ਸੋਚੀ ਬੈਠਾਂ...।" ਬੇਰੁਜ਼ਗਾਰ ਨੌਜਵਾਨ ਸਭਾ ਦੀ ਹਿਮਾਇਤ 'ਚ ਧੀਆਂ-ਪੁੱਤਰਾਂ ਦੇ ਹੱਕ 'ਚ ਧਰਨੇ ਵਿਚ ਸ਼ਾਮਿਲ ਮਾਪਿਆਂ ਦੀ ਗੱਲਬਾਤ ਵੱਲ ਲੱਗੇ ਕੰਨ ਦਿਲ ਨੂੰ ਡੋਬੂ ਪਾਉਣ ਲੱਗੇ ਤੇ ਮੈਂ ਫਿਰ ਆਪਣੇ ਬੱਚਿਆਂ ਦੇ ਭਵਿੱਖ ਦੀ ਚਿੰਤਾ 'ਚ ਉਲਝ ਗਿਆ।

'ਵਾਕਿਆ ਹੀ ਜਿੰਨੇ ਨੂੰ ਇੱਧਰ ਡਿਗਰੀ ਪੂਰੀ ਕਰ ਕੇ ਕੰਮ-ਧੰਦੇ ਲੱਗਣ ਬਾਰੇ ਸੋਚਣ ਲੱਗਣੈ ਉਨੇ ਨੂੰ ਉੱਧਰ ਪੀ.ਆਰ. ਦੀ ਫਾਈਲ ਓ.ਕੇ. ਹੋ ਜਾਣੀ ਸੀ, ਪਰ ਬਾਪੂ ਮੰਨੇ ਤਾਂ ਨਾ...। ਅਖੇ, "ਜਿਹਨੂੰ ਵੇਖੋ ਬਾਹਰ ਦੀ ਅੱਗ...। ਸਾਕ-ਸਕੀਰੀਆਂ ਭੁੱਲ, ਸ਼ਰਮ-ਹਯਾ ਛਿੱਕੇ ਟੰਗੀ ਆ। ਭੈਣ ਲਈ ਵਿਦੇਸ਼ੀ ਵਰ ਨਾ ਮਿਲਿਆ, ਤਾਂ ਨੂੰਹ ਨੇ ਭੈਣ ਨੂੰ ਸਹੁਰੇ ਨਾਲ ਲਾਵਾਂ ਦੁਆ ਦਿੱਤੀਆਂ। ਅਖੇ, ਰੋਂਦੀ ਕਿਉਂ ਏਂ ਥਾਲ਼ੀ 'ਚ ਕੁਝ ਨਹੀਂ। ਬੁੱਢੇ ਦੀ ਜਾਇਦਾਦ ਵੇਖ ਭੈਣ ਨੂੰਹ ਦੀ ਸੱਸ ਬਣ ਕੇ ਹੁਕਮ ਚਲਾਉਣ ਲੱਗੀ, ਤੇ ਸਹੁਰਾ ਧੌਲ਼ੀ ਦਾੜ੍ਹੀ ਨੂੰ ਬਸਮਾ ਲਾਉਂਦਾ ਡੰਡ ਪੇਲਦਾ ਫਿਰੇ। ਸਾਲ ਪਿਆ ਨਹੀਂ ਭੈਣ ਨੇ ਸਹੁਰੇ ਦਾ ਪੁੱਤ ਜੰਮ 'ਤਾ। ਹੁਣ ਨੂੰਹ ਨੂੰ ਰਿਸ਼ਤਾ ਸਮਝ ਨਾ ਆਵੇ ਬਈ ਸੱਸ ਨੇ ਸ਼ਰੀਕ ਜੰਮਿਐ ਕਿ ਭੈਣ ਨੇ ਭਣੇਵਾਂ। ਮਾਵਾਂ ਨੇ ਧੀਆਂ ਨੂੰ ਚਾਚਿਆਂ-ਮਾਮਿਆਂ ਨਾਲ ਕੀ,

ਭਰਾ-ਭਤੀਜਿਆਂ ਨਾਲ ਫੇਰੇ ਦੇ ਕੇ ਤੋਰਨ ਤੋਂ ਗੁਰੇਜ ਨਾ ਕੀਤਾ। ਇੱਧਰ ਡੱਕਾ ਤੋੜ ਕੇ ਦੂਹਰਾ ਨਹੀਂ ਕਰਨਾ ਤੇ ਉੱਧਰ ਟੱਟੀਆਂ ਹੂੰਝੀ ਜਾਣਗੇ...।"

'ਗੱਲ ਤਾਂ ਤੇਰੀ ਸੋਲ਼ਾਂ ਆਨੇ ਸਹੀ ਆ ਬਾਪੂ ਸਿੰਹਾਂ, ਪਰ ਇੱਧਰ ਢਾਈ-ਤਿੰਨ ਕਿੱਲੇ ਪੈਲ਼ੀ 'ਚ ਬਣੂੰ ਕੀ? ਮੇਰੀ ਪੰਜਾਬੀ ਮਾਸਟਰ ਦੀ ਨੌਕਰੀ ਕੀ ਸੰਵਾਰ ਲਊ ਲਾਣੇ ਦਾ। ਚਲੋ ਸਾਇੰਸ, ਮੈਥ ਜਾਂ ਅੰਗਰੇਜ਼ੀ ਅਧਿਆਪਕ ਹੁੰਦਾ ਤਾਂ ਟਿਊਸ਼ਨਾਂ ਪੜ੍ਹਾ ਲੈਂਦਾ। ਹੁਣ ਪੰਜਾਬੀ ਮਾਸਟਰ ਦੀ ਸੁੱਕੀ ਤਨਖਾਹ...। ਨਹੀਂ, ਨਹੀਂ ਬਾਪੂ ਤਾਂ ਐਵੇਂ ਯੱਕੜਾਂ ਮਾਰਦੈ...। ਨਰਸਿੰਗ, ਨੈਨੀ, ਫਿਟਰ, ਵੈਲਡਰ...ਕਿੰਨੇ ਕੋਰਸ ਨੇ। ਚੰਗਾ ਹੁੰਦਾ ਜੇ ਬਾਰ੍ਹਵੀਂ ਕਰਦਿਆਂ ਕਿਸੇ ਕੋਰਸ ਨਾਲ ਆਈਲੈਟਸ ਕਰਵਾ ਕੇ ਬਾਲਾਂ ਨੂੰ ਬਾਹਰ ਘੱਲ ਦਿੰਦਾ। ਡੁੱਲ੍ਹੇ ਬੇਰਾਂ ਦਾ ਹਾਲੇ ਵੀ ਨਹੀਂ ਵਿਗੜਿਆ ਕੁਝ। ਡਿਗਰੀ ਹੋ 'ਜੇ ਪੂਰੀ ਮੁੰਡੇ ਦੀ। ਉਨੇ ਨੂੰ ਆਹ ਪੈਲ਼ੀ ਵਾਲਾ ਫਾਹਾ ਵੱਢ ਦੇਣੈ। ਮੈਂ ਤਾਂ ਆਪ ਨਹੀਂ ਰਹਿਣਾ ਇੱਧਰ। ਮਿੱਟੀ ਨਾਲ਼ ਮਿੱਟੀ ਹੋ ਕੇ ਕੀਤੀ ਬਿਜਾਈ ਦਾ ਖਰਚਾ ਮੁੜੇ ਨਾ ਮੁੜੇ, ਚੱਤੋ ਪਹਿਰ ਮੂੰਹ ਉਤਾਂਹ ਚੁੱਕ ਕੇ ਜੋਦੜੀਆਂ ਕਰਦੇ ਰਹੋ। ਜੇ ਇਹਨੂੰ ਵੇਚ ਦਿਆਂ ਤਾਂ ਮੁੰਡਾ ਸਟੱਡੀ ਵੀਜ਼ਾ 'ਤੇ ਬਾਹਰ ਘੱਲ ਦਿਆਂ। ਉਹਦੀ ਪੀ.ਆਰ. ਹੋ ਜਾਵੇ ਤੇ ਨਾਲ਼ੋ-ਨਾਲ਼ ਬਾਕੀ ਟੱਬਰ ਦੇ ਬਾਹਰ ਪੱਕਾ ਹੋਣ ਦਾ ਰਾਹ ਖੁੱਲ੍ਹ ਜਾਊ। ਨੌਕਰੀ ਦਾ ਆਸਰਾ ਵੀ ਉਦੋਂ ਤਕ ਈ ਏ ਜਦੋਂ ਤਕ ਨੌਕਰੀ ਰਹੂ। ਪੈਨਸ਼ਨ ਵਾਲ਼ਾ ਤਾਂ ਊਂ ਸਰਕਾਰ ਨੇ ਫਾਹਾ ਵੱਢ 'ਤਾ। ਕੰਮ ਆਪਣਾ ਹੋਵੇ ਤਾਂ ਕਾਹਦਾ ਫਿਕਰ-ਫਾਕਾ। ਆਪਾਂ ਕਿਹੜਾ ਕਬੂਤਰ ਬਣ ਉਡਾਰੀ ਮਾਰਨੀ ਏਂ?' ਸੋਚਾਂ ਦੇ ਬਵੰਡਰ 'ਚ ਘਿਰਿਆ ਮਨ ਕਬੂਤਰਬਾਜ਼ੀ 'ਚ ਉਲ਼ਝ ਗਿਆ।

'ਕਬੂਤਰਬਾਜ਼ੀ।' ਪਹਿਲਾਂ ਤਾਂ ਮੈਨੂੰ ਸਮਝ ਨਹੀਂ ਸੀ ਆਉਂਦੀ। ਭਲਾ ਆਹ ਕਿਹੜਾ ਧੰਦਾ ਹੋਇਆ...! ਜਿਹੜਾ ਬਾਹਰ ਦੀ ਹਵਾ ਬਣ ਕੇ ਸਾਡੇ ਨੌਜਵਾਨਾਂ ਦੇ ਸਿਰਾਂ ਨੂੰ ਚੜ੍ਹ ਗਿਐ ਤੇ ਉਹ ਗਾਇਕਾਂ, ਕਲਾਕਾਰਾਂ ਦੇ ਚੇਲੇ ਬਣਨ ਲਈ ਤਬਲੇ ਕੁੱਟਣ ਲੱਗੇ ਆ। ਬਾਪੂ ਮਣ-ਮਣ ਪੱਕੇ ਦੀਆਂ ਗਾਲ੍ਹਾਂ ਕੱਢਦਾ ਬੋਲੀ ਜਾਂਦਾ, "ਆਹ ਵੇਖੋ ਵੱਡੇ ਕਲਾ ਦੇ ਉਪਾਸ਼ਕ ਤੇ ਇਨ੍ਹਾਂ ਦੇ ਮਗਰ ਲੱਗਣ ਵਾਲੇ...। ਪਤਾ ਨਹੀਂ ਕੈਸੀ ਡਾਲਰ ਬੂਟੀ ਏ ਜਿਸ ਦੀ ਸੁਗੰਧ ਨੇ ਸਾਨੂੰ ਆਪਣੀ ਮਿੱਟੀ ਦੀ ਮਹਿਕ ਤੋਂ ਅਲਰਜੀ ਕਰਵਾ 'ਤੀ।" ਮੈਨੂੰ ਗੁੱਸਾ ਨਹੀਂ ਸੱਚੀਂ ਹਾਸਾ ਆਉਂਦਾ ਬਾਪੂ ਦੀਆਂ ਅਣਭੋਲ ਯੱਭਲੀਆਂ 'ਤੇ।

'ਅਲਰਜੀ ਕਾਹਦੀ ਬਾਪੂ ਸਿੰਹਾਂ। ਪਾਣੀ ਉਚਾਣ ਤੋਂ ਨਿਵਾਣ ਵੱਲ ਵਹਿੰਦਾ ਏ, ਪਰ ਪੈਸੇ ਦੇ ਮਾਮਲੇ 'ਚ ਇਹ ਸਿਧਾਂਤ ਲਾਗੂ ਨਹੀਂ ਹੁੰਦਾ। ਇਤਿਹਾਸ ਗਵਾਹ ਏ, ਜਿੱਧਰ ਬੰਦੇ ਨੂੰ ਬਿਹਤਰ ਭਵਿੱਖ ਦਿਸਿਆ, ਉਧਰ ਨੂੰ ਤੁਰ ਪਿਆ। ਸਿੰਧੂ ਨਦੀ ਨੇ ਮੁਹਾੜ ਮੋੜਿਆ। ਲੋਕਾਂ ਨੇ ਜਿੱਥੇ ਜੀਵਨ ਦੀ ਉਮੀਦ ਦਿਸੀ, ਉੱਧਰ ਪਲਾਇਨ ਕਰ ਲਿਆ।' ਸੋਚ ਕੇ ਤ੍ਰਾਹ ਨਿਕਲ ਗਿਆ।

'ਕੀ ਅਸੀਂ ਆਪਣੀ ਜਨਮ ਭੋਂਇ ਤੋਂ ਪਲਾਇਨ ਕਰ ਰਹੇ ਹਾਂ? ਕੀ ਸੱਚਮੁੱਚ ਸਾਡੀ ਸੱਭਿਅਤਾ ਥੇਹ ਹੋਣ ਕੰਢੇ ਜਾ ਪਹੁੰਚੀ ਹੈ?'

ਇਤਿਹਾਸ ਮਾਸਟਰ ਰਾਜਿੰਦਰ ਮੋਹਨ ਕਈ ਵਾਰ ਮੈਨੂੰ ਬਾਪੂ ਦਾ ਪੱਖ ਪੂਰਦਾ ਲੱਗਦਾ। ਤਕਰੀਰ ਕਰਦਾ ਉਹ ਤਰਕ ਦਿੰਦਾ, "ਅਸੀਂ ਹਾਜ਼ਰ ਹਾਂ ਵਿਸ਼ਵ ਬਜ਼ਾਰ ਵਿਚ ਵਿਕਣ ਲਈ, ਗਹਿਣੇ ਪੈਣ ਲਈ। ਇਕ ਵੇਲ਼ਾ ਸੀ ਵਿਦੇਸ਼ੀ ਸ਼ਕਤੀਆਂ ਦੇ ਸਾਡੇ ਦੇਸ਼ ਦੀ ਅਮੀਰੀ ਵੇਖ ਆਨੇ ਪਾਟੇ ਦੇ ਪਾਟੇ ਰਹਿ ਗਏ। ਉਨ੍ਹਾਂ ਬੜੀ ਤਿਕੜਮ ਨਾਲ ਸਾਨੂੰ ਹੌਲ਼ੀ-ਹੌਲ਼ੀ ਗ਼ੁਲਾਮ ਬਣਾਇਆ। ਮੁਹੰਮਦ ਗੌਰੀ, ਮਹਿਮੂਦ ਗ਼ਜ਼ਨਵੀ, ਅਹਿਮਦ ਸ਼ਾਹ ਅਬਦਾਲੀ ਨੇ ਲੁੱਟਿਆ। ਮੁਗ਼ਲਾਂ ਨੇ ਰਿਸ਼ਤੇ-ਨਾਤੇ ਜੋੜ ਕੇ ਖ਼ੂਨ ਦੀ ਸਾਂਝ ਬਣਾਈ। ਫਿਰ ਅੰਗਰੇਜ਼ਾਂ ਨੇ ਬਸਤੀਆਂ ਵਸਾਈਆਂ ਤੇ ਅਸੀਂ ਗ਼ੁਲਾਮੀ ਦੀ ਜ਼ੰਜੀਰ 'ਚ ਅਜਿਹਾ ਜਕੜੇ ਗਏ ਕਿ ਆਜ਼ਾਦੀ ਲਈ ਲੰਬਾ ਸੰਘਰਸ਼ ਕਰਨਾ ਪਿਆ, ਪਰ ਕੀ ਫ਼ਾਇਦਾ? ਅੱਜ ਅਸੀਂ ਆਪ ਇਨ੍ਹਾਂ ਬਸਤੀਆਂ ਦੇ ਮਾਲਕਾਂ ਵੱਲ ਤੁਰ ਪਏ ਹਾਂ। ਸ੍ਵੈ-ਇੱਛਾ ਨਾਲ ਹੱਥ ਬੰਨ੍ਹੀ ਲੇਲ੍ਹੜੀਆਂ ਕੱਢਦੇ। ਅਸੀਂ ਹਾਜ਼ਰ ਹਾਂ ਤਨ, ਮਨ, ਧਨ ਹੀ ਨਹੀਂ, ਆਪਣੀ ਬੌਧਿਕ ਸ਼ਕਤੀ ਲੈ ਕੇ ਤੁਹਾਡੇ ਗ਼ੁਲਾਮ ਬਣਨ ਲਈ। ਹੁਕਮ ਮੇਰੇ ਆਕਾ...। ਆਜ਼ਾਦੀ ਦਾ ਸਭ ਤੋਂ



ਵੱਡਾ ਲਾਭ ਇਹੀ ਹੋਇਐ ਕਿ ਹੁਣ ਅਸੀਂ ਸ੍ਵੈ-ਇੱਛਾ ਨਾਲ ਗ਼ੁਲਾਮੀ ਕਰ ਸਕਦੇ ਹਾਂ।"

"ਕਿਵੇਂ ਫਿਰ...? ਹੋਰ ਕਿੰਨਾ ਚਿਰ ਕੱਢ ਜੂ ਬੁੜ੍ਹਾ ਤੇਰਾ। ਕਦੋਂ ਦੀ ਤਿਆਰੀ ਏ?" ਮੇਰੇ ਕੋਲ਼ ਆ ਬੈਠਾ ਮਾਸਟਰ ਸ਼ਰਨ ਪੁੱਛ ਰਿਹੈ।

ਕਹਿਣ ਨੂੰ ਮੇਰਾ ਪੱਕਾ ਆੜੀ ਪਰ ਉਸ ਦੇ, 'ਕਦੋਂ ਦੀ ਤਿਆਰੀ...?' ਸਵਾਲ ਵਿਚ ਦੋਮੂੰਹਾਂ ਡੰਗ ਹੈ। ਇਕ ਮੇਰੇ ਬਾਪੂ ਦੀ ਮੌਤ ਦੂਜਾ ਪੈਲ਼ੀ ਵੇਚ ਕੇ ਪਰਿਵਾਰ ਸਮੇਤ ਮੇਰਾ ਕੈਨੇਡਾ ਪੱਕੇ ਹੋਣ ਦਾ ਸੁਪਨਾ। ਇਕ ਵਾਰੀ ਬਾਪੂ ਦੀਆਂ ਖਰੀਆਂ ਸੁਣ ਕੇ ਆਇਆ ਇਹਦੇ ਨਾਲ਼ ਅੰਦਰ ਦੀ ਰਗ ਕੀ ਸਾਂਝੀ ਕਰ ਬੈਠਾ, ਹੁਣ ਗਾਹੇ-ਬ-ਗਾਹੇ ਬਾਪੂ ਦੀ ਮੌਤ ਚੇਤੇ ਕਰਵਾ ਕੇ ਟਿੱਚਰਾਂ ਕਰੀ ਜਾਊ। ਨਾ ਜੇ ਮਿੱਤਰ ਸਮਝ ਕੇ ਦਿਲ ਹੌਲ਼ਾ ਕਰ ਲਿਆ, ਬਈ ਇੱਧਰ ਤਿੰਨ ਕਿੱਲੇ ਪੈਲ਼ੀ 'ਚ ਮੈਨੂੰ ਕੁਝ ਬਣਦਾ ਨਹੀਂ ਦਿਸਦਾ, ਇਹ ਵੇਚ ਕੇ ਬਾਹਰ ਦੇ ਮੁਲਖ ਚਲੇ ਜਾਣ 'ਤੇ ਆਉਣ ਵਾਲੀਆਂ ਪੁਸ਼ਤਾਂ ਦੇ ਸੈੱਟ ਹੋਣ ਦੀ ਉਮੀਦ ਬੱਝਦੀ ਹੈ, ਪਰ...! ਬਾਪੂ ਮੇਰਾ ਅੜਿੱਕਾ, ਤਾਂ ਮੈਂ ਕਿਹੜਾ ਕੁਫ਼ਰ ਤੋਲ ਦਿੱਤਾ। ਘਰ ਪਰਿਵਾਰ ਤੇ ਕਬੀਲਦਾਰੀ ਦੀਆਂ ਲੋੜਾਂ ਨਾਲ ਪੂਰਾ ਲਹਿਣਾ ਕਿਹੜਾ ਸੁਖਾਲ਼ਾ। ਇਕ ਸਿਆਪਾ ਹੋਵੇ ਤਾਂ ਬੰਦਾ ਪਿੱਟੇ ਵੀ, ਕਿਹੜਾ-ਕਿਹੜਾ ਰੋਣਾ ਰੋਵਾਂ। ਉੱਧਰੋਂ ਮੌਕਾ ਮਿਲਦੇ ਹੀ ਬਾਪੂ ਸੁਣਾਉਣ ਲੱਗ ਜਾਊ। ਅਖੇ, "ਅਸੀਂ ਬਾਰਾਂ ਭੈਣ ਭਾਈ। ਦੋ ਕਿੱਲੇ ਪੈਲ਼ੀ ਬੁੜ੍ਹੇ ਸਾਡੇ ਕੋਲ਼। ਨਾ ਸਾਨੂੰ ਤਾਂ ਕਦੀ ਭੁੱਖੇ ਢਿੱਡ ਉਨੀਂਦਰਾ ਨਹੀਂ ਕੱਟਣਾ ਪਿਆ ਕਿਸੇ ਨੂੰ। ਸਾਰੀ ਉਮਰ ਹੱਡ-ਤੋੜੇ, ਮਿੱਟੀ ਨਾਲ ਮਿੱਟੀ ਹੋਇਆ ਤਾਂ ਜਾ ਕੇ ਆਹ ਤਿੰਨ ਕਿੱਲੇ ਪੈਲ਼ੀ ਬਣਾਈ। ਤੂੰ ਇਕੱਲਾ ਪੁੱਤਰ ਮੇਰਾ, ਕਿਸੇ ਭੈਣ-ਭਾਈ ਦੀ ਜ਼ਿੰਮੇਵਾਰੀ ਨਹੀਂ ਤੇਰੇ ਮੋਢਿਆਂ 'ਤੇ। ਅੱਗੋਂ ਵੀ ਕੋਈ ਦਰਜਨਾਂ ਦਾ ਲਾਣਾ ਨਹੀਂ। ਜਦੋਂ ਵੇਖੋ ਜ਼ਮੀਨ ਵੇਚਣ ਲਈ ਭੂਤਰਿਆ ਫਿਰੂ। ਮੇਰੇ ਜਿਊਂਦੇ ਜੀਅ ਤਾਂ ਭੁੱਲ ਜਾ ਬਈ ਪੈਲ਼ੀ ਦੇ ਕਾਗਤ ਤੇਰੇ ਹੱਥ ਆਊ। ਵੱਡਾ ਹਿਮੈਤੀ ਪੰਜਾਬ ਤੇ ਪੰਜਾਬੀ ਦਾ। ਪੂਛ ਅਗਾਂਹ ਚੁੱਕੀ ਫਿਰਦੇ ਨੇ ਤੇ ਸਿਆਪੇ ਸਰਕਾਰਾਂ ਦੇ। ਕੰਮ-ਧੰਦੇ ਛੱਡ ਚੱਲੇ ਆਂ ਅਖੇ, ਪੰਜਾਬੀ ਬਚਾਉਣ। ਆਏ ਵੱਡੇ ਸਾਊ ਪੁੱਤ ਮਾਂ ਪੰਜਾਬ ਦੇ! ਜੇ ਇੰਝ ਹੀ ਆਨੇ-ਬਹਾਨੇ ਪਲਾਇਨ ਹੁੰਦਾ ਰਿਹਾ ਤਾਂ ਬਚ ਗਏ ਪੰਜਾਬ, ਪੰਜਾਬੀ ਤੇ ਪੰਜਾਬੀਅਤ। ਬਾਲਾਂ ਨੂੰ ਰਟਾਉਣੀ ਆ ਅੰਗਰੇਜ਼ੀ ਤੇ ਬਚਾਉਣੀ ਆ ਪੰਜਾਬੀ...। ਪਖੰਡੀ...। ਦਗ਼ਾਬਾਜ਼...। ਢੌਂਗੀ ਸਾਲੇ ਸਿਰੇ ਦੇ। ਨਾ ਦੋਗਲੇ ਵੀ ਕਦੀ ਕਿਸੇ ਦੇ ਹੋਏ ਆ?"

ਮੈਂ ਜਦੋਂ ਵੀ ਮਾਂ ਬੋਲੀ ਬਚਾਉਣ ਦਾ ਅਲੰਬਰਦਾਰ ਬਣਨ ਲਈ ਘਰੋਂ ਨਿਕਲਣ ਲੱਗਦਾ, ਬਾਪੂ ਦੀ ਕੈਸੇਟ ਰੀਵਾਈਂਡ ਹੋ ਕੇ ਚੱਲਣ ਲੱਗਦੀ। ਉਹ ਬੋਲ ਕੇ ਭੜਾਸ ਕੱਢਦਾ ਤੇ ਮੈਂ ਅੰਦਰੇ-ਅੰਦਰ ਕ੍ਰਿੱਝਦਾ।

'ਪਤਾ ਨਹੀਂ ਕਦੋਂ ਬੁੱਢਾ ਮਰੂ ਤੇ ਕਦੋਂ ਜ਼ਮੀਨ ਦੇ ਕਾਗਜ਼ ਹੱਥ ਆਊ, ਭਲਾ ਉਹ ਮੂਰਖ ਨੇ ਜਿਹੜੇ ਬਾਹਰ ਜਾਣ ਲਈ ਤਣ-ਪੱਤਣ ਵਾਲਾ ਜ਼ੋਰ ਲਾਈ ਫਿਰਦੇ ਨੇ।'

ਮੇਰੇ ਇਕ ਮਿੱਤਰ ਨੇ ਚੰਗੀ ਭਲੀ ਵੈਟਰਨਰੀ ਡਾਕਟਰ ਦੀ ਨੌਕਰੀ ਵਿਚਾਲ਼ੇ ਛੱਡ ਕੇ ਪੂਰੇ ਪਰਿਵਾਰ ਨਾਲ ਅਮਰੀਕਾ ਜਾਣ ਦਾ ਵੀਜ਼ਾ ਲਵਾ ਲਿਆ। ਵਧੀਆ ਲਿਖਾਰੀ...। ਮਾਂ ਬੋਲੀ ਦੇ ਫ਼ਿਕਰ 'ਚ ਲਿਖੀਆਂ ਕਵਿਤਾਵਾਂ ਸੁਣਾਉਂਦਾ, ਕਾਲ਼ਜੇ ਧੂਹ ਪੈਂਦੀ। ਮੈਂ ਬੜਾ ਸਮਝਾਇਆ, "ਯਾਰ ਇੱਧਰ ਜ਼ਮੀਨ-ਜਾਇਦਾਦ ਏ। ਘਰਵਾਲੀ ਤੇਰੀ ਨੌਕਰੀ ਲੱਗੀ ਏ। ਦੋਵੇਂ ਬੱਚੇ ਮੈਡੀਕਲ ਦੀ ਪੜ੍ਹਾਈ ਕਰੀ ਜਾਂਦੇ ਆ। ਹੋਰ ਕੀ ਚਾਹੀਦੈ।"

ਉਹਦੀ ਦਲੀਲ ਸੁਣ ਕੇ ਮੈਂ ਦੰਦਾਂ ਹੇਠ ਉਂਗਲ਼ਾਂ ਦੱਬ ਕੇ ਰਹਿ ਗਿਆ। ਅਖੇ, "ਯਾਰ ਕਿੰਨੇ ਸਾਲ ਹੋ ਗਏ ਫੈਮਲੀ ਪੀ.ਆਰ. ਦੀ ਫਾਈਲ ਲਗਾਈ ਨੂੰ। ਸੌਖੇ ਕੋਈ ਅਮਰੀਕਨ ਗਰੀਨ ਕਾਰਡ ਧਾਰਕ ਬਣ ਕੇ ਇੱਧਰੋਂ ਜਹਾਜ਼ ਚੜ੍ਹਨਾ। ਆਪਣਾ ਕੀ ਏ, ਕੁਝ ਲੰਘ ਗਈ ਰਹਿੰਦੀ ਲੰਘ ਜਾਏਗੀ। ਬੱਚੇ ਸਿੱਧੇ ਉੱਧਰ ਦੇ ਸਿਟੀਜ਼ਨ ਹੋ ਗਏ, ਸਾਰੀ ਖੱਜਲ਼ ਖੁਆਰੀ ਖਤਮ। ਹੱਥ ਆਇਆ ਸੁਨਹਿਰੀ ਮੌਕਾ ਮੈਂ ਕਵਿਤਾਵਾਂ ਲਈ ਤਾਂ ਨਹੀਂ ਗੁਆ ਸਕਦਾ। ਕੱਲ੍ਹ ਨੂੰ ਬਾਲਾਂ ਨੇ ਨਹੀਂ ਛੱਡਣਾ। ਉੱਧਰ ਜਾ ਕੇ ਇੱਧਰ ਦੀ ਪੜ੍ਹਾਈ-ਲਿਖਾਈ ਕਿਸੇ ਲੇਖੇ ਨਹੀਂ ਆਉਣੀ। ਕਿੰਨਿਆਂ ਦੀਆਂ ਡਿਗਰੀਆਂ ਉੱਧਰ ਟਰਾਲਿਆਂ ਦੇ ਟਾਇਰਾਂ ਹੇਠ ਬਰਫ਼ਾਂ 'ਚ ਸਾਹ ਘੁੱਟ ਗਈਆਂ। ਯਾਰ ਟਰਾਲਾ ਚਲਾਵਾਂਗੇ,

ਡਾਲਰ ਕਮਾਵਾਂਗੇ, ਨਾਲੇ ਸੜਕਾਂ ਨਾਲ ਬਾਤਾਂ ਪਾਉਂਦੀਆਂ ਕਵਿਤਾਵਾਂ...।" ਹੁਣ ਤਾਂ ਗਏ ਨੂੰ ਵੀ ਚਾਰ-ਪੰਜ ਵਰ੍ਹੇ ਹੋ ਗਏ।

ਸਾਡੇ ਪਿੰਡ ਦਾ ਚੰਗੀ ਜ਼ਮੀਨ ਵਾਲਾ ਖਾਂਦਾ ਪੀਂਦਾ ਸਰਪੰਚ। ਮੁੰਡਾ ਖੇਤੀਬਾੜੀ 'ਚ ਡਿਗਰੀ ਹੋਲਡਰ। ਅੰਨ੍ਹਾ-ਧਨ ਅੱਗ ਲਾਇਆਂ ਨਹੀਂ ਸੜਦਾ, ਪਿਛਲੇ ਵਰ੍ਹੇ ਪਤਾ ਲੱਗਿਆ ਕਰੋੜਾਂ ਰੁਪਈਆ ਲਾ ਕੇ ਮੁੰਡੇ ਨੂੰ ਕੈਨੇਡਾ ਇਨਵੈਸਟਮੈਂਟ ਆਧਾਰ 'ਤੇ ਪੱਕਾ ਕਰਵਾ 'ਤਾ। ਤਿੜਾਂ ਮਾਰਦਾ ਮੁੱਛ ਨੂੰ ਵੱਟ ਦਿੰਦੇ ਗਾਹੇ-ਬ-ਗਾਹੇ ਆਖੂ, ''ਪਤੈ ਅੱਜਕੱਲ ਕੈਨੇਡੀਅਨ ਡਾਲਰ ਕਿਸ ਭਾਅ ਵਿਕਦੈ?'' ਕਰ ਲੋ ਟਿੱਚਰਾਂ ਭਾਈ ਰੱਬ ਨੇ ਤੁਹਾਨੂੰ ਜਹਾਨ ਜਿੱਤਣ ਘੱਲਿਐ, ਅਸੀਂ ਤਾਂ ਢਿੱਡ ਦੀ ਅੱਗ ਜਿੱਤ ਲਈਏ ਉਹੀ ਬੜੀ ਗੱਲ।

ਇਕ ਨਾਲ ਇਕ ਜੁੜਦੇ ਕਈ ਸਾਥੀ-ਬੇਲੀ, ਰਿਸ਼ਤੇਦਾਰ ਸਿਰ 'ਤੇ ਸਵਾਰ ਹੋਣ ਲੱਗੇ। ਕਿਸੇ ਨੇ ਦਸਵੀਂ ਤਾਂ ਕਿਸੇ ਨੇ ਬਾਰ੍ਹਵੀਂ ਤੋਂ ਬਾਅਦ... ਹੋਰ ਤੇ ਹੋਰ ਕੁਝ ਨੇ ਤਾਂ ਤੀਜੀ, ਚੌਥੀ ਪੜ੍ਹਦੇ ਬਾਲਾਂ ਨੂੰ ਸਕੂਲੀ ਵੀਜ਼ਾ ਲਵਾ ਕੇ ਕੈਨੇਡਾ, ਆਸਟਰੇਲੀਆ ਭੇਜ ਦਿੱਤਾ।

ਬਾਪੂ ਮੇਰਾ ਉਨ੍ਹਾਂ ਨੂੰ ਵੀ ਸੌ-ਸੌ ਗੱਲਾਂ ਸੁਣਾਉਂਦਾ, "ਧੀ ਆਲਿਆਂ ਦੇ ਬਾਲ ਜੰਮਦੇ ਹੀ ਪਲਾਇਨ ਕਰਨ ਦੀ ਯੋਜਨਾ ਬਣਾ ਕੇ ਨੇ। ਇੱਧਰ ਜੁਆਕ ਜੰਮਿਆ ਨਹੀਂ ਤੇ ਉੱਧਰ ਵੀਜ਼ੇ ਦੀ ਫਾਈਲ ਲਗਾਈ ਨਹੀਂ। ਰੋਂਦੇ ਨੇ ਮਾਂ ਬੋਲੀ ਨੂੰ...।"

'ਗੱਲ ਤਾਂ ਬਾਪੂ ਜਵਾਕ ਬਾਹਰ ਘੱਲਣ ਦੇ ਇਰਾਦੇ ਨਾਲ ਜੰਮਣ ਤੋਂ ਵੀ ਕਿਧਰੇ ਅੱਗੇ ਲੰਘ ਗਈ।'

ਸਾਡਾ ਗੁਆਂਢੀ ਸ਼ਰਾਬ ਠੇਕੇਦਾਰ ਧੰਨ ਕਿਸ਼ੋਰ। ਜ਼ਮੀਨ ਜਾਇਦਾਦ ਦਾ ਅੰਤ ਕੋਈ ਨ੍ਹੀਂ। ਪਿਛਲੇ ਸਾਲ ਮੁੰਡਾ ਵਿਆਹਿਆ। ਤਿੰਨ-ਚਾਰ ਮਹੀਨੇ ਪਏ ਤੇ ਨੂੰਹ ਪੁੱਤਰ ਨੇ ਕੈਨੇਡਾ ਘੁੰਮ ਕੇ ਆਉਣ ਲਈ ਟੂਰਿਸਟ ਵੀਜ਼ਾ ਲਵਾ ਲਿਆ। ਉਧਰੋਂ ਪੁੱਤਰ ਨੇ ਫ਼ੋਨ 'ਤੇ ਖੁਸ਼ਖ਼ਬਰੀ ਦਿੱਤੀ ਬਈ ਘਰਵਾਲੀ ਉਮੀਦ ਤੋਂ ਏ, ਇਸ ਤੋਂ ਚੰਗਾ ਮੌਕਾ ਨਹੀਂ ਮਿਲਣਾ ਇੱਧਰ ਪੱਕੇ ਹੋਣ ਦਾ। ਬਾਲ ਦਾ ਜਨਮ ਕੈਨੇਡਾ 'ਚ ਕਰਵਾਉਣ ਦੇ ਮੰਤਵ ਨਾਲ ਟੂਰਿਸਟ ਵੀਜ਼ਾ ਅਕਸਟੈਂਡ ਕਰਵਾਇਆ। ਆਖਰ ਘਾਲ ਕਮਾਈ ਪੱਲੇ ਪੈ ਗਈ। ਕੈਨੇਡੀਅਨ ਸਿਟੀਜ਼ਨ ਪੋਤਰਾ ਜੰਮਿਆ। ਠੇਕੇਦਾਰ ਦਾਦਾ ਦਾਰੂ ਦੇ ਡਰੰਮ 'ਚ ਚੁੱਭੀਆਂ ਮਾਰਦਾ ਫਿਰੇ। ਬਾਪੂ ਮੇਰਾ ਸਾਡੇ ਵਿਹੜੇ ਬੈਠਾ ਉੱਧਰ ਮੂੰਹ ਚੁੱਕ-ਚੁੱਕ ਗਾਲ੍ਹਾਂ ਕੱਢੀ ਜਾਵੇ, "ਓ ਆਪਣੇ ਹੱਥੀਂ ਆਪਣਾ ਬੀਜ ਨਾਸ਼ ਕਰਨ ਵਾਲਿਓ, ਓ ਬੇੜਾ ਬਹਿ 'ਜੇ ਤੁਹਾਡਾ ਕੱਖ ...।"

ਅਗਲੇ ਦਿਨ ਰਾਸ਼ਨ ਵਾਲਾ ਹਰੀਸ਼ ਕੁਮਾਰ ਰਾਸ਼ਨ ਘਰ ਪਹੁੰਚਾਉਣ ਆ ਗਿਆ। ਗੁਬਾਰ ਨਾਲ ਭਰਿਆ ਬਾਪੂ ਉਸ ਨਾਲ ਦਿਲ ਹੌਲਾ ਕਰਨ ਲੱਗਿਆ। ਅੱਗੋਂ ਉਹ ਆਪਣਾ ਰੋਣਾ ਰੋਣ ਬਹਿ ਗਿਆ, "ਓ ਬਜ਼ੁਰਗੋ, ਕੀ ਤੁਸੀਂ ਆਵਦੀ ਮਿੱਟੀ ਦਾ ਰੋਣਾ ਰੋਣ ਲੱਗੇ ਓ। ਕੀ ਕਰੀਏ। ਕਾਰੋਬਾਰ ਠੱਪ ਹੋਏ ਪਏ ਨੇ। ਮੁੰਡੇ ਨੂੰ ਇੰਜੀਨੀਅਰਿੰਗ ਕਰਵਾਈ। ਨੌਕਰੀ ਮਿਲੇ ਨਾ, ਜੇ ਮਿਲੇ ਵੀ ਤਾਂ ਤਨਖਾਹ... ਨਾ ਖਾਣ ਜੋਗੀ ਨਾ ਹੱਗਣ ਜੋਗੀ। ਦੋ ਸਾਲਾਂ ਤੋਂ ਘਰ-ਘਰ ਰਾਸ਼ਨ ਦੀ ਡਲਿਵਰੀ ਦਿੰਦਾ ਕਰਮਾਂ ਨੂੰ ਰੋਂਦਾ ਫਿਰਦੈ। ਥੱਬਾ ਪੈਸਿਆਂ ਦਾ ਲਾ ਕੇ ਆਈਲੈਟਸ ਕਰਵਾਉ, ਪੰਡ ਪੈਸਿਆਂ ਦੀ ਲਾ ਕੇ ਉੱਧਰ ਕਿਸੇ ਕਾਲਿਜ 'ਚ ਦਾਖ਼ਲਾ ਮਿਲਦੈ, ਫਿਰ ਪੀ.ਆਰ. ਮਿਲੇ ਨਾ ਮਿਲੇ। ਸੌ ਵਲਾਵਾਂ ਸਿਰੇ 'ਤੇ ਗੰਢ, ਘੁੰਮਣ ਜਾਉ, ਬਾਲ ਉੱਧਰ ਪੈਦਾ ਕਰੋ ਤੇ ਫਿਰ ਜੁਆਕ ਨੂੰ ਵੱਡਾ ਕਰਦੇ-ਕਰਦੇ ਆਪ ਪੱਕੇ ਹੋ ਜਾਉ। ਮੈਂ ਤਾਂ ਆਪ ਆਪਣੀ ਅਗਲੀ ਅੰਸ ਇੱਧਰ ਪੈਦਾ ਹੋਣ ਦੇ ਹੱਕ 'ਚ ਨਹੀਂ। ਮੁੰਡਾ ਮੇਰਾ ਵੀ ਕਹਿੰਦੈ, "ਡੈਡੀ ਇਸ ਤੋਂ ਵਧੀਆ ਹੋਰ ਕੋਈ ਢੰਗ ਨਹੀਂ ਸੌਖਿਆਂ ਉੱਧਰ ਪੱਕੇ ਹੋਣ ਦਾ। ਘੱਟੋ-ਘੱਟ ਮੇਰਾ ਜੁਆਕ ਵੱਡਾ ਹੋ ਕੇ ਇਹ ਤਾਂ ਮਿਹਣਾ ਨਾ ਮਾਰੂ ਬਈ ਮੈਨੂੰ ਚੰਗੀ ਥਾਂ ਜੰਮ ਦਿੰਦੇ। ਕੁੱਝ ਵੀ ਹੋ 'ਜੇ, ਜੁਆਕ ਦੀ ਨੀਂਹ ਭਾਵੇਂ ਇੱਧਰ ਰੱਖੀ ਗਈ ਏ ਪਰ 'ਡਿਲੀਵਰੀ' ਇੱਧਰ ਨਹੀਂ ਹੋਣ ਦੇਣੀ। ਬਸ ਤਿਆਰੀ ਕਰੀ ਬੈਠੇ ਵਹੁਟੀ ਨੂੰ ਲੈ ਕੇ ਬਾਹਰ ਘੁਮਾਉਣ ਜਾਣ ਦੀ। ਸੁੱਖ ਨਾਲ ਛੇਵਾਂ ਮਹੀਨਾ...।"

ਉਹ ਬੋਲੀ ਜਾ ਰਿਹਾ ਹੈ, ਤੇ ਮੇਰੀ ਸੋਚਾਂ ਦੀ ਸੂਈ 'ਚੰਗੀ ਥਾਂ ਜੰਮ ਦਿੰਦੇ' ਵਾਕ 'ਤੇ ਅਟਕੀ



ਮੇਰਾ ਅੰਦਰ ਕੋਹਣ ਲੱਗੀ ਹੈ।

'ਕੀ ਮੇਰੇ ਮੁਲਖ ਦੀ ਮਿੱਟੀ 'ਚੋਂ ਉੱਠਦੀ ਮਹਿਕ ਉੱਤੇ ਡਾਲਰਾਂ ਦੀ ਧੂੜ ਇੰਨੀ ਭਾਰੀ ਪੈ ਗਈ ਹੈ ਕਿ ਮੇਰੀ ਸਰਜ਼ਮੀਨ ਸਾਡੇ ਬਾਲਾਂ ਦੇ ਜਨਮ ਲਈ ਚੰਗੀ ਨਹੀਂ ਰਹੀ। ਖੱਜਲ ਖੁਆਰੀ ਤੋਂ ਬਚਣ ਦਾ ਇਕੋ-ਇਕ ਤਰੀਕਾ, ਬੱਚੇ ਇੱਧਰ ਜੰਮੇ ਹੀ ਕਿਉਂ ਜਾਣ? ਮਰਜ਼ੀ ਦੇ ਮੁਲਖ 'ਚ ਜਾ ਕੇ ਬੱਚਾ ਪੈਦਾ ਕਰੋ, ਸਿੱਧੇ ਅਮਰੀਕਨ, ਕੈਨੇਡੀਅਨ, ਆਸਟਰੇਲੀਅਨ, ਜਰਮਨ... ਸਿਟੀਜ਼ਨ। ਇੰਝ ਤਾਂ ਬਾਹਰ ਭੱਜਦੀ ਜਵਾਨੀ ਦੀ ਤੀਜੀ ਪੀੜ੍ਹੀ ਤੋਂ ਸਾਡੀ ਨਸਲ ਹੀ ਬਦਲ ਜਾਵੇਗੀ। ਇੱਥੇ ਬੋਲੀ ਤੇ ਸੱਭਿਆਚਾਰ ਬਚਾਉਣ ਲਈ ਬੈਨਰ ਚੁੱਕੀ ਫਿਰਦੇ ਆਂ, ਉੱਧਰ ਨਸਲ ਦਾ ਬੀਜ ਨਾਸ ਹੋਣ ਨੂੰ ਆਇਆ ਪਿਆ ਏ।'

ਹੱਥ 'ਚ ਫੜਿਆ ਪਵਿੱਤਰ ਸਿੰਘ ਦੇ ਪੋਤੇ ਦੇ ਜਨਮ ਦੀ ਖੁਸ਼ੀ ਦਾ ਲੱਡੂ ਜ਼ਹਿਰ ਲੱਗਣ ਲੱਗਿਆ। ਮੰਚ ਸੰਚਾਲਕ ਨੇ ਬੜੇ ਵਿਸ਼ੇਸ਼ਣ ਲਗਾ ਕੇ ਅਦਬ ਸਹਿਤ ਸਾਹਿਤਕ ਜਥੇਬੰਦੀ 'ਇੰਡੋ-ਅਮੈਰਿਕਨ ਭਾਈਚਾਰਾ' ਦੀ ਅਗਵਾਈ ਕਰਨ ਉਚੇਚੇ ਤੌਰ 'ਤੇ ਅਮਰੀਕਾ ਤੋਂ ਆਈ ਲੇਖਿਕਾ ਸ਼ਵਿੰਦਰ ਕੌਰ ਨੂੰ ਬੋਲਣ ਲਈ ਸੱਦਾ ਦਿੱਤਾ ਹੈ।

ਮਾਈਕ ਸੰਭਾਲਦਿਆਂ ਸ਼ਵਿੰਦਰ ਕੌਰ ਨੇ ਹਉਕਾ ਲਿਆ ਹੈ, "ਅਸੀਂ ਵੱਡੀ ਚਿੰਤਾ ਦੇ ਦੌਰ 'ਚੋਂ ਗੁਜ਼ਰ ਰਹੇ ਹਾਂ। ਬਿਹਤਰ ਭਵਿੱਖ...! ਕੀ ਹੈ ਬਿਹਤਰ ਭਵਿੱਖ? ਅੱਗੇ, ਹੋਰ ਅੱਗੇ ਵਧਣ ਦੀ ਦੌੜ। ਆਪਣੀ ਅੰਸ ਦੀ ਜੜ੍ਹ ਬੇਗਾਨੀ ਧਰਤੀ 'ਚ ਲਾਉਣ ਦਾ ਜਾਲ ਸਾਡੇ ਜੀਅ ਦਾ ਜੰਜਾਲ ਬਣ ਜਾਵੇਗਾ, ਸੋਚਿਆ ਨਹੀਂ ਸੀ। ਹੁਣ ਜਦੋਂ ਸਾਡੀ ਅੰਸ ਦੀ ਅੰਸ ਉੱਥੋਂ ਦੀ ਜੜ੍ਹ ਹੋ ਗਈ ਹੈ, ਤਾਂ ਤੌਖਲਾ ਸਤਾਉਣ ਲੱਗਿਆ ਹੈ ਕਿ ਆਪਣੇ ਹੱਥੀਂ ਇੱਥੋਂ ਪੁੱਟ ਕੇ ਉੱਥੇ ਲਾਉਣ ਦੇ ਚੱਕਰ ਵਿਚ ਅਸੀਂ ਆਪਣੀ ਬੋਲੀ ਆਪਣੇ ਸੱਭਿਆਚਾਰ ਦੀ ਜੜ੍ਹ ਪੁੱਟ ਸੁੱਟੀ ਹੈ। ਮੈਂ ਹੀ ਨਹੀਂ, ਆਪਣੀ ਬੋਲੀ ਆਪਣੇ ਵਿਰਸੇ ਨਾਲੋਂ ਟੁੱਟ ਰਹੀ ਅਮਰੀਕਨ ਧਰਤੀ 'ਤੇ ਜੰਮੀ-ਪਲੀ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਮਾਪੇ ਕਿਸੇ ਵੀ ਤਰ੍ਹਾਂ ਆਪਣੀ ਜੜ੍ਹ ਨਾਲ ਜੋੜੀ ਰੱਖਣ ਦੇ ਉਪਰਾਲੇ ਕਰ ਰਹੇ ਹਨ, ਪਰ ਉਸ ਧਰਤੀ 'ਤੇ ਜੰਮੇ-ਪਲੇ, ਉੱਥੋਂ ਦੇ ਵਾਤਾਵਰਨ 'ਚ ਅਡਜਸਟ ਹੋਇਆਂ ਲਈ ਇਹ ਮੁਲਖ ਬੇਗਾਨਾ ਹੈ। ਸਮਝ ਨਹੀਂ ਆਉਂਦੀ ਗ਼ਲਤੀ ਕਿੱਥੇ ਹੋ ਗਈ...? ਸਤਾਈ ਸਾਲ ਪਹਿਲਾਂ ਮੇਰਾ ਵਿਆਹ ਮੇਰੇ ਪਿਤਾ ਜੀ ਨੇ ਅਮਰੀਕਾ ਵਾਸੀ ਆਪਣੇ ਮਿੱਤਰ ਦੇ ਬੇਟੇ ਨਾਲ ਹੱਥੀਂ ਕੀਤਾ ਸੀ। ਮੈਂ ਜੜ੍ਹ ਨਾਲ ਭਾਵੇਂ ਅੱਜ ਵੀ ਜੁੜੀ ਹੋਈ ਹਾਂ, ਪਰ ਆਪਣੇ ਵਿਰਸੇ ਨਾਲ ਆਪਣੀ ਆਉਣ ਵਾਲੀ ਅੰਸ ਨੂੰ ਜੋੜੀ ਰੱਖਣ ਤੋਂ ਅਸਮਰੱਥ ਹਾਂ।"

ਭਾਵੁਕ ਹੋ ਕੇ ਉਹ ਲੈਪਟਾਪ ਦੇ ਕੀਅ-ਬੋਰਡ 'ਤੇ ਉਂਗਲਾਂ ਚਲਾਉਣ ਲੱਗੀ ਹੈ। ਪੁਰਾਣੇ ਪੰਜਾਬ ਦੀਆਂ ਯਾਦਾਂ ਤਾਜ਼ਾ ਕਰਵਾਉਂਦੀ ਡਾਕੂਮੈਂਟਰੀ ਸਕ੍ਰੀਨ 'ਤੇ ਚੱਲਣ ਲੱਗੀ ਹੈ। ਬੜੇ ਹੀ ਭਾਵਪੂਰਤ ਮਾਹੌਲ ਵਿਚ ਉਸ ਦੀਆਂ ਦੋ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਹਨ। ਮਾਂ ਬੋਲੀ ਤੇ ਧਰਤੀ ਮਾਂ ਦੀ ਸੇਵਾ ਦਾ ਪ੍ਰਣ ਦੁਹਰਾਉਂਦੀ ਹੰਝੂ ਕੇਰਨ ਲੱਗੀ ਹੈ, "ਜ਼ਿੰਦਗੀ ਦਾ ਪੰਧ ਆਖਰੀ ਪੜਾਅ 'ਤੇ ਆ ਪਹੁੰਚਿਆ ਤਾਂ ਸਮਝ ਆਈ ਗੰਵਾਇਆ ਕੀ ਤੇ ਪਾਇਆ ਕੀ ਹੈ। ਮੈਂ ਪੰਜਾਬੀ 'ਚ ਕਵਿਤਾ ਲਿਖਦੀ। ਵੇਗ 'ਚ ਆਏ ਮਨੋ ਭਾਵ ਡੁੱਲ੍ਹ-ਡੁੱਲ੍ਹ ਪੈਂਦੇ। 'ਮਾਂ ਬੋਲੀ' ਨੇ ਮੈਨੂੰ ਰਾਸ਼ਟਰੀ, ਅੰਤਰ ਰਾਸ਼ਟਰੀ ਸਮਾਗਮਾਂ 'ਚ ਆਪਣੀ ਸੋਚ ਸਾਂਝੀ ਕਰਨ ਦਾ ਮੌਕਾ ਦਿੱਤਾ ਪਰ ਅੱਜ ਅਸੀਂ ਪੰਜਾਬੀ ਤੋਂ ਹੀ ਮੂੰਹ ਮੋੜੀ ਜਾ ਰਹੇ ਹਾਂ। ਸਾਡੇ ਕੋਲ ਤਾਂ ਇੰਨੀ ਅਮੀਰ ਵਿਰਾਸਤ ਹੈ ਭਾਸ਼ਾ ਤੇ ਸੱਭਿਆਚਾਰ ਦੀ, ਜਿਸ ਨਾਲੋਂ ਟੁੱਟਣ ਦੀ ਨਹੀਂ ਸੰਸਾਰ ਨੂੰ ਇਸ ਨਾਲ ਜੋੜਨ ਲਈ ਹੰਭਲਾ ਮਾਰਨ ਦੀ ਲੋੜ ਹੈ। ਜੜ੍ਹ ਨਾਲੋਂ ਟੁੱਟਿਆ ਦਰਖ਼ਤ ਛਾਂ ਨਹੀਂ ਦਿੰਦਾ, ਆਖਿਰ ਬਾਲਣ ਬਣ ਜਾਂਦਾ ਹੈ। ਕੁਦਰਤ ਦਾ ਨਿਯਮ ਹੈ, ਜਿਸ ਨੂੰ ਅਸੀਂ ਵਿਸਾਰ ਦਿੰਦੇ ਹਾਂ ਹੌਲੀ-ਹੌਲੀ ਉਹ ਚੀਜ਼ ਆਪਣੀ ਹੋਂਦ ਗੁਆ ਦਿੰਦੀ ਹੈ। ਸਾਥੀਓ ਅਸੀਂ ਐਸੇ ਅੰਨ੍ਹੇ ਮੋੜ 'ਤੇ ਆ ਖਲੋਤੇ ਹਾਂ, ਜਿੱਥੋਂ ਅਗਲਾ ਰਾਹ ਦਿਖਾਈ ਨਹੀਂ ਦੇ ਰਿਹਾ। ਸੰਭਾਲਣਾ ਕੀ ਹੈ ਤੇ ਕਿੰਝ? ਵਿਚਾਰਨਾ ਅਸੀਂ ਹੈ।"

ਬੀਬੀ ਦੇ ਬੋਲ, ਮੇਰੇ ਮੂੰਹ 'ਤੇ ਜਿਵੇਂ ਤਾੜ-ਤਾੜ ਚਪੇੜਾਂ ਮਾਰਨ ਲੱਗੇ ਹੋਣ। ਮੇਰੇ ਬੱਚੇ

ਕਾਨਵੈਂਟ ਸਕੂਲ ਜਾਂਦੇ। ਅੰਗਰੇਜ਼ੀ ਪੜ੍ਹਦੇ, ਬੋਲਦੇ। ਮੇਰੀ ਹਿਦਾਇਤ 'ਤੇ ਮੇਰੀ ਪਤਨੀ ਅੰਗਰੇਜ਼ੀ ਵਿਚ 'ਥਰਸਟੀ ਕ੍ਰੋ' ਤੇ 'ਗਰਿਡੀ ਡੌਗ' ਕਹਾਣੀਆਂ ਸੁਣਾਉਂਦੀ, ਮੇਰੀ ਡਾਲਰਾਂ ਦੀ ਭੁੱਖ ਤੇ ਤੇਹ 'ਚ ਤਬਦੀਲ ਹੋਣ ਲੱਗੀ। ਮੇਰੇ ਬੱਚੇ 'ਜੌਨੀ ਜੌਨੀ ਯੈੱਸ ਪਾਪਾ' ਗਾਉਂਦੇ ਵੱਡੇ ਹੋ ਰਹੇ ਹਨ। ਬੇਵੱਸ ਬਾਪੂ...

*'ਊੜੇ ਆੜੇ ਦੀ ਲੜਾਈ ਮੁੱਢੋਂ ਭੁੱਲ ਗਏ ਨਿਆਣੇ*
*ਚੋਭਾਂ ਲਾ ਫੱਬੇ ਲਾਉਣੇ ਸੱਥ ਭੁੱਲ ਗਏ ਸਿਆਣੇ*
*ਭੁੱਲੇ ਬੋਲੀਆਂ ਤੇ ਟੱਪੇ ਗਾਉਂਦੇ ਰੈਪ ਪੌਪ ਦੇ ਗਾਣੇ*
*ਸਾਂਭ ਸ਼ਮਲੇ ਜੱਟਾਂ ਨੇ ਪਾ ਲਏ ਵਲੈਤੀ ਬਾਣੇ*
*ਭੁੱਲੇ ਮੱਖਣਾਂ ਦੇ ਪੇੜੇ ਸਾਡੇ ਬਦਲ ਗਏ ਨੇ ਖਾਣੇ*
*ਵੇਚ ਅੰਮੜੀ ਦੀ ਛਾਤੀ ਲੋਚੇ ਡਾਲਰ ਕਮਾਉਣੇ*
*ਛਿੱਕੇ ਟੰਗ ਸਰਦਾਰੀ ਅਸੀਂ ਬਣ ਗਏ ਆਂ ਕਾਣੇ*
*ਬਚ ਬਚ ਪੰਜਾਬੋ ਰਾਣੀਏਂ ਤੇਰੇ ਪੁੱਤ ਬਣੇ ਜਰਵਾਣੇ*

ਗਾਉਂਦਾ ਟੇਢਾ ਹੋ ਕੇ ਮੇਰੇ ਕੁੜੱਲ ਕੱਢਣ ਲੱਗਿਆ। ਸਰਕਾਰੀ ਸਕੂਲਾਂ 'ਤੇ ਵੱਜਿਆ ਜਿੰਦਾ, ਮੇਰੀ ਮੱਤ 'ਤੇ ਵੱਜੇ ਜੰਗਾਲੇ ਜਿੰਦੇ 'ਚ ਤਬਦੀਲ ਹੋਣ ਲੱਗਿਆ ਹੈ।

ਬੀਬੀ ਸ਼ਵਿੰਦਰ ਕੌਰ ਦਾ ਰੁਦਨ ਜਾਰੀ ਹੈ, "ਕੋਈ ਪੰਜਾਬੀ ਪੁਸਤਕਾਂ ਪੜ੍ਹਨ ਨੂੰ ਤਿਆਰ ਨਹੀਂ। ਅੰਗਰੇਜ਼ੀ 'ਚ ਅਨੁਵਾਦ ਹੋਈਆਂ ਮੇਰੀਆਂ ਪੁਸਤਕਾਂ ਦੇ ਕਈ ਐਡੀਸ਼ਨ ਛਪ ਕੇ ਹੱਥੋ-ਹੱਥ ਵਿਕ ਗਏ। ਪੰਜਾਬੀ ਦੀਆਂ ਕਿਤਾਬਾਂ ਛਪਵਾ ਕੇ, ਵੰਡ ਦਿੰਦੀ ਹਾਂ। ਕੁਝ ਹੋਰ ਨਹੀਂ ਬਸ ਮਾਂ ਬੋਲੀ ਪ੍ਰਤੀ ਫਰਜ਼ ਨਿਭਾਉਣ ਦੀ ਤਸੱਲੀ ਮਿਲ ਜਾਂਦੀ ਹੈ।"

ਬੀਬੀ ਸ਼ਵਿੰਦਰ ਕੌਰ ਦੇ ਆਖਰੀ ਵਾਕਾਂ ਨੇ ਮੇਰਾ ਅੰਦਰ ਝੰਜੋੜ ਸੁੱਟਿਆ। ਮੈਨੂੰ ਡੋਬੂ ਪੈਣ ਲੱਗੇ , 'ਕੀ ਦਸਮ ਗੁਰਾਂ ਦੀ ਬਾਣੀ, ਬੁੱਲ੍ਹਾ, ਵਾਰਿਸ, ਦਮੋਦਰ, ਪੀਲੂ...ਸਭ ਬੀਤਿਆ ਵਕਤ ਹੋ ਜਾਣਗੇ?' ਆਪਣਾ ਫ਼ਰਜ਼ ਨਿਭਾਅ ਕੇ ਉਹ ਧਰਨਾਕਾਰੀਆਂ 'ਚ ਆ ਬਿਰਾਜੀ ਹੈ। ਉਸ ਦੁਆਲ਼ੇ ਮੱਖੀਆਂ ਭਿਣਭਿਣਾਉਣ ਲੱਗੀਆਂ ਹਨ। ਸਭ ਜੁਗਾੜਬੰਦੀ 'ਚ ਹਨ ਕਿ ਇਕ ਵਾਰੀ ਬਾਂਹ ਫੜ ਕੇ ਉੱਧਰ ਸੱਦ ਲਵੇ। ਅੰਗੂਠਾ ਧਰਦਿਆਂ, ਪੈਰ ਅਸੀਂ ਆਪੇ ਰੱਖ ਲਵਾਂਗੇ।

"ਗੱਦਾਰ ਸਾਲ਼ੇ ...।" ਖੁੰਦਕ 'ਚ ਮੇਰੇ ਅੰਦਰ ਨੇ ਫਿਟਕਾਰ ਪਾਈ, ਪਰ ਕਿਸ ਨੂੰ...?

"ਮੈਂ...! ਮੈਂ ਵੀ ਤਾਂ...।" ਸੋਚਾਂ ਦੇ ਵਾਵਰੋਲ਼ਿਆਂ 'ਚ ਘਿਰਿਆ ਮੈਂ ਪਤਾ ਨਹੀਂ ਕਿੱਧਰ ਉੱਡਿਆ ਜਾ ਰਿਹਾਂ ਕਿ ਮੇਰੇ ਨਾਲ ਬੈਠੇ ਮਾਸਟਰ ਦਰਸ਼ਨ ਨੇ ਮੇਰਾ ਮੋਢਾ ਹਲੂਣਦਿਆਂ ਮੰਚ ਤੋਂ ਹੋ ਰਹੀ ਅਨਾਊਂਸਮੈਂਟ ਵੱਲ ਧਿਆਨ ਦੁਆਇਆ। ਮੰਚ ਸੰਚਾਲਕ ਭੁੱਖ ਹੜਤਾਲ 'ਤੇ ਬੈਠਣ ਵਾਲੇ ਸਾਥੀਆਂ ਵਿਚ ਮੇਰਾ ਨਾਂ ਉਚਾਰ ਰਿਹਾ ਹੈ। ਭੁੱਖ ਹੜਤਾਲੀਆਂ ਦੀ ਹੌਸਲਾ ਅਫ਼ਜ਼ਾਈ 'ਚ ਆਕਾਸ਼ ਗੂੰਜਾਊ ਨਾਅਰੇ ਲੱਗ ਰਹੇ ਹਨ। ਮੈਂ ਉੱਠਿਆ। ਮੰਚ ਵੱਲ ਵਧਿਆ। ਮਾਸਟਰ ਪਵਿੱਤਰ ਸਿੰਘ ਦੇ ਆਸਟਰੇਲੀਅਨ ਸਿਟੀਜ਼ਨ ਪੋਤੇ ਦੇ ਜਨਮ ਦੀ ਖੁਸ਼ੀ ਦਾ ਹੱਥ 'ਚ ਫੜਿਆ ਲੱਡੂ ਵਾਪਸ ਡੱਬੇ 'ਚ ਰੱਖਿਆ ਤੇ ਪੈਰ ਪਿਛਾਂਹ ਨੂੰ ਮੋੜ ਲਏ, ਪਰ ਕਿੱਧਰ...? 000

***(ਮਕਾਨ ਨੰਬਰ 726 ਏ, ਨੇੜੇ ਕਮਾਂਡੋ ਕੰਪਲੈਕਸ, ਫੇਜ਼ 11,***
***ਸੈਕਟਰ 65, ਮੁਹਾਲੀ 160 062 ਫੋਨ: 98146-70707)***



# ਪੰਡਿਤ ਜੀ ਉਰਫ ਪਰਸ ਰਾਮ ਚੌਕੀਦਾਰ: ਕਹਾਣੀ:

**ਬਲਵਿੰਦਰ ਗਰੇਵਾਲ**

ਸੀਨ ਇਕ ਦਮ ਫਿਲਮੀ ਸੀ।

ਵਲ਼ ਖਾਂਦੀ ਸੜਕ 'ਤੇ ਕੀੜੀਆਂ ਵਾਂਗ ਇਕ ਦੂਜੇ ਦੇ ਪਿੱਛੇ ਜਾਂਦੀਆਂ ਡੱਬੀਆਂ ਵਰਗੀਆਂ ਦਿਸਦੀਆਂ ਫੌਜੀ ਗੱਡੀਆਂ।

ਇਕ ਪਾਸਿਓਂ ਅਚਾਨਕ ਨਿਕਲੀ ਮਟਮੈਲ਼ੀ ਜਿਹੀ ਦਿਸਦੀ ਕੋਈ ਗੱਡੀ।

ਕੈਮਰਾ ਨੇੜੇ ਆਇਆ।ਗੱਡੀਆਂ ਵੱਡੀਆਂ ਤੇ ਇਕੱਲੀਆਂ ਇਕੱਲੀਆਂ ਦਿਸਣ ਲੱਗੀਆਂ ਤੇ...     ਫੜਾਕ!...ਅਸਮਾਨ ਪਾੜ ਦੇਣ ਵਾਲਾ ਵਿਸਫੋਟ ਹੋਇਆ। ਅੱਗ ਦੇ ਗੋਲ਼ੇ 'ਚ ਘਿਰੀ ਇਕ ਫੌਜੀ ਗੱਡੀ...

ਮਟਮੈਲ਼ੇ ਰੰਗ ਵਾਲੀ ਗੱਡੀ, ਕਾਨਵਾਈ ਦੀਆਂ ਗੱਡੀਆਂ ਵਿਚ ਆ ਵੱਜੀ ਸੀ...ਅੱਗ ਦੇ ਗੋਲ਼ੇ ਦੂਰ ਤਕ ਉਡਦੇ ਨਜ਼ਰ ਆਏ ਸਨ...ਜੰਮੂੰ ਕਸ਼ਮੀਰ ਦੇ ਪੁਲਵਾਮਾ ਵਿਚ ਹੋਏ ਇਸ ਫਿਦਾਈਨ ਹਮਲੇ ਵਿਚ ਸੀ.ਆਰ.ਪੀ.ਐਫ. ਦੇ ਪੰਜਤਾਲੀ ਜੁਆਨ ਮਾਰੇ ਗਏ ਸਨ। ਪਿਛਲੇ ਦੋ ਦਿਨਾਂ ਤੋਂ ਟੀ.ਵੀ. ਸਕਰੀਨਾਂ 'ਚੋਂ ਲਹੂ ਚੋਅ ਰਿਹਾ ਸੀ...ਸ਼ਹੀਦ ਹੋਏ ਜੁਆਨਾਂ ਵਿਚੋਂ ਕਿਸੇ ਦਾ ਵਿਆਹ ਰੱਖਿਆ ਹੋਇਆ ਸੀ, ਕਿਸੇ ਦਾ ਵਿਆਹ ਹੋ ਕੇ ਹਟਿਆ ਸੀ, ਕਿਸੇ ਨੇ ਆਪਣੀ ਨਵ ਜੰਮੀ ਬੱਚੀ ਦਾ ਮੂੰਹ ਦੇਖਣ ਲਈ ਛੁੱਟੀ ਮੰਗੀ ਹੋਈ ਸੀ...ਮੌਤਾਂ ਦੇ ਨਾਲ ਹੀ ਲੋਕ ਦੁੱਖ ਵੀ 'ਲਾਈਵ' ਹੀ ਦੇਖ ਰਹੇ ਸਨ...ਵਿਰਲਾਪ ਹੋ ਰਿਹਾ ਸੀ...ਟੀ.ਵੀ. ਸਕਰੀਨਾ 'ਤੇ ਅੱਗੇ ਪਿੱਛੇ ਹੁੰਦੇ ਤੀਰ ਸ਼ਹੀਦਾਂ ਦੇ ਪਰਿਵਾਰਾਂ ਦੀ,ਰਿਸ਼ਤਿਆਂ ਦੀ ਨਿਸ਼ਾਨਦੇਹੀ ਕਰ ਰਹੇ ਸਨ...ਰੋਹ ਵਧ ਰਿਹਾ ਸੀ...ਦੇਸ਼ ਵਿਚ ਕਈ ਥਾਈਂ ਕਸ਼ਮੀਰੀਆਂ 'ਤੇ ਹਮਲੇ ਹੋ ਰਹੇ ਸਨ...ਵਿਦਿਆਰਥੀਆਂ ਨੂੰ ਦੇਸ਼-ਧ੍ਰੋਹੀ ਕਹਿ ਕੇ ਕਾਲਿਜਾਂ, ਯੂਨੀਵਰਸਿਟੀਆਂ ਵਿਚੋਂ ਖਦੇੜਿਆ ਜਾ ਰਿਹਾ ਸੀ...

ਪੰਡਿਤ ਜੀ ਉਰਫ ਪਰਸ ਰਾਮ ਚੌਂਕੀਦਾਰ,ਇਹਨਾ ਸੀਨਾਂ ਵਿਚ ਡੂੰਘਾ ਖੁਭਿਆ ਹੋਇਆ ਸੀ ਜਦੋਂ ਉਹਨੂੰ ਆਪਣੀ ਪਤਨੀ ਸਰਲਾ ਦੀ ਚੀਕ ਸੁਣੀ। ਘਬਰਾ ਕੇ ਇਕ ਦਮ ਬਾਹਰ ਆਇਆ ਤਾਂ ਉਹ ਵੀ ਚੀਕ ਪਿਆ-

"ਆਹ ਕੀ? ਕੌਣ ਐਂ ਤੂੰ..."

"ਨਜ਼ੀਰ...ਕਸ਼ਮੀਰੀ", ਦੇਹਲ਼ੀ 'ਤੇ ਬੈਠਾ ਬੰਦਾ ਇਕ ਦਮ ਉਠ ਖੜ੍ਹਾ ਹੋਇਆ ਸੀ। ਕਹਿਣਾ ਮੁਸ਼ਕਲ ਸੀ ਕਿ ਉਸਦਾ ਪੀਲਾ ਪੈ ਗਿਆ ਚਿਹਰਾ ਵੱਧ ਡਰਾਉਣਾ ਸੀ ਕਿ ਕੂਹਣੀ ਤੋਂ ਥੋੜ੍ਹਾ ਉਪਰੋਂ ਕਰਕੇ ਵੱਢੀ ਬਾਂਹ 'ਤੇ ਕੀਤੀ ਹੋਈ ਪੱਟੀ 'ਚੋਂ ਸਿੰਮ ਆਇਆ ਖ਼ੂਨ ਵੱਧ ਡਰਾਉਣਾ ਸੀ। ਬੋਲਣ ਲੱਗੇ ਪਰਸ ਰਾਮ ਦੀ ਆਵਾਜ਼ ਮਸਾਂ ਨਿਕਲੀ-

"ਨਜ਼ੀਰ! ਰਸੂਲ ਦਾ ਭਰਾ? ਤੈਨੂੰ ਕੀ ਹੋ ਗਿਆ! ਤੂੰ ਤਾਂ ਜਮਾਂ ਈ ਬੀਤਿਆ ਪਿਐਂ"। ਪਰਸ ਰਾਮ ਨੇ ਆਪਣੇ ਚੇਤੇ 'ਤੇ ਸਾਰਾ ਜ਼ੋਰ ਪਾ ਕੇ ਸਾਹਮਣੇ ਖੜ੍ਹੇ ਬੰਦੇ ਦੇ ਡਰੇ ਹੋਏ ਨੈਣ ਨਕਸ਼ਾਂ 'ਚੋਂ ਉਸ ਮੁੰਡੇ ਨਜ਼ੀਰ ਦੇ ਸੁਨੱਖੇ ਨੈਣ-ਨਕਸ਼ ਪਛਾਣੇ ਜਿਹੜਾ ਪਹਿਲਾਂ ਕਈ ਸਾਲ ਆਪਣੇ ਵੱਡੇ ਭਰਾ ਰਸੂਲ ਨਾਲ ਤੇ ਫੇਰ ਆਪਣੀ ਭਰਜਾਈ ਤੇ ਭਤੀਜੀ ਨੂੰ ਲੈ ਕੇ ਕਸ਼ਮੀਰੀ ਲੋਈਆਂ, ਸ਼ਾਲ ਤੇ ਅਖਰੋਟ ਵੇਚਣ ਆਉਂਦਾ ਰਿਹਾ ਸੀ। ਸਾਰੀਆਂ ਸਰਦੀਆਂ ਉਹ ਪਰਸ ਰਾਮ ਦੇ ਗੁਆਂਢ ਕਮਰਾ ਲੈ ਕੇ ਰਹਿੰਦੇ ਤੇ ਜੰਮੂ ਦੇ ਬਾਰਡਰ ਦੇ ਪਿੰਡਾਂ ਤੋਂ ਪਰੇ ਪੰਜਾਬ ਦੇ ਪਿੰਡਾਂ ਤਕ 'ਫੇਰੀ' ਲਾਉਂਦੇ। ਮਾਲ ਵੇਚਦੇ ਤੁਰੇ ਫਿਰਦੇ। ਲੋਕ ਉਹਨਾਂ ਨੂੰ ਉਡੀਕਦੇ। ਆਉਂਦੇ ਸਾਲ ਦੇ ਵਿਆਹਾਂ ਦੇ ਆਰਡਰ ਦਿੰਦੇ, ਤਾਕੀਦਾਂ ਕਰਦੇ- "ਕੁੜਮ ਦੀ ਮਿਲਣੀ 'ਪਿਓਰ ਕਸ਼ਮੀਰੀ ਲੋਈ' ਨਾਲ ਕਰਨੀ ਐਂ!

ਬੱਸ ਅਗਲੇ ਦੇਖਦੇ ਰਹਿ ਜਾਣ...।"ਸ਼ਾਲ ਲਿਆਂ...ਬੱਸ...ਬਈ ਕੁੜਮਣੀ ਖੁਸ਼ ਹੋ'ਜਵੇ", ਕੋਈ ਟਿੱਚਰ ਕਰਦਾ। ਪਰਸ ਰਾਮ ਹਰ ਵਾਰ ਇਕੋ ਮੰਗ ਦੁਹਰਾਉਂਦਾ-

"ਅਗਲੀ ਵਾਰ ਬਸ਼ੀਰਾਂ ਨੂੰ ਕਹੀਂ...ਚਟਣੀ ਇੱਥੇ ਆ ਕੇ ਕੁੱਟੇ...ਅਖਰੋਟ ਲਿਆਈਂ ਵਧੀਆ...ਘਰ ਦੇ..." , ਉਹ ਰਸੂਲ ਨੂੰ ਵਿਸ਼ੇਸ਼ ਤੌਰ 'ਤੇ ਕੱਚੇ ਅਖਰੋਟ ਲਿਆਉਣ ਲਈ ਕਹਿੰਦਾ ਤੇ ਰਸੂਲ ਦੀ ਬੇਟੀ ਅਨਵਰੀ ਦਾ ਸਿਰ ਪਲੋਸਦਾ, ਅਹਿਸਾਨ ਜਤਾਉਂਦਾ-

"ਅਸੀਂ ਵੀ ਤਾਂ ਆਪਣੀ ਵਾਰੀ ਸਾਡੀ ਬੇਟੀ ਨੂੰ ਤਾਰੇ ਦੇਖਣ ਦਾ ਮੌਕਾ ਦਿੰਨੇਂ ਐਂ...ਕਿ ਨਹੀਂ"? ਰਸੂਲ ਦੀਆਂ ਅੱਖਾਂ ਵੀ ਪਰਸ ਰਾਮ ਦੀ ਉਪਰ ਉੱਠੀ ਉਂਗਲੀ ਦੇ ਨਾਲ ਹੀ, ਕਾਲੇ ਸ਼ਾਹ ਅਸਮਾਨ ਵੱਲ ਉੱਠ ਜਾਂਦੀਆਂ। ਪਲ ਕੁ ਲਈ ਤਾਰਿਆਂ ਵੱਲ ਗਹੁ ਨਾਲ, ਹਉਕਾ ਭਰਦਾ ਤੇ ਭਰੇ ਗਲੇ ਨਾਲ ਦਿਲ ਦੀ ਗੱਲ ਦੁਹਰਾਉਂਦਾ-

"ਕਸ਼ਮੀਰ ਵਰਗਾ ਸੁਥਰਾ, ਕਾਲਾ ਸ਼ਾਹ ਅਸਮਾਨ ਦੁਨੀਆਂ 'ਚ ਹੋਰ ਕਿਤੇ ਨੀ ਹੋਣਾ ਪੰਡਿਤ ਜੀ! ਆਪਾਂ ਤੇ ਫੇਰ ਵੀ ਭਲੇ ਵੇਲੇ ਦੇਖੇ ਨੇ...। ਰਾਤਾਂ ਨੂੰ ਅਸਮਾਨ 'ਚ ਜੜੇ ਹੋਏ ਮੋਤੀਆਂ ਵਰਗੇ ਤਾਰੇ ਵੇਖਦਿਆਂ ਮੇਰਾ ਮਿੱਤਰ ਸ਼ਫੀ ਤਾਂ ਰੱਜਦਾ ਹੀ ਨਹੀਂ। ਕਿੰਨੀਓ ਠੰਡ ਹੋਵੇ, ਰਾਤ ਨੂੰ ਬਾਹਰ ਨਿਕਲਜੂ...ਢੋਲਾ ਗਾਊ...

*ਤਾਰੇ ਨਿਕਲੇ 'ਸਮਾਨੀ ਨੇ, ਜੀ ਸਾਨੂੰ ਪੱਟ ਸੁੱਟਿਆ*
*ਪੱਟ ਸੁੱਟਿਆ ਜੀ ਤੇਰੀ ਕਾਲੀ ਗਾਨੀ ਨੇ... ਜੀ ਸਾਨੂੰ ਪੱਟ ਸੁੱਟਿਆ...*

ਰਸੂਲ ਅਸਮਾਨ ਵੱਲ ਬਾਹਾਂ ਚੁੱਕ ਕੇ ਸ਼ਫੀ ਦੀ ਰੀਸ ਲਾਉਂਦਾ। ਅਨਵਰੀ ਵੱਲ ਦੇਖ ਕੇ ਕਹਿੰਦਾ, "ਇਸੇ ਲਈ ਤਾਂ ਅਨਵਰੀ ਨੂੰ ਲਈਂ ਆਉਨੈਂ ਕਿ ਇਹ ਵੀ ਰਾਤ ਦਾ ਅਸਮਾਨ ਦੇਖੇ,ਤਾਰੇ ਦੇਖੇ ਨਹੀਂ ਸਾਡੇ ਤਾਂ ਅੱਜ ਕੱਲ੍ਹ ..."

ਅਚਾਨਕ ਚੁੱਪ ਕੀਤਾ ਰਸੂਲ ਕਿੰਨਾ ਚਿਰ ਨਾ ਬੋਲਦਾ। ਉਹਦੀ ਰੂਹ ਕਸ਼ਮੀਰ ਦੀਆਂ ਠੰਡੀਆਂ ਵਾਦੀਆਂ 'ਚ ਗਹਿਰੀ ਉੱਤਰ ਜਾਂਦੀ ਜਿੱਥੇ ਅੱਜ ਕੱਲ੍ਹ ਦਿਨ ਛਿਪਣ ਤੋਂ ਪਹਿਲਾਂ ਹੀ ਮਿਲਟਰੀ ਦੀ 'ਨਾਈਟ ਸਰਵੇਲੈਂਸ' ਸ਼ੁਰੂ ਹੋ ਜਾਂਦੀ ਸੀ। ਫਿਰ ਦਿਨ ਚੜ੍ਹਦੇ ਤਕ ਮਿਲਟਰੀ ਜਾਂ 'ਪਾਰੋਂ' ਆਉਣ ਵਾਲਿਆਂ ਦਾ 'ਵਾਰਾ-ਪਹਿਰਾ' ਰਹਿੰਦਾ ਸੀ। ਲੋਕ ਛੇਤੀ ਸੌਂ ਜਾਂਦੇ...ਦਿਨ ਚੜ੍ਹੇ ਉੱਠਦੇ। ਸਰਹੱਦ, ਦਰਿਆ ਤੋਂ ਖਿਸਕ ਕੇ ਘਰਾਂ ਦੀਆਂ ਕੰਧਾਂ ਨਾਲ ਆ ਲਗਦੀ। ਅਕਸਰ ਗੋਲੀ ਚੱਲਦੀ। ਖੜਕੇ ਤੋਂ ਵੱਧ, ਸਹਿਮ ਨੀਂਦ ਨੂੰ ਖਾ ਜਾਂਦਾ। ਕਦੇ ਮਿਲਟਰੀ 'ਕੰਘਾ' ਫੇਰਦੀ। 'ਕਾਂਬਿੰਗ' ਕਰਦੀ। ਸਿਪਾਹੀ ਅਖਰੋਟ ਦੀ ਲੱਕੜੀ ਦੇ ਬਣੇ ਕੰਘੇ ਦੇ ਦੰਦਿਆਂ ਵਾਂਗ ਘਰਾਂ ਦੇ ਰੋਮ ਰੋਮ 'ਚੋਂ ਲੰਘਦੇ...ਖੋਪਰੀਆਂ ਨਾਲ ਖਹਿੰਦੇ। ਸ਼ੱਕ ਕਰਦੇ। ਰੁੱਖਾ ਬੋਲਦੇ। ਕਦੇ 'ਉਹ' ਆ ਜਾਂਦੇ। ਪਾਰੋਂ। ਆਪਣੇ ਆਪ ਨੂੰ 'ਮਜਾਹ-ਏ-ਦੀਨ' ਕਹਿੰਦੇ।ਤੇਜ਼ ਤੁਰਦੇ...ਦਬਕੇ ਮਾਰਦੇ, ਮਰਜ਼ੀ ਦੀ ਸੇਵਾ ਲੈਂਦੇ...।ਚਿੱਲ-ਏ-ਕਲਾਂ (ਬਰਫ ਸ਼ੁਰੂ ਹੋਣ ਤੋਂ ਬਾਅਦ ਵਾਲੀ ਸਰਦ-ਰੁੱਤ ਜਿਹੜੀ 21 ਦਸੰਬਰ ਤੋਂ ਸ਼ੁਰੂ ਹੁੰਦੀ) ਤੋਂ ਪਹਿਲੀਆਂ ਰਾਤਾਂ ਵਿਚ ਤਾਂ ਬਾਹਰ ਸੁੱਕਣੇ ਪਾਏ ਅਖਰੋਟਾਂ ਦੀ ਬੂਟਾਂ ਹੇਠ ਤਿੜਕਣ ਦੀ ਆਵਾਜ਼ ਹੀ ਦੱਸ ਦਿੰਦੀ ਕਿ 'ਕੰਘਾ' ਫਿਰੇਗਾ ਜਾਂ ਅੱਜ ਘਰ ਦੇ ਕਿਸੇ ਜੀਅ ਨੂੰ 'ਪਾਰੋਂ' ਆਉਣ ਵਾਲੇ ਟੋਲੇ ਦੀ ਅਡਵਾਂਸ ਪਾਰਟੀ ਬਣਕੇ ਅੱਗੇ ਲੱਗਣਾ ਪਵੇਗਾ।ਨਵੇਂ ਡਰਦੇ ਤੇ ਬਜ਼ੁਰਗ ਖਿਝਦੇ- "ਗੁੱਲ, ਗੁੱਦ ਦੋਹਾਂ ਦਾ ਨਾਸ ਕਰ ਦਿੰਦੇ ਨੇ। ਬਾਹਰੋਂ ਆਇਆਂ ਨੂੰ ਕੀ ਪਤਾ ਮੇਵੇ ਦੀ ਕਦਰ ਕਿਵੇਂ ਕਰੀਦੀ ਐ...", ਘਰਾਂ ਅੰਦਰ ਬੈਠੇ ਬਜ਼ੁਰਗ ਬੱਚਿਆਂ ਨੂੰ ਸਮਝਾਉਂਦੇ, "ਹਿੰਦੂ ਲੋਕ ਤਾਂ ਅਖਰੋਟ ਦੇ ਚਾਰਾਂ ਭਾਗਾਂ ਨੂੰ ਧਰਮ, ਅਰਥ, ਕਾਮ ਤੇ ਮੋਕਸ਼ ਦੇ ਬਰਾਬਰ ਮੰਨਦੇ ਨੇ...ਆਪਣੇ ਪੰਡਿਤਾਂ ਦੇ ਤਾਂ ਵਟਕ ਪੂਜਾ (ਨਵੀਂ ਫਸਲ ਦੀ ਪੂਜਾ) ਤੋਂ ਲੈ ਕੇ ਜਨਮ,ਵਿਆਹ...ਕੋਈ ਮੌਕਾ ਹੋਵੇ, ਪੂਜਾ ਦੀ ਥਾਲੀ 'ਚ ਅਖਰੋਟ ਜ਼ਰੂਰ ਹੁੰਦੈ...ਅਗਲਿਆਂ ਨੇ ਧਰਮ, ਕਰਮ ਕਰਨੈਂ ਇਹਨਾਂ ਨਾਲ ਤੇ ਇਹ...ਲਤਾੜਦੇ ਫਿਰਦੇ ਨੇ...ਜੰਗਲੀ...ਕਿਸੇ ਥਾਂ ਦੇ..."



ਜਦੋਂ ਬੱਚੇ ਪੁੱਛਦੇ ਕਿ 'ਇਹ ਪੰਡਿਤ ਕੌਣ ਹੁੰਦੇ ਨੇ'? ਤਾਂ,ਅਜੇ ਤੀਹ ਸਾਲ ਪੁਰਾਣੀਆਂ, ਬਜ਼ੁਰਗਾਂ ਦੀਆਂ ਗੱਲਾਂ ਉਹਨਾਂ ਨੂੰ 'ਯੁਗਾਂ ਪੁਰਾਣੀ ਬਾਤ' ਲਗਦੀਆਂ...ਯੁੱਗ ਜਦੋਂ ਵਾਦੀ 'ਚ ਮੁਸਲਿਮ ਤੇ ਪੰਡਿਤ ਇਕ ਦੂਜੇ ਦੇ ਤਿਥ ਤਿਓਹਾਰ ਰਲ਼ ਕੇ ਮਨਾਉਂਦੇ। ਮੁਸਲਿਮਾਂ ਦੀਆਂ ਵਿਆਹ ਸ਼ਾਦੀਆਂ 'ਤੇ ਹਿੰਦੂ ਪ੍ਰਾਹੁਣਿਆਂ ਵਾਸਤੇ ਵੱਖ ਸ਼ੁੱਧ ਸ਼ਾਕਾਹਰੀ ਭੋਜਨ ਬਣਦਾ...ਨਾਚ ਗਾਣਾ ਇਕੱਠਾ ਹੁੰਦਾ। ਮੁਸਲਿਮ ਘਰਾਂ ਵਿਚ ਵੀ ਰਾਮਾਇਣ ਤੇ ਮਹਾਂਭਾਰਤ ਦੇ ਹਵਾਲੇ ਨਾਲ ਗੱਲ ਕੀਤੀ ਜਾਂਦੀ ਤੇ ਪਹਿਰਾਵੇ ਤੋਂ ਧਰਮ ਪਹਿਚਾਨਣਾ ਮੁਸ਼ਕਲ ਹੁੰਦਾ...ਹੁਣ ਵੀ...

...ਹੁਣ ਵੀ ਹਰ ਵਾਰ ਜਦੋਂ ਵੀ 'ਕੰਘਾ ਫਿਰਦਾ' ਜਾਂ 'ਉਹ' ਆਉਂਦੇ, ਕਿਸੇ ਨਾ ਕਿਸੇ ਘਰ 'ਚ ਪੰਡਿਤਾਂ ਦੀ ਗੱਲ ਜ਼ਰੂਰ ਛਿੜਦੀ। 'ਬੀਤੇ' ਦੀਆਂ ਗੱਲਾਂ ਹੁੰਦੀਆਂ। ਸਵੇਰੇ ਉੱਠ ਕੇ ਵੱਡੇ ਬੂਟਾਂ ਹੇਠ ਦਰੜੇ ਅਖਰੋਟਾਂ ਨੂੰ ਅੱਡ ਕਰਦੇ ਬਜ਼ੁਰਗ ਬੁੜਬੜਾਉਂਦੇ- "ਮਿਲਟਰੀ ਦੇ ਬੂਟ ਵੱਧ ਖੜਕਦੇ ਨੇ ਤੇ 'ਉਹਨਾ' ਦੇ ਬੂਟਾਂ ਹੇਠ ਅਖਰੋਟ ਵੱਧ ਟੁੱਟਦੇ ਨੇ..." ਇਕ ਫਰਕ ਹੋਰ ਹੁੰਦਾ। ਮਿਲਟਰੀ ਪਹਿਲਾਂ ਘਰ ਘੇਰਦੀ ਤੇ 'ਉਹ' ਪਹਿਲਾਂ ਦਰ ਖੜਕਾਉਂਦੇ...

...ਦਰਵਾਜ਼ੇ 'ਤੇ ਹੁੰਦਾ ਇਹ ਖੜਕਾ ਰਸੂਲ ਦੇ ਪਰਿਵਾਰ ਨੂੰ ਵੀ ਸੁਣਨਾ ਪਿਆ ਸੀ...

ਇਕ ਰਾਤ ਅਚਾਨਕ ਦਰਵਾਜ਼ਾ ਖੜਕਿਆ ਸੀ। ਅੱਬਾ ਉੱਠ ਕੇ ਬੈਠ ਗਿਆ ਸੀ ਤੇ ਬਸ਼ੀਰਾਂ, ਅਨਵਰੀ ਨੂੰ ਪੇਟੀ ਉਹਲੇ ਲੁਕੋ ਕੇ,ਆਪ ਰਜਾਈ ਲੈ ਕੇ ਪੈ ਗਈ ਸੀ। ਰਸੂਲ ਤੋਂ ਛੋਟਾ ਨਜ਼ੀਰ, ਆਪਣੇ ਕਮਰੇ 'ਚੋਂ ਨਿਕਲ ਕੇ ਰਸੂਲ ਦੇ ਪਿੱਛੇ ਆ ਖੜ੍ਹਿਆ ਸੀ। ਚੜ੍ਹਿਆ ਸਾਹ ਠੀਕ ਕਰ ਕੇ ਰਸੂਲ ਨੇ ਦਰਵਾਜ਼ੇ ਦੀ ਕੁੰਡੀ ਲਾਹੀ ਸੀ...

...ਦਰਵਾਜ਼ਾ ਖੋਲ੍ਹਦੀ ਸਾਰ ਅਸਾਲਟ ਦੀ ਬੈਰਲ ਉਹਦੀ ਛਾਤੀ ਨਾਲ ਆ ਲੱਗੀ ਸੀ। ਅਚੇਤ ਹੀ ਰਸੂਲ ਦਾ ਹੱਥ ਬੈਰਲ ਨੂੰ ਜਾ ਪਿਆ ਸੀ। ਜਿਵੇਂ ਵਾਰ ਤੋਂ ਬਚਣ ਲਈ ਕੋਈ ਦਾਹ ਦਾ ਫਲ਼ ਫੜ ਲਵੇ-

"ਹੱਥ ਹਟਾ...ਸਿੱਧੀ ਕਰਕੇ ਮਾਰੂੰ...ਦੋਹਾਂ ਵਿਚੋਂ ਜਾਊ ਗੋਲੀ..." ਅਸਾਲਟ ਵਾਲੇ ਮੁੰਡੇ ਨੇ ਪਹਿਲਾਂ ਰਸੂਲ ਤੇ ਫਿਰ ਨਜ਼ੀਰ ਵੱਲ ਘੂਰ ਕੇ ਦੇਖਦਿਆਂ ਕਿਹਾ ਸੀ। ਰਸੂਲ ਦਾ ਹੱਥ ਬੇ-ਜਾਨ ਹੋ ਕੇ ਲਟਕ ਗਿਆ ਸੀ। ਅਮਰੀਕੀ ਮਿਲਟਰੀ ਜੈਕੇਟ ਵਾਲਾ ਉਹ ਮੁੰਡਾ ਰਸੂਲ ਨੂੰ ਬੈਰਲ ਨਾਲ ਧੱਕਦਾ ਅੰਦਰ ਆ ਵੜਿਆ ਸੀ। ਚਾਰ ਹੋਰ ਉਸਦੇ ਪਿੱਛੇ ਸਨ-

" ਬੰਦਾ ਚਾਹੀਦੈ...ਕੌਣ ਚੱਲੂ? ਉਹਨੇ ਪਹਿਲਾਂ ਅੱਬਾ ਤੇ ਨਜ਼ੀਰ ਵੱਲ ਦੇਖਿਆ। ਫੇਰ ਉਹਦੀ ਨਜ਼ਰ ਰਸੂਲ 'ਤੇ ਆ ਕੇ ਟਿਕ ਗਈ, "ਤੂੰ...", ਉਹਨੇ ਰਸੂਲ ਦੇ ਮੋਢੇ 'ਤੇ ਹੱਥ ਰੱਖਿਆ ਸੀ। ਫੇਰ ਹੱਸਿਆ ਸੀ-

"ਤੂੰ ਤਾਂ ਕੰਬੀ ਜਾਨੈਂ ਭਾਈਜਾਨ! ਜਾਣ ਦੇ ਨਾਂ 'ਤੇ ਈ ਕਾਂਬਾ ਛਿੜ ਗਿਆ!! ਕਸ਼ਮੀਰ ਲੈਣ ਲਈ ਤਾਂ ਜਾਨਾਂ ਵਾਰਨੀਆਂ ਪੈਣੀਐਂ..."

ਰਸੂਲ ਦੇ ਪਿੱਛੇ ਖੜ੍ਹੇ ਨਜ਼ੀਰ ਦੇ ਮਨ 'ਚ ਆਇਆ ਸੀ ਬਈ ਪੁੱਛੇ, 'ਕਸ਼ਮੀਰ ਹੈਗੀ ਤਾਂ ਸਹੀ...ਲੈਣੀ ਕੀਹਤੋਂ ਐਂ', ਪਰ ਰਸੂਲ ਦੇ ਗਲ ਨਾਲ ਲੱਗੀ ਬੈਰਲ ਨੇ ਉਹਦਾ ਵੀ ਸਾਹ ਘੁੱਟਿਆ ਹੋਇਆ ਸੀ । ਸਾਹਮਣੇ ਖੜ੍ਹਾ ਮੁੰਡਾ ਰਸੂਲ ਨੂੰ ਆਦੇਸ਼ ਦੇ ਰਿਹਾ ਸੀ-

"ਚਲ ਬੈਠ!", ਉਹਨੇ ਰਸੂਲ ਨੂੰ ਖਿੱਚ ਕੇ ਸਟੂਲ 'ਤੇ ਬਿਠਾ ਲਿਆ ਸੀ-

"ਹੂੰ...!" ਉਹਨੇ ਆਪਣੇ ਨਾਲ ਆਏ ਮੁੰਡਿਆਂ ਵਿਚੋਂ ਇਕ ਨੂੰ ਇਸ਼ਾਰਾ ਕੀਤਾ। ਉਹ ਮੁੰਡਾ ਅੱਗੇ ਆਇਆ।ਆਪਣੇ ਬੈਕ-ਪੈਕ 'ਚੋਂ 'ਪੀਅਰਸਿੰਗ' ਮਸ਼ੀਨ ਕੱਢੀ। ਇਸ ਤੋਂ ਪਹਿਲਾਂ ਕਿ ਕਿਸੇ ਦੇ ਕੁੱਛ ਸਮਝ ਆਉਂਦਾ,ਰਸੂਲ ਦੇ ਮੂਹੋਂ ਨਿਕਲੀ 'ਸੀਅ' ਉਹਨਾਂ ਤਕ ਪਹੁੰਚਦੀ, ਉਹਨੇ ਇਕ 'ਸਟੱਡ' ਉਹਦੇ ਕੰਨ ਦੀ ਲੌਲ ਵਿਚ ਜੜ ਦਿੱਤਾ ਸੀ-

"ਡਰ ਨਾ...ਥੋਨੂੰ ਇਕ ਗੇਮ ਦਿਖਾਉਂਦੇ ਆਂ", ਉਹਨੇ ਆਪਣਾ 'ਹੈਂਡ ਸੈੱਟ' ਆਨ ਕੀਤਾ ਸੀ, "ਹੁਣ ਤੁਰ ਕੇ ਦਿਖਾ"...

ਰਸੂਲ ਤੁਰਿਆ ਤਾਂ ਮੁੰਡੇ ਨੇ ਆਪਣਾ ਹੈਂਡ ਸੈੱਟ ਨਜ਼ੀਰ ਦੀਆਂ ਅੱਖਾਂ ਸਾਹਮਣੇ ਕੀਤਾ। ਸਕਰੀਨ 'ਤੇ ਇਕ ਮੱਖੀ ਰਸੂਲ ਦੇ ਨਾਲ ਨਾਲ ਤੁਰਨ ਲੱਗੀ...

"ਬੋਲ, ਕਸ਼ਮੀਰ ਜ਼ਿੰਦਾਬਾਦ", ਉਸ ਨੇ ਰਸੂਲ ਨੂੰ ਕਿਹਾ।

"ਕਸ਼ਮੀਰ ਜ਼ਿੰਦਾਬਾਦ!", ਰਸੂਲ ਨੇ ਕਿਹਾ।

ਸਾਰਿਆਂ ਨੂੰ ਉਸ ਮੁੰਡੇ ਦਾ ਹੁਕਮ ਤੇ ਰਸੂਲ ਦੀ ਡਰੀ ਆਵਾਜ਼ ਹੈਂਡਸੈੱਟ 'ਚੋਂ ਸੁਣਾਈ ਦਿੱਤੀ।

"ਬੋਲ ਹਿੰਦੋਸਤਾਨ ਮੁਰਦਾਬਾਦ",

... ਰਸੂਲ ਚੁੱਪ ਰਿਹਾ...

"ਸੁਣਿਆ ਨੀ...ਬੋਲ ਹਿੰਦੋਸਤਾਨ ਮੁਰਦਾਬਾਦ"। ਰਸੂਲ ਨਾ ਬੋਲਿਆ ਤਾਂ ਉਹਨੇ ਅਸਾਲਟ ਦੀ ਨਾਲੀ ਨਜ਼ੀਰ ਦੀ ਪੁੜਪੁੜੀ 'ਤੇ ਲਾ ਲਈ... ਇਸ ਵਾਰ ਰਸੂਲ ਦੇ ਨਾਲ ਸਾਰਾ ਪਰਿਵਾਰ ਬੋਲਿਆ-

"ਹਾਂ...ਹੁਣ ਬਣੀ ਐ ਗੱਲ...ਦੇਖਿਆ...! ਤੇਰੀ ਹਰ ਹਰਕਤ ਸਾਨੂੰ ਦਿਸਦੀ ਐ ਤੇ ਸਾਹ ਵੀ ਸੁਣਦੈ! ਤੂੰ ਕੁਛ ਨੀ ਕਰਨਾ...ਕੁਛ ਵੀ ਨੀ...ਬੱਸ ਸਾਡੇ ਅੱਗੇ ਅੱਗੇ ਤੁਰਦੇ ਜਾਣੈ। ਰਸਤਾ ਸਾਫ ਹੋਇਆ ਤਾਂ ਸੜਕ ਪਾਰ ਕਰ ਕੇ ਤੂੰ ਮੁੜ ਪੈਣੈ। ਮਿਲਟਰੀ ਮਿਲੀ ਤਾਂ ਤੂੰ ਆਪਣਾ ਨਾਂ ਪਤਾ ਦੱਸ ਕੇ ਬਚਜੇਂਗਾ। ਪਰ ਹਾਲ ਦੀ ਘੜੀ ਕਾਰਡ ਕੋਲ਼ ਐ ਤਾਂ ਕੱਢ ਕੇ ਰੱਖ ਦੇ। ਹਾਂ...।ਹਾਂ! ਤੇਰੇ ਕੰਨ ਦਾ ਰਿਮੋਟ ਵੀ ਐ ਸਾਡੇ ਕੋਲ਼...ਇਸ ਲਈ...ਸਮਝ ਗਿਆ ਨਾ!...ਤੇ ਤੁਸੀਂ..." ਉਹਨੇ ਡਰੇ ਖੜ੍ਹੇ ਨਜ਼ੀਰ ਤੇ ਅਵਾਕ ਖੜ੍ਹੇ ਅੱਬਾ ਵੱਲ ਦੇਖਦਿਆਂ ਕਿਹਾ...ਸਾਡੇ ਮੁੜਨ ਤਕ ਦੋ ਮੁਰਗੇ ਹਲਾਲ ਕਰ ਛੱਡੋ...ਵਥੇਰੇ ਨੇ ਖੁੱਡੇ 'ਚ...ਮਸਾਲਾ ਤੇਜ਼ ਰੱਖਿਓ... ਕੰਮ ਲੱਗੇ ਬੰਦੇ ਲਈ ਉਡੀਕਣਾ ਸੌਖਾ ਰਹਿੰਦੈ। ਸਮਝਗੇ ਨਾ?"...

ਸਾਰੇ ਸਮਝ ਗਏ ਸਨ। ਤੁਰਨ ਤੋਂ ਪਹਿਲਾਂ ਰਸੂਲ ਨੇ "ਚੰਗਾ ਅੱਬਾ! ਚਲਦੈਂ", ਕਿਹਾ ਸੀ। ਇਕ ਪਲ ਲਈ ਬਸ਼ੀਰਾਂ ਦੀ ਢਕੀ ਦੇਹ ਵੱਲ ਦੇਖਿਆ ਸੀ ਤੇ ਨਜ਼ੀਰ ਨੂੰ ਗਲਵੱਕੜੀ ਪਾਈ ਸੀ-

"ਬਸ਼ੀਰਾਂ ਤੇ..." ਅਨਵਰੀ ਦਾ ਨਾਂ ਉਹਨੇ ਅਣਕਿਹਾ ਛੱਡ ਦਿੱਤਾ ਸੀ, "ਹੁਣ ਤੂੰ ਹੀ ਐਂ...ਸਭ ਦਾ...ਖਿਆਲ ਰੱਖੀਂ..."। ਬਾਕੀ ਗੱਲ ਰਸੂਲ ਦੇ ਹੰਝੂਆਂ ਵਿਚ ਵਹਿ ਗਈ ਸੀ। ਨਜ਼ੀਰ ਦੇ ਕੁਛ ਬੋਲਣ ਤੋਂ ਪਹਿਲਾਂ ਈ ਬਸ਼ੀਰਾਂ ਇਕ ਦਮ ਉਠ ਕੇ ਅਸਾਲਟ ਵਾਲੇ ਮੁੰਡੇ ਦੇ ਸਾਹਮਣੇ ਆ ਖੜ੍ਹੀ...

"ਨਾ ਵੇ ਵੀਰ...ਅਸੀਂ ਗ਼ਰੀਬ...ਕਿਸੇ ਨੂੰ ਕੀ ਕਹਿਨੇ ਐਂ...", ਬਾਕੀ ਦੀ ਮਿੰਨਤ ਤਾਂ ਉਹਦੇ ਕੰਬਦੇ ਹੱਥਾਂ ਨੇ ਤੇ ਰੁੱਧੇ ਹੋਏ ਗਲ਼ 'ਚੋਂ ਨਿਕਲਦੇ ਹਉਕਿਆਂ ਨੇ ਈ ਕੀਤੀ ਸੀ-

"ਅਸੀਂ ਵੀ ਗ਼ਰੀਬ ਘਰਾਂ 'ਚੋਂ ਈ ਆਂ ਬੀਬੀ...ਅੱਜ ਆਜ਼ਾਦੀ ਨੂੰ ਤਾਂ ਖ਼ੂਨ ਸਾਡੇ 'ਚੋਂ ਕਿਸੇ ਨੇ ਪਲਾਉਣੈ...", ਉਹਨੇ ਆਪਣੇ ਸਾਥੀਆਂ ਵੱਲ ਦੇਖਦਿਆਂ ਰਸੂਲ ਦੇ ਮੋਢੇ 'ਤੇ ਹੱਥ ਰੱਖਿਆ, "ਇਹਨੇ ਤਾਂ ਸੜਕ ਤਕ ਰਾਹ ਸਾਫ ਦੇਖਣੈ, ਇਕ ਨੂੰ ਛੱਡ ਕੇ ਅਸੀਂ ਇਹਦੇ ਪਿੱਛੇ ਈ ਫੇਰ ਮੁੜ ਆਉਣੈ..."।

ਬਸ਼ੀਰਾਂ ਨੇ ਰਸੂਲ ਦੀ ਬਾਂਹ ਫੜ ਲਈ, "ਨਾ ਜਾਹ...ਮਾਰ ਦੇਣ ਸਾਰਿਆਂ ਨੂੰ"।

ਰਸੂਲ ਦੇ ਮੂਹਰੇ ਜਾ ਖੜ੍ਹੀ ਬਸ਼ੀਰਾਂ ਨੂੰ ਉਹਨੇ ਖਿੱਚ ਕੇ ਪਰੇ ਕੀਤਾ ਤੇ ਗੁੱਸੇ 'ਚ ਬੋਲਿਆ- "ਬੱਸ ਕਰ ਬੀਬੀ...ਕਿਉਂ ਪਰਿਵਾਰ ਦਾ ਨਾਂ ਦੇਸ਼ ਧ੍ਰੋਹੀਆਂ 'ਚ ਲਿਖਾਉਣ ਨੂੰ ਫਿਰਦੀ ਐਂ! ਸਿਵਲ ਦੇ ਫਰਜ਼ ਤਾਂ ਪੂਰੇ ਕਰੋ...ਚਲ ਬਈ, ਲੱਗ ਅੱਗੇ...", ਉਹ ਸਾਰੇ ਘਰ 'ਤੇ ਨਿਗ੍ਹਾ ਮਾਰਦਾ ਤੁਰ ਪਿਆ ਸੀ-

"ਫੈਰਨ...", ਖਿੱਚੇ ਜਾਣ ਨਾਲ ਡਿਗਦੀ ਡਿਗਦੀ ਬਸ਼ੀਰਾਂ ਸੰਭਲਦੀ ਸਾਰ ਟੰਗਣੇ ਤੋਂ ਰਸੂਲ ਦਾ ਫੈਰਨ (ਸਰਦੀਆਂ 'ਚ ਉਪਰ ਦੀ ਪਾਉਣ ਵਾਲਾ ਗਾਊਨ) ਲਾਹ ਲਿਆਈ ਸੀ... "ਰਹਿਣ ਦੇ...ਨਜ਼ੀਰ



ਦੇ ਕੰਮ ਆਊ", ਅੱਖਾਂ ਪੂੰਝਦੇ ਰਸੂਲ ਨੇ ਕਿਹਾ ਸੀ ਤੇ ਉਹਨਾਂ ਦੇ ਅੱਗੇ ਲੱਗ ਤੁਰਿਆ ਸੀ। ਦਰਵਾਜ਼ੇ 'ਚ ਜਾ ਕੇ ਉਹ ਮੁੰਡਾ ਨਜ਼ੀਰ ਵੱਲ ਮੂੰਹ ਕਰਕੇ ਬੋਲਿਆ ਸੀ-"ਜੇ ਅਸੀਂ ਨਾ ਮੁੜੇ ਤਾਂ...ਗੋਸ਼ਤ ਦਰਿਆ 'ਚ ਵਹਾ ਆਈਂ। ਮਿਲਟਰੀ ਐਨੇ ਗੋਸ਼ਤ 'ਤੇ ਸ਼ੱਕ ਕਰੂਗੀ...ਖ਼ੁਦਾ ਹਾਫਿਜ਼..."

ਉਹਨਾਂ ਦੇ ਜਾਣ ਤੋਂ ਬਾਅਦ ਵੀ ਕਿੰਨੀ ਦੇਰ ਸਾਰੇ ਸੁੰਨ ਖੜ੍ਹੇ ਰਹੇ ਸਨ। ਕਾਹਲ਼ੇ ਪੈਰਾਂ ਹੇਠ ਤਿੜਕਦੇ ਅਖਰੋਟਾਂ ਤੇ ਮੁਰਗੇ ਮੁਰਗੀਆਂ ਦੀ ਕੁੜ ਕੁੜ ਟਿਕ ਜਾਣ ਬਾਅਦ ਨਜ਼ੀਰ ਬਾਹਰ ਨਿਕਲਿਆ ਸੀ। ਅੱਬਾ ਮੁਰਗੇ ਫੜਨ ਲਈ ਬਾਹਰ ਨਿਕਲਿਆ ਤਾਂ ਨਜ਼ੀਰ ਦੋ ਮੁਰਗਿਆਂ ਦੀਆਂ ਗਰਦਣਾਂ ਹੱਥ 'ਚ ਲਟਕਾਈਂ ਆਉਂਦਾ ਦਰਾਂ 'ਚ ਮਿਲਿਆ ਸੀ। ਸਾਰੇ ਹੈਰਾਨ ਹੋਏ ਸਨ। ਹੱਥੀਂ ਮੁਰਗਾ ਹਲਾਲ ਕਰਨਾ ਜਾਂ ਸਾਫ ਕਰਨਾ ਤਾਂ ਇਕ ਪਾਸੇ ਰਿਹਾ, ਨਜ਼ੀਰ ਤਾਂ ਇਹ ਸਭ ਹੁੰਦਾ ਵੀ ਦੇਖ ਨਹੀਂ ਸੀ ਸਕਦਾ...

...ਗੋਸ਼ਤ ਲਗ ਪਗ ਤਿਆਰ ਸੀ ਜਦੋਂ ਉਹ ਮੁੜੇ। ਉਹ ਕਾਹਲ਼ੀ ਵਿਚ ਸਨ ਤੇ ਰਸੂਲ ਉਹਨਾ ਦੇ ਨਾਲ ਨਹੀਂ ਸੀ-

"ਬੇਟਾ ਥੋਡਾ ਬੜਾ ਕਮਦਿਲ ਨਿਕਲਿਆ", ਉਹਨਾਂ ਨੇ ਅੱਬਾ ਨੂੰ ਉਲ਼ਾਂਭਾ ਦਿੱਤਾ ਸੀ, "ਜੇ ਆਈ. ਡੀ. ਨਾ ਲਾਈ ਹੁੰਦੀ ਤੇ ਰਿਮੋਟ ਦੀ ਰੇਂਜ 'ਚ ਨਾ ਆਉਂਦਾ...ਬੜਾ ਨੁਕਸਾਨ ਕਰਵਾ ਦੇਣਾ ਸੀ..."

"ਪਰ ਰਸੂਲ ਹੈ ਕਿੱਥੇ?", ਬਸ਼ੀਰਾਂ ਨੇ ਡਰਦੀ ਡਰਦੀ ਨੇ ਪੁੱਛਿਆ ਸੀ-

"ਥੋਡੇ ਸਮਝ ਨੀ ਆਈ ਅਜੇ...ਸਮਝਾ ਬਈ..." ਉਹਨੇ ਆਪਣੇ ਸਾਥੀਆਂ 'ਚੋਂ ਇਕ ਨੂੰ ਕਿਹਾ ਸੀ।

ਉਹਨਾਂ ਨੇ ਦੱਸਿਆ ਸੀ ਕਿ ਰਸੂਲ ਨੂੰ ਮਿਲਟਰੀ ਦੀ ਪੈਟਰੋਲਿੰਗ ਪਾਰਟੀ ਮਿਲ ਗਈ ਸੀ...ਤੇ ਉਹਨਾਂ ਨੂੰ ਮਜਬੂਰੀ ਵਸ ਰਿਮੋਟ ਦਾ ਬਟਨ ਦਬਾਉਣਾ ਪੈ ਗਿਆ ਸੀ। ਇਹ ਕਿ ਉਹਨਾਂ ਨੂੰ ਬੜਾ ਅਫਸੋਸ ਸੀ। ਉਹ ਅਜੇ ਨਜ਼ੀਰ ਦੇ ਘਰ ਹੀ ਸਨ ਜਦੋਂ ਟੀ.ਵੀ. 'ਤੇ ਖਬਰ ਆ ਗਈ ਸੀ ਕਿ ਇਕ ਫਿਦਾਈਨ ਹਮਲੇ ਦੌਰਾਨ ਫੌਜ ਦੇ ਪੰਜ ਜਵਾਨ ਤੇ ਇਕ ਨਾਇਬ ਸੂਬੇਦਾਰ ਸ਼ਹੀਦ ਹੋ ਗਏ ਸਨ...

ਗੋਸ਼ਤ ਲੈ ਕੇ,ਪਰਿਵਾਰ ਨੂੰ 'ਸ਼ਹਾਦਤ' ਦੀਆਂ ਮੁਬਾਰਕਾਂ ਦਿੰਦੇ ਉਹ ਚਲੇ ਗਏ ਸਨ-

"ਜਾਓ...ਜ਼ਾਲਿਮੋਂ! ਥੋਨੂੰ ਵੀ ਕਬਰ ਨਸੀਬ ਨਾ ਹੋਵੇ", ਬਸ਼ੀਰਾਂ ਦੇ ਗਲ਼ 'ਚ ਰਹਿ ਗਈ ਚੀਕ ਉੱਤੋਂ ਦੀ 'ਉਹਨਾਂ' ਦੇ ਕਾਹਲ਼ੇ ਤੇ ਉਤਸ਼ਾਹ ਭਰੇ ਕਦਮਾਂ ਦੀ ਆਵਾਜ਼ ਨਜ਼ੀਰ ਹੋਰਾਂ ਨੂੰ ਇਕ ਵਾਰ ਫਿਰ ਸੁਣੀ ਸੀ...

...ਉਸ ਸਾਲ, ਰਸੂਲ ਦੇ ਮਰਨ ਮਗਰੋਂ ਵੀਹਾਂ ਵਰ੍ਹਿਆਂ ਦਾ ਨਜ਼ੀਰ ਇਕ ਦਮ ਪਰਿਵਾਰ ਦਾ ਪਾਲਣਹਾਰਾ ਬਣ ਗਿਆ ਸੀ। ਉਹ ਪਹਿਲੀ ਵਾਰ ਰਸੂਲ ਤੋਂ ਬਿਨਾਂ 'ਗੜ੍ਹ' ਆਇਆ ਸੀ। ਪੰਡਿਤ ਪਰਸ ਰਾਮ ਦੇ ਪਿੰਡ। ਬਸ਼ੀਰਾਂ ਪਹਿਲੀ ਵਾਰ ਆਈ ਸੀ। ਬਸ਼ੀਰਾਂ ਤੇ ਪਿੰਡ ਦੀਆਂ ਔਰਤਾਂ ਦਰਮਿਆਨ, ਮੂਲ਼ੀ,ਪਿਆਜ਼ ਵਿਚ ਕੁੱਟੇ ਅਖਰੋਟ ਦੀ ਚਟਨੀ ਸਾਂਝ ਦਾ ਪੁਲ਼ ਬਣ ਗਈ ਸੀ। ਪਰ ਉਦੋਂ ਨਜ਼ੀਰ ਦੇ ਤਿੱਖੇ ਨੈਣ ਨਕਸ਼ਾਂ 'ਤੇ ਫਿਕਰ ਦੇ ਨਾਲ ਨਾਲ ਇਕ ਉਤਸ਼ਾਹ ਵੀ ਸੀ ਜਿਹੜਾ ਕਿਸੇ ਦੇ ਚਿਹਰੇ 'ਤੇ ਉਦੋਂ ਆਉਂਦਾ ਹੈ ਜਦੋਂ ਕੋਈ ਕਿਸੇ ਵੱਡੀ ਲੜਾਈ ਵਿਚ ਪਿਆ ਮਹਿਸੂਸ ਕਰਦਾ ਹੈ।ਪਰ ਹੁਣ...

...ਹੁਣ ਪਰਸ ਰਾਮ ਦੇ ਸਾਹਮਣੇ ਬੈਠੇ ਮਰਨਹਾਰ ਬੰਦੇ 'ਚ ਨਜ਼ੀਰ ਦੀ ਸਿਰਫ ਝਲਕ ਮਾਤਰ ਹੀ ਬਾਕੀ ਸੀ...ਬਾਂਹ 'ਚੋਂ ਸਿੰਮ ਆਇਆ ਖ਼ੂਨ ਅਤੇ ਵਾਰ ਵਾਰ ਮੱਥੇ ਨੂੰ ਜਾ ਲਗਦਾ ਨਜ਼ੀਰ ਦਾ ਸੱਜਾ ਹੱਥ, ਕੁਛ ਅਜਿਹਾ ਕਰ ਰਹੇ ਸਨ ਜਿਹੜਾ ਪਰਸ ਰਾਮ ਦੇ ਅੰਦਰ ਹੌਲ ਪਾਉਂਦਾ-

"ਤੂੰ ਚਾਹ ਪਾਣੀ ਪੀ ਪਹਿਲਾਂ, ਫੇਰ ਦੇਖਦੇ ਐਂ", ਕੁਰਸੀ ਰੱਖਦਿਆਂ ਪਰਸ ਰਾਮ ਨੇ ਨਜ਼ੀਰ ਨੂੰ ਕਿਹਾ ਤੇ ਆਪ ਰਸੋਈ ਵਿਚ ਚਲਿਆ ਗਿਆ। ਸਰਲਾ ਵੀ ਉਸ ਦੇ ਮਗਰੇ ਆ ਗਈ-

"ਪਾਣੀ ਪਲਾ ਕੇ ਤੋਰ ਪਰੇ...ਖਬਰੈ ਕੀ ਕਰ ਕੇ ਆਇਐ...ਇਹੀ ਲੋਕ ਨੇ ਜਿਹੜੇ ਪੱਥਰ ਮਾਰਦੇ ਨੇ", ਪਰਸ ਰਾਮ ਨਾਲ ਗੱਲ ਕਰਦਿਆਂ ਉਹਨੇ ਦੋ ਤਿੰਨ ਵਾਰ ਨਜ਼ੀਰ ਵੱਲ ਵੇਖਿਆ। ਉਹ ਅਜੇ ਵੀ ਦੇਹਲ਼ੀਆਂ 'ਤੇ ਬੈਠਾ ਸੀ-

"ਪਹਿਲਾਂ ਪੁੱਛ ਤਾਂ ਲਈਏ ਬਈ ਹੋਇਆ ਕੀ ਐ...ਅਗਲਾ ਆਸਰਾ ਤੱਕ ਕੇ ਆਇਐ...ਬਾਰਾਂ ਸਾਲਾਂ ਦਾ ਸੀ ਜਦੋਂ ਰਸੂਲ ਨਾਲ ਪਹਿਲੀ ਵਾਰ ਆਇਐ...ਸਮਝ ਲੈ ਅੱਧਾ ਤਾਂ ਆਪਣੇ ਕੋਲ਼ ਰਹਿ ਕੇ ਪਲ਼ਿਐ..."।

"ਪਲ਼ਿਐ...ਤਾਂ ਗਲ਼ ਪਾਉਣੈ...ਮੁਲਕ ਦੇ ਹਾਲਾਤ ਤਾਂ ਦੇਖ ਲੋ...ਕਸ਼ਮੀਰੀਆਂ ਦਾ ਤਾਂ ਨਾਂ ਲਏ ਤੋਂ ਮਾਰੀ ਜਾਂਦੇ ਨੇ ਅਗਲੇ...ਨਾਲੇ ਇਹਨਾਂ ਨੇ ਕਿਹੜਾ ਘੱਟ ਕੀਤੀ ਐ...ਸਾਰੇ ਪੰਡਿਤ ਭਜਾ ਤੇ ਕਸ਼ਮੀਰ 'ਚੋਂ...ਕੱਢ ਪਰੇ...",ਪਰਸ ਰਾਮ, ਤਲਖ ਹੋਈ ਸਰਲਾ ਦੇ ਡਰੇ ਚਿਹਰੇ ਨੂੰ ਪਲ ਕੁ ਦੇਖਦਾ ਰਿਹਾ।ਉਹ ਠੀਕ ਕਹਿੰਦੀ ਸੀ...ਡਰ ਸੱਚਾ ਸੀ ਪਰ...

"ਪਰ ਉਹਨੇ ਚੌਂਕੀਦਾਰ ਦਾ ਦਰ ਖੜਕਾਇਐ...", ਪਰਸ ਰਾਮ ਦੇ ਅੰਦਰੋਂ ਫੁੱਫੜ ਬੋਲਿਆ ਸੀ। ਕਿਸੇ ਨੇ ਅੱਧੀ ਰਾਤੀਂ ਵੀ ਆਵਾਜ਼ ਦੇਣੀ ਤਾਂ ਫੁੱਫੜ ਨੇ ਕੌਲ਼ੇ ਓਹਲਿਓਂ ਡਾਂਗ ਚੁੱਕਣੀ ਤੇ ਅਗਲੇ ਦੇ ਨਾਲ ਤੁਰ ਪੈਣਾ। ਭੂਆ ਨੇ ਗੁੱਸਾ ਕਰਨਾ-

"ਹੁਣ ਤੂੰ ਦੇਖੇਂਗਾ ਮੌਕਾ ਵਾਰਦਾਤ..."-

"ਹੋਰ ਕੀ...ਜੇ ਐਨਾ ਵੀ ਨੀ ਸਰਦਾ ਫੇਰ ਚੌਂਕੀਦਾਰੀ ਕਾਹਦੀ ਐ...ਹੈਂ!", ਫੁੱਫੜ ਨੇ ਸਮਝਾਉਣਾ, "ਮੇਰੀ ਹਾਕ 'ਤੇ ਵੀ ਤਾਂ ਜਾਗਦੇ ਈ ਨੇ ਅਗਲੇ...ਪਹਿਲੇ ਹੋਕੇ ਪਿੰਡ 'ਕੱਠਾ ਹੋ ਜਾਂਦੈ...ਕੋਈ ਹੋਰ ਕਰ ਕੇ ਦਿਖਾਵੇ...", ਫੁੱਫੜ ਮਾਣ ਨਾਲ ਕਹਿੰਦਾ। ਫੁੱਫੜ ਦੀ ਇਸ ਗੱਲ ਨੇ ਪਰਸ ਰਾਮ ਨੂੰ ਹੌਸਲਾ ਦਿੱਤਾ। ਸਰਲਾ ਤੋਂ ਪਾਣੀ ਫੜਦਿਆਂ ਉਹਨੇ ਸਰਲਾ ਨੂੰ ਘੱਟ, ਆਪਣੇ ਆਪ ਨੂੰ ਬਹੁਤਾ ਕਿਹਾ ਸੀ- "ਕਿਧਰੇ ਨੀ ਪਹਾੜ ਡਿਗਦਾ..."

... ਉਹਨਾਂ ਦੀ ਹੌਲ਼ੀ ਕੀਤੀ ਗੱਲ ਵੀ ਨਜ਼ੀਰ ਨੂੰ ਅੱਧ-ਪਚੱਧੀ ਸੁਣ ਗਈ। ਉਹ ਸਮਝ ਗਿਆ ਕਿ ਪੰਡਿਤ ਜੀ ਡਰ ਰਹੇ ਸਨ। ਇਕ ਪਲ ਉਹਦੇ ਅੰਦਰ ਵੀ ਸ਼ੱਕ ਉਭਰਿਆ, 'ਫੜਾਏ ਨਾ ਦੇਣ ਕਿਤੇ...ਬੰਦੇ ਦੇ ਮਨ ਦਾ ਕੀ ਪਤੈ...ਪੰਡਿਤ ਜੀ ਤਾਂ ਦਬ ਕੇ ਰਹਿਣ ਵਾਲੇ ਬੰਦੇ ਨੇ...', ਪਰ ਨਾਲ ਦੀ ਨਾਲ ਹੀ ਉਹਦੇ ਅੰਦਰ ਪਰਸ ਰਾਮ ਦੀ ਵਡੱਤਣ ਯਾਦ ਆਈ। ਉਦੋਂ ਤਾਂ ਰਸੂਲ ਵੀ ਹੈਰਾਨ ਰਹਿ ਗਿਆ ਸੀ...

...ਉਦੋਂ ਉਹ ਪਹਿਲੀ ਵਾਰ ਪਰਸ ਰਾਮ ਲਈ ਕੱਚੇ ਅਖਰੋਟ ਲੈ ਕੇ ਆਏ ਸਨ। ਪਰਸ ਰਾਮ ਨੇ ਰਸੂਲ ਤੋਂ ਅਖਰੋਟ ਫੜ ਕੇ ਉਵੇਂ ਸਰਲਾ ਨੂੰ ਫੜਾ ਦਿੱਤੇ ਸਨ। ਰਸੂਲ ਹੈਰਾਨ ਹੋਇਆ ਸੀ। ਪਰਸ ਰਾਮ ਸਨਾਤਨੀ ਮਰਯਾਦਾ ਦਾ ਧਾਰਨੀ ਬ੍ਰਾਹਮਣ। ਸਵੇਰ ਸ਼ਾਮ ਪੂਜਾ ਪਾਠ ਕਰਨ ਵਾਲਾ।ਜਨੇਊ ਧਾਰੀ-

"ਪੰਡਿਤ ਜੀ...ਬਹੁਤੇ ਤਾਂ ਮੈਥੋਂ ਫੜ ਕੇ ਅਖਰੋਟ ਪਹਿਲਾਂ ਧੋਂਦੇ ਨੇ...ਤੁਸੀਂ ਸੁੱਚ ਭਿੱਟ ਮੰਨੀਓ ਨੀ...", ਰਸੂਲ ਦੀ ਗੱਲ ਸੁਣ ਕੇ ਪਰਸ ਰਾਮ ਹੱਸ ਪਿਆ ਸੀ-

"ਮੇਰਾ ਧਰਮ ਤਾਂ 'ਵਾਸੂਦੇਵ ਕਟੁੰਬਕਟਮ' ਵਿਚ ਵਿਸ਼ਵਾਸ਼ ਰੱਖਣ ਵਾਲੈ ਰਸੂਲ ਮੀਆਂ! ਭੀਲਣੀ ਦੇ ਜੂਠੇ ਬੇਰ ਖਾਣ ਵਾਲੇ 'ਸ਼੍ਰੀ ਰਾਮ' ਮੇਰੇ ਇਸ਼ਟ ਨੇ। ਜਦ ਉਹ ਕਣ ਕਣ 'ਚ ਵਿਰਜਮਾਨ ਨੇ ਤਾਂ ਤੇਰੇ 'ਚ ਵੀ ਹੋਣਗੇ ਈ..."। ਪਰਸ ਰਾਮ ਦਾ ਪਰਿਵਾਰ ਕਸ਼ਮੀਰੀ ਰੀਤੀ ਅਨੁਸਾਰ ਸ਼ਿਵਰਾਤਰੀ ਨੂੰ ਕੱਚੇ ਅਖਰੋਟ ਪਾਣੀ 'ਚ ਰੱਖ ਕੇ ਪ੍ਰਸ਼ਾਦ ਬਣਾਉਂਦਾ ਤੇ ਗਲ਼ੀ ਗਵਾਂਢ ਵੰਡਦਾ। ਅਖਰੋਟ ਦੀ ਇਹ 'ਕੁੰਭ ਭਿੱਜੀ' ਗਿਰੀ ਚਾਰੇ ਵੇਦਾਂ ਦਾ ਪ੍ਰਤਾਪ, ਪ੍ਰਸਾਦ ਮੰਨੀ ਜਾਂਦੀ।

ਨਜ਼ੀਰ ਵੀ ਪਰਸ ਰਾਮ ਲਈ ਘਰੋਂ ਹੀ ਵੱਖਰੇ, ਸੁਥਰੇ ਅਖਰੋਟ ਲੈ ਕੇ ਆਉਂਦਾ ਰਿਹਾ ਸੀ...



...ਪਰ ਨਜ਼ੀਰ ਨੇ ਪਰਸ ਰਾਮ 'ਤੇ ਭਰੋਸਾ ਸਿਰਫ ਇਸ ਲਈ ਹੀ ਨਹੀਂ ਸੀ ਕੀਤਾ ਕਿ ਉਹ ਧਰਮ ਕਾਰਨ ਬੰਦੇ ਨਾਲ ਫਰਕ ਨਹੀਂ ਸੀ ਕਰਦਾ...ਗੱਲ ਤਾਂ ਇਦੋਂ ਵੱਡੀ ਸੀ ਜਿਹੜੀ ਸਾਰੇ ਰਾਹ ਨਜ਼ੀਰ ਦਾ ਹੱਥ ਫੜੀ ਆਈ ਸੀ ਤੇ ਪਰਸ ਰਾਮ 'ਤੇ ਭਰੋਸਾ ਰੱਖਣ ਲਈ ਗਵਾਹੀ ਭਰਦੀ ਆਈ ਸੀ। ਸੀ ਤਾਂ ਨਜ਼ੀਰ ਉਦੋਂ ਛੋਟਾ ਈ...ਰਸੂਲ ਨਾਲ ਆਇਆ ਸੀ। ਉਨ੍ਹਾਂ ਦਿਨਾਂ ਵਿਚ ਪਰਸ ਰਾਮ ਦਾ ਫੁੱਫੜ ਚੌਂਕੀਦਾਰੀ ਕਰਦਾ ਸੀ ਤੇ ਪਰਸ ਰਾਮ ਹੱਟੀ 'ਤੇ ਬੈਠਦਾ ਸੀ। ਰਸੂਲ ਤੇ ਨਜ਼ੀਰ ਚਾਵਲ ਲੈਣ ਲਈ ਖੜ੍ਹੇ ਸਨ ਜਦੋਂ ਉਹ ਘਟਨਾ ਵਾਪਰੀ। ਘਟਨਾ ਕਾਹਦੀ ਵਾਪਰੀ, ਪਟਾਕਾ ਹੀ ਪਿਆ ਸੀ...

...ਹੋਇਆ ਇਹ ਸੀ ਕਿ ਸੇਮਾ ਖੱਤਰੀ ਤੇ ਬਨਾਰਸੀ ਚੌਧਰੀ ਅੱਗੜ ਪਿੱਛੜ ਦੁਕਾਨ ਵਿਚ ਆ ਵੜੇ ਸਨ-

"ਅੱਜ ਤਾਂ ਚਾਹੇ ਕਿਸੇ ਮਾਂ ਦੀ ਕੁੱਛੜ 'ਚ ਜਾ ਵੜ...ਵਾਲ਼ਾਂ ਤੋਂ ਫੜਕੇ ਘੜੀਸੂੰ..."-

"ਕੀ ਗੱਲ ਹੋ'ਗੀ ਚੌਧਰੀ...ਬੜੀ ਚੜ੍ਹਾਈ ਕੀਤੀ ਐ", ਸੌਦਾ ਤੋਲਣਾ ਛੱਡ ਕੇ ਪਰਸ ਰਾਮ ਨੇ ਪੁੱਛਿਆ ਸੀ- "ਕੀ ਖੁਨਾਮੀ ਹੋ'ਗੀ ਸੇਮੇ ਤੋਂ"-

"ਰੁਪੱਈਆ ਡੇੜ ਸੌ ਐ...ਛੇ ਮਹੀਨੇ ਹੋ'ਗੇ ਲਾਰੇ ਲਾਉਂਦੇ ਨੂੰ...ਅੱਜ ਦਿੰਨੈਂ...ਕੱਲ੍ਹ ਦਿੰਨੈਂ...", ਚੌਧਰੀ ਨੇ ਸੇਮੇ ਦਾ ਗਲ਼ਾਮਾਂ ਫੜ ਲਿਆ ਸੀ। ਪਰਸ ਰਾਮ ਨੇ ਛਡਾਉਣ ਲਈ ਹੱਥ ਫੜਿਆ ਤਾਂ ਚੌਧਰੀ ਹੋਰ ਤਪ ਗਿਆ ਸੀ-

"ਜੁੱਤੀ 'ਚ ਰਖਾਊਂ ਡੇੜ ਸੌ, ਹੁਣੇ...", ਚੌਧਰੀ ਨੇ ਸੱਜਾ ਪੈਰ ਜੁੱਤੀ 'ਚੋਂ ਕੱਢ ਕੇ ਜੁੱਤੀ ਅੱਗੇ ਖਿਸਕਾਈ।

ਪਰਸ ਰਾਮ ਨੇ ਰਾਮ ਲੀਲ੍ਹਾ ਵਾਲੇ ਰਾਵਣ ਵਾਂਗ ਤਣੇ ਖੜ੍ਹੇ ਚੌਧਰੀ ਵੱਲ ਵੇਖਿਆ ਤੇ ਆਪਣੀ ਜੇਬ 'ਚੋਂ ਕੱਢ ਕੇ ਡੇੜ ਸੌ ਰੁਪਈਆ ਉਹਦੀ ਜੁੱਤੀ 'ਚ ਰੱਖਿਆ ਤੇ ਹੱਥ ਜੋੜ ਦਿੱਤੇ -

"ਲਓ ਚੌਧਰੀ ਸਾਹਿਬ...ਸ਼ਰਤ ਪੂਰੀ ਹੋ'ਗੀ। ਹੁਣ ਮਾਫ ਕਰੋ ਇਹਨੂੰ...ਮੈਂ ਲੈ ਲੂੰ ਇਹਤੋਂ...", ਚੌਧਰੀ ਪੈਸਿਆਂ ਸਮੇਤ ਏ ਜੁੱਤੀ ਪਾ ਕੇ ਤੁਰ ਗਿਆ ਸੀ...

ਪਾਣੀ ਪੀਂਦੇ ਨਜ਼ੀਰ ਨੇ ਚੋਰੀਓਂ ਪਰਸ ਰਾਮ ਦੇ ਮੂੰਹ ਵੱਲ ਦੇਖਿਆ। ਉਹ ਡਰਿਆ ਜਿਹਾ ਨਜ਼ੀਰ ਦੀ ਬਾਂਹ ਵੱਲ ਦੇਖ ਰਿਹਾ ਸੀ। ਅਚਾਨਕ ਰਾਹ ਵਿਚ ਥਾਂ ਥਾਂ ਸੁਣੇ ਨਾਹਰੇ, ਲਲਕਾਰੇ ਨਜ਼ੀਰ ਦੇ ਅੰਦਰ ਗੂੰਜੇ- 'ਅਬ ਕੀ ਵਾਰ ਨਿਤਾਰਾ ਹੈ, ਸਭ ਕਸ਼ਮੀਰ ਹਮਾਰਾ ਹੈ'। ਨਜ਼ੀਰ ਨੇ ਆਪਣੇ ਅੰਦਰੋਂ ਉਹ ਵਿਸ਼ਵਾਸ਼ ਅਚਾਨਕ ਖੁਰਦਾ ਮਹਿਸੂਸ ਕੀਤਾ ਜਿਸ ਦੇ ਆਸਰੇ ਉਹ ਦੋ ਦਿਨ ਚਲਿਆ ਆਇਆ ਸੀ।'ਗਊ ਗ਼ਰੀਬ ਦਾ ਰਾਖਾ' ਪਰਸ ਰਾਮ ਬੁਜ਼ਦਿਲ ਲੱਗਿਆ ਸੀ। 'ਜਿਹੜੇ ਬੰਦੇ ਨੇ ਕਿਸੇ ਦੀ ਜੁੱਤੀ 'ਚ ਰੁਪਈਏ ਰੱਖ ਕੇ ਖਹਿੜਾ ਛੁਡਾਇਆ ਹੋਵੇ, ਉਹ ਮੇਰੀ ਮੱਦਦ ਕਿਵੇਂ ਕਰ ਸਕਦੈ।ਜਾਤ ਦਾ ਬ੍ਰਾਹਮਣ, ਕਿੱਤੇ ਤੋਂ ਦੁਕਾਨਦਾਰ...ਤੇ ਉਸ ਤੋਂ ਵੀ ਉੱਤੇ ਵਿਦਵਾਨ...ਲੜਨ ਜੋਗੀ ਜਾਨ ਕਿੱਥੋਂ ਆਉਣੀ ਐ...ਮੈਂ ਵੀ ਬੱਸ! ਅੱਬਾ ਨੇ ਕਿਹਾ ਤੇ ਉਠਿ ਆਇਆ...' ਨਜ਼ੀਰ ਦੀ ਬਾਂਹ 'ਚ ਚੀਸ ਪਈ ਤੇ ਦਿਲ ਡੁੱਬਣਾ ਸ਼ੁਰੂ ਹੋ ਗਿਆ।

ਪਰਸ ਰਾਮ ਦੇ ਬੋਲ ਨੇ ਨਜ਼ੀਰ ਨੂੰ ਉਹਦੇ ਅੰਦਰਲੇ ਤੌਖਲੇ 'ਚੋਂ ਕੱਢਿਆ। ਬਾਂਹ ਵੱਲ ਹੁਣ ਕੁਸ਼ ਸਹਿਜ ਨਾਲ ਦੇਖਦਾ ਪਰਸ ਰਾਮ ਪੁੱਛ ਰਿਹਾ ਸੀ-"ਬਾਂਹ ਨੂੰ ਕੀ ਹੋ ਗਿਆ"?

ਪਰਸ ਰਾਮ ਦੇ ਬੋਲ ਵਿਚਲਾ ਸਹਿਜ ਤੇ ਅਪਣੱਤ ਦੇਖ ਕੇ ਨਜ਼ੀਰ ਦੇ ਅੰਦਰਲਾ ਡਰ ਤੇ ਬੇ-ਵਿਸ਼ਵਾਸ਼ੀ ਇਕ ਵਾਰ ਫਿਰ ਪਾਸੇ ਹੋ ਗਏ। ਨਜ਼ੀਰ ਨੇ ਹਉਕਾ ਭਰਿਆ ਤੇ ਪਰਸ ਰਾਮ ਵੱਲ ਇਕ ਵਾਰ ਦੇਖ ਕੇ ਨੀਵੀਂ ਪਾ ਲਈ- "ਬਾਂਹ! ਪੰਡਿਤ ਜੀ ਸਮਝ ਲਓ ਕਿਤੇ ਕੋਈ ਬਾਂਹ ਫੜਨ ਵਾਲਾ ਨੀ ਰਿਹਾ...ਬੱਸ ਸਮਝ ਲੈ ਲੁਕਦਾ ਲੁਕਾਉਂਦਾ ਤੁਹਾਡੇ ਤਕ ਅੱਪੜਿਆਂ...", ਨਜ਼ੀਰ ਦਾ

ਗਲ਼ ਭਰ ਆਇਆ- "ਮੈਂ ਤਾਂ ਨਾ ਮੋਇਆਂ 'ਚ ਨਾ ਜਿਉਂਦਿਆਂ 'ਚ...", ਨਜ਼ੀਰ ਤੋਂ ਰੋਣ ਠੱਲ੍ਹਿਆ ਨਾ ਗਿਆ। ਅੱਖਾਂ ਪੂੰਝਣ ਲਈ ਹਿੱਲੀ ਖੱਬੀ ਬਾਂਹ 'ਚੋਂ ਦਰਦ ਦੀ ਲਾਟ ਨਿਕਲੀ ਤੇ ਉਹ ਬੇ-ਹੋਸ਼ ਹੋ ਗਿਆ-

"ਹੁਣ ! ਜੇ ਇਹ ਮਰ ਗਿਆ...", ਰੋਕਦੇ ਰੋਕਦੇ ਵੀ ਸਰਲਾ ਦੇ ਮੂਹੋਂ ਨਿਕਲ ਗਿਆ, " ਤੁਸੀਂ ਵੀ ਬੱਸ! ..."

"ਮੈਂ ਸੱਦ ਕੇ ਲਿਆਂਦੈ...ਪਾਣੀ ਲਿਆ...ਛਿੱਟੇ ਮਾਰੀਏ ਮੂੰਹ 'ਤੇ...ਸੁਰਤ ਮੁੜੇ ਇਹਦੀ"।

ਸੁਰਤ ਸਿਰ ਹੋਇਆ ਨਜ਼ੀਰ ਡਰਾਇੰਗ ਰੂਮ 'ਚ ਲੱਗੇ ਦੀਵਾਨ 'ਤੇ ਲਿਟਾਉਣ ਤਕ ਰੋਂਦਾ ਰਿਹਾ-

"ਹੁਣ"? ਸਰਲਾ ਨੇ ਫਿਕਰ ਕੀਤਾ।

"ਮਨੋਜ ਨੂੰ ਫੋਨ ਕਰ, ਮੈਡੀਕਲ ਤੋਂ ਪੱਟੀਆਂ ਤੇ ਜ਼ਖਮ 'ਤੇ ਲਾਉਣ ਲਈ ਦਵਾਈ ਲੈ ਕੇ ਆਵੇ..."

"ਕੁਸ਼ ਮੰਗਾਉਣ ਦੀ ਲੋੜ ਨੀ...ਸਭ ਕੁਸ਼ ਹੈਗਾ..."। ਨਜ਼ੀਰ ਨੇ ਅਜੇ ਤਕ ਦੇਹਲੀਆਂ 'ਚ ਪਈ ਆਪਣੀ ਗਠੜੀ ਵੱਲ ਦੇਖਦਿਆਂ ਕਿਹਾ।

ਨਜ਼ੀਰ ਦੇ ਦੱਸੇ ਅਨੁਸਾਰ ਪੱਟੀ ਖੋਲ੍ਹ ਕੇ ਟਾਂਕਿਆਂ 'ਤੇ ਦਵਾਈ ਲਾ ਕੇ ਪੱਟੀ ਲਪੇਟਦਿਆਂ ਪਰਸ ਰਾਮ ਨੇ ਕਈ ਵਾਰ ਨਜ਼ੀਰ ਦੇ ਨਾਲ ਹੀ ਚੀਸ ਵੱਟੀ...

ਨਜ਼ੀਰ ਰੋਟੀ ਖਾ ਰਿਹਾ ਸੀ ਜਦੋਂ ਮਨੋਜ ਨੇ ਆ ਕੇ ਟੀ.ਵੀ. ਲਾਇਆ...

"ਪੁਲਵਾਮਾ ਵਾਲਾ ਰੌਲ਼ਾ ਤਾਂ ਵਧ ਗਿਆ...ਜੰਗ ਲੱਗੂ", ਉਹਨੇ ਨਜ਼ੀਰ ਵੱਲ ਗਹੁ ਨਾਲ ਦੇਖ ਕੇ ਕਿਹਾ। ਘਰ ਆਉਣ ਤੋਂ ਪਹਿਲਾਂ ਨਜ਼ੀਰ ਦੁਕਾਨ 'ਤੇ ਗਿਆ ਸੀ। ਉਦੋਂ ਨਜ਼ੀਰ ਦੇ ਮੋਢੇ 'ਤੇ ਚਾਦਰ ਸੀ। ਉਹਦੀ ਵੱਢੀ ਬਾਂਹ ਦੇਖ ਕੇ ਮਨੋਜ ਦਾ ਅੰਦਰ ਹਿੱਲ ਗਿਆ ਸੀ- "ਬਾਂਹ...ਕੀ ਹੋ ਗਿਆ" !?

"ਦੱਸ ਦਿੰਦੈ...", ਪਰਸ ਰਾਮ ਨੇ ਕਿਹਾ ਤੇ ਗੱਲ ਵਿਚੇ ਛੱਡ ਕੇ ਖਬਰਾਂ ਦੇਖਣ ਲੱਗ ਪਿਆ।

... ਯੂ.ਪੀ. ਦੇ ਕਿਸੇ ਸ਼ਹਿਰ ਵਿਚ ਕਸ਼ਮੀਰੀ ਫੜ੍ਹੀ ਵਾਲਿਆਂ ਦੀ 'ਲਾਈਵ' ਕੁੱਟ-ਮਾਰ ਚੱਲ ਰਹੀ ਸੀ- "ਸਾਲੋ ਖਾਤੇ ਹਿੰਦੋਸਤਾਨ ਕਾ ਹੋ ਔਰ ਜ਼ਿੰਦਾਬਾਦ ਪਾਕਿਸਤਾਨ ਕੀ ਬੋਲਤੇ ਹੋ", ਕਸ਼ਮੀਰੀ ਬਜ਼ੁਰਗ ਨੂੰ ਕੁੱਟਣ ਵਾਲਾ ਨੌਜੁਆਨ ਚੀਕ ਰਿਹਾ ਸੀ। ਫੜਦੇ ਫੜਾਉਂਦਿਆਂ ਵੀ ਉਹ ਕਈ ਲੱਤਾਂ ਮਾਰ ਗਿਆ-

"ਬੋਲ ਬੰਦੇ ਮਾਤਰਮ...ਭਾਰਤ ਮਾਤਾ ਕੀ ਜੈ...ਪਾਕਿਸਤਾਨ ਮੁਰਦਾਬਾਦ"...

"ਨਜ਼ੀਰ ਭਾਈ...ਇਹ ਕਸ਼ਮੀਰੀ ਮੁਸਲਮਾਨ ਐਦਾਂ ਕਰਦੇ ਕਿਉਂ ਨੇ...ਪੱਥਰਬਾਜ਼ੀ ... ਪੁਲਵਾਮਾ...", ਮਨੋਜ ਨੇ ਟੀ.ਵੀ. ਤੋਂ ਨਿਗ੍ਹਾ ਹਟਾ ਕੇ ਰੋਟੀ ਖਾਂਦੇ ਨਜ਼ੀਰ ਵੱਲ ਦੇਖਿਆ-

"ਤੂੰ ਕੀ ਕਹਿਨੈਂ ਬਈ ਔਹ ਕਸ਼ਮੀਰੀਆਂ ਨੂੰ ਹਿੰਦੂ ਕੁੱਟ ਰਹੇ ਨੇ...?" ਨਜ਼ੀਰ ਦੇ ਜਵਾਬ ਦੀ ਥਾਂ ਪਰਸ ਰਾਮ ਨੇ ਸਵਾਲ ਕੀਤਾ..."ਹਿੰਦੂ ਨੀ ਤਾਂ ਹੋਰ ਕੌਣ ਨੇ...।"

ਮਨੋਜ ਖਿਝ ਗਿਆ ਸੀ। ਨਜ਼ੀਰ ਦਾ ਉਹਨਾਂ ਦੇ ਘਰ ਬੈਠਾ ਹੋਣਾ ਈ ਉਹਨੂੰ ਚੰਗਾ ਨਹੀਂ ਸੀ ਲੱਗਿਆ- "ਫਿਰ ਔਹ ਛੁਡਾਉਣ ਵਾਲੇ ਕੌਣ ਨੇ...ਉਹ ਨੀ ਹਿੰਦੂ ?...ਉਹਨਾਂ ਦੀ ਕੋਈ ਗੱਲ ਈ ਨੀ ਕਰਦਾ...?" ਪਰਸ ਰਾਮ ਦੇ ਬੋਲ ਵਿਚ ਤਲਖੀ ਆ ਗਈ ਸੀ। ਘਰ ਆਏ ਨਜ਼ੀਰ ਵੱਲ ਮਨੋਜ ਦਾ ਇੰਝ ਦੇਖਣਾ ਉਹਨੂੰ ਚੰਗਾ ਨਹੀਂ ਸੀ ਲੱਗਿਆ। ਭੂਆ ਦੇ ਗੋਦ ਲੈਣ ਤੋਂ ਪਹਿਲਾਂ ਉਹਦਾ ਬਚਪਨ ਮੁਸਲਮਾਨ ਬੱਚਿਆਂ ਨਾਲ ਖੇਡਦਿਆਂ ਹੀ ਬੀਤਿਆ ਸੀ-

"ਨਹੀਂ ਮਨੋਜ ਕੁਮਾਰ! ਨਾ ਪੱਥਰਬਾਜ਼ ਮੁਸਲਿਮਾਨ ਨੇ ਤੇ ਨਾ ਔਹ ਕਸ਼ਮੀਰੀਆਂ ਦੇ ਲੱਤਾਂ ਮਾਰਨ ਵਾਲੇ ਹਿੰਦੂ...ਦੋਹੀਂ ਪਾਸੇ ਵਰਗਲਾਈ ਹੋਈ ਭੀੜ ਐ... ਭੀੜ ਦਾ ਕੋਈ ਧਰਮ ਨੀ ਹੁੰਦਾ..."

"'ਉਹ' ਪਾਕਿਸਤਾਨ ਜ਼ਿੰਦਾਬਾਦ ਬੁਲਾ ਕੇ ਮੰਨਦੇ ਨੇ ਤੇ 'ਇਹ' ਪਾਕਿਸਤਾਨ ਮੁਰਦਾਬਾਦ", ਦ੍ਰਿਸ਼ ਦੇਖ ਕੇ ਗਲ਼ 'ਚ ਫਸ ਗਈ ਬੁਰਕੀ ਪਾਣੀ ਦੀ ਘੁੱਟ ਨਾਲ ਅੰਦਰ ਲੰਘਾਉਂਦਿਆਂ ਨਜ਼ੀਰ ਦਾ ਮਨ ਫੇਰ ਭਰ ਆਇਆ- "ਅਸੀਂ ਜ਼ਿੰਦਾ ਆਂ ਕਿ ਮੁਰਦਾ...ਸਾਥੋਂ ਕੋਈ ਨੀ ਪੁੱਛਦਾ। ਇਸ



ਵਾਰ 'ਮੌਸਮ-ਏ-ਚਿਲਾਂ' ਲੰਮਾ ਹੋ ਗਿਆ...ਅਜੇ ਵੀ 'ਪਾਰੋਂ' ਡਾਰਾਂ ਦੀਆਂ ਡਾਰਾਂ ਆਉਂਦੀਆਂ ਨੇ...ਮਿਲਟਰੀ ਹਰ ਰੋਜ਼ ਕੰਘਾ ਕਰਦੀ ਐ... ਕੀ ਕਰੀਏ...!"

"ਕਰਨਾ ਕੀ ਐ...ਤੂੰ ਰਹਿ ਨਿਸ਼ਚਿੰਤ ਹੋ ਕੇ..., ਬਾਂਹ ਵਾਲੇ ਹਾਦਸੇ ਬਾਰੇ ਦੱਸ ਜੇ ਦੱਸ ਹੁੰਦੈ...", ਪਰਸ ਰਾਮ ਨੇ ਕਿਹਾ ਤੇ ਫਿਰ ਚੁੱਪ ਛਾ ਗਈ। ਚੁੱਪ ਤੋਂ ਬਾਅਦ ਨਜ਼ੀਰ ਨੇ ਜੋ ਦੱਸਿਆ, ਉਸ ਨੇ ਉਸ ਦਿਨ ਘਰ ਵਿਚ ਹਾਜ਼ਰ ਚੌਹਾਂ ਜੀਆਂ ਨੂੰ ਸੌਣ ਨਹੀ ਸੀ ਦਿੱਤਾ। ਮਨੋਜ ਵੀ, ਜੀਹਨੇ ਪਿੰਡ ਵਿਚ ਕਸ਼ਮੀਰੀਆਂ ਦੇ ਖਿਲਾਫ ਹੁੰਦੀਆਂ ਗੱਲਾਂ ਸੁਣੀਆਂ ਸਨ, ਜਿਸਨੇ ਸੌਣ ਤੋਂ ਪਹਿਲਾਂ ਐਲਾਨ ਕਰ ਦਿੱਤਾ ਸੀ ਕਿ ਕੱਲ੍ਹ ਦਿਨ ਚੜ੍ਹਨ ਤੋਂ ਪਹਿਲਾਂ ਨਜ਼ੀਰ ਨੂੰ ਚਲੇ ਜਾਣਾ ਹੋਵੇਗਾ, ਨਜ਼ੀਰ ਨਾਲ ਵਾਪਰੇ ਨੂੰ ਸੁਤ ਉਨੀਂਦੇ ਵਿਚ ਮੁੜ ਮੁੜ ਵਾਪਰਦਾ ਦੇਖਦਾ ਰਿਹਾ...

ਉਸ ਦਿਨ ਦੀ ਸ਼ਾਮ ਸੀ ਜਿਸ ਦਿਨ ਪੁਲਵਾਮਾ ਵਾਪਰਿਆ...

...ਨਜ਼ੀਰ ਤੇ ਅਨਵਰੀ ਟੀ.ਵੀ. 'ਤੇ ਵਿਸਫੋਟ ਦੇ ਦ੍ਰਿਸ਼ ਦੇਖ ਰਹੇ ਸਨ ਜਦੋਂ ਬਸ਼ੀਰਾਂ ਨੇ ਹਾਕ ਮਾਰੀ ਸੀ..."ਨਜ਼ੀਰ...ਓ ਨਜ਼ੀਰ...", ਪਰ ਨਜ਼ੀਰ ਤੇ ਅਨਵਰੀ ਪੁਲਵਾਮਾ ਵਿਚ ਹੋਏ ਫਿਦਾਈਨ ਹਮਲੇ ਦੇ ਇਸ ਭਿਆਨਕ ਦ੍ਰਿਸ਼ ਵਿਚ ਐਨਾ ਖੋਏ ਹੋਏ ਸਨ ਕਿ ਉਹਨਾ ਨੂੰ ਬਸ਼ੀਰਾਂ ਦੀ ਆਵਾਜ਼ ਨਹੀਂ ਸੁਣੀ। ਇਕ ਦਮ ਦਰਵਾਜ਼ਾ ਖੁਲ੍ਹਿਆ ਸੀ। ਦਰਵਾਜ਼ੇ ਦੇ ਖੜਕੇ ਨਾਲ ਦੋਵੇਂ ਤ੍ਰਭਕੇ ਸਨ। ਬਸ਼ੀਰਾਂ ਦੇ ਅੰਦਰ ਆਉਣ ਤੋਂ ਪਹਿਲਾਂ ਅਨਵਰੀ ਨੇ ਟੀ.ਵੀ. ਬੰਦ ਕਰ ਦਿੱਤਾ ਤੇ ਪਿਛਲੇ ਕਮਰੇ ਵਿਚ ਦੌੜ ਗਈ ਸੀ। ਨਜ਼ੀਰ ਖੜ੍ਹਾ ਹੋ ਗਿਆ ਸੀ-

"ਕੀ ਹੋ ਗਿਆ !" ਉਹਨੇ ਬਸ਼ੀਰਾਂ ਨੂੰ ਦੇਖਕੇ ਕਿਹਾ, "ਡਰਾ ਏ ਦਿੱਤਾ ਸੀ..."

"ਮੈਂ ਕਦੋਂ ਦੀ ਸੰਘ ਪਾੜੀ ਜਾਨੀ ਆਂ...ਲੇਲਾ ਕਿੱਥੇ ਐ...ਉਹ...ਸਫੈਦ, ਸ਼ਫੀ ਵਾਲਾ...", ਬਸ਼ੀਰਾਂ ਨੂੰ ਸਾਹ ਚੜ੍ਹਿਆ ਪਿਆ ਸੀ। ਉਸ ਨੇ ਹੱਥਾਂ ਨਾਲ ਇਵੇਂ ਸਮਝਾਉਣ ਦੀ ਕੋਸ਼ਿਸ਼ ਕੀਤੀ ਜਿਵੇਂ ਲੇਲਾ ਹੱਥਾਂ 'ਚ ਫੜਿਆ ਹੋਵੇ...

"ਚੌਗਾਨ(ਵਾੜਾ) 'ਚ ਹੋਣੈ...ਅਜੇ ਹੁਣ ਤਾਂ ਤਾੜ ਕੇ ਆਇਐਂ...", ਦਰਵਾਜ਼ੇ ਦੇ ਖੜਕੇ ਨਾਲ ਪੈਦਾ ਹੋਇਆ ਡਰ ਅਜੇ ਤਕ ਉਸਦੇ ਚਿਹਰੇ 'ਤੇ ਸੀ। ਅੰਦਰੋਂ ਆਈ ਅਨਵਰੀ ਓਦੋਂ ਵੀ ਵੱਧ ਡਰੀ ਹੋਈ ਸੀ-

"ਅੰਮੀ ਤੁਸੀਂ ਵੀ ਨਾ...! ਸਾਹ ਕੱਢ ਦਿੰਨੇ ਓਂ ਅਗਲੇ ਬੰਦੇ ਦਾ। ਫੜਾਕ ਮਾਰਦੇ ਓਂ ਦਰਵਾਜ਼ਾ...।"

"ਦਰਵਾਜ਼ਾ ਬੜਾ ਅਖਰੋਟ ਦਾ ਬਣਿਆ ਹੋਇਐ ਨਾ! ਹੱਥ ਲਾਉਣ ਤੋਂ ਪਹਿਲਾਂ ਤਾਂ ਠਾਹ ਜਾ ਵੱਜਦੈ ਸਰਦਲ ਨਾਲ...ਚਲ ਤੂੰ ਵੀ...ਲੇਲਾ ਦੇਖੋ ਕਿੱਥੇ ਐ...ਦਿਨ ਛਿਪਣ 'ਤੇ ਆਇਆ ਪਿਐ...।"

'ਸ਼ਫੀ ਵਾਲਾ ਲੇਲਾ...ਕਿੱਥੇ ਰਹਿ ਗਿਆ', ਨਜ਼ੀਰ ਨੇ ਭੇਡਾਂ 'ਤੇ ਨਜ਼ਰ ਘੁਮਾਈ...ਉਹਦੀਆਂ ਆਪਣੀਆਂ ਭੇਡਾਂ ਦੀਆਂ ਪਿੱਠਾਂ ਤੇ ਗੁਲਾਲ ਲਾਇਆ ਹੋਇਆ ਸੀ ਤੇ ਸ਼ਫੀ ਵਾਲੀਆਂ ਸਾਰੀਆਂ ਇਕ ਪਾਸੇ ਬੈਠੀਆਂ ਸਨ ਤੇ ਉਹਨਾ ਦੇ ਗਲ਼ਾਂ 'ਚ ਲਾਲ ਡੋਰੀਏ ਦਿਸ ਰਹੇ ਸਨ...ਬੱਸ ਇਕ ਉਹ ਰੂੰ ਦੇ ਗੋਹੜੇ ਵਰਗਾ ਸਫੇਦ ਲੇਲਾ ਕਿਤੇ ਨਹੀਂ ਸੀ ਦਿਸ ਰਿਹਾ...

ਬਸ਼ੀਰਾਂ ਤੇ ਅਨਵਰੀ ਚੌਗਾਨ ਦੇ ਆਲ਼ੇ ਦੁਆਲੇ ਤੇ ਨਜ਼ੀਰ ਦਰਿਆ ਵੱਲ ਲੇਲੇ ਨੂੰ ਦੇਖਣ ਲਈ ਨਿਕਲਿਆ ਸੀ-

"ਅੰਦਰ, ਹੇਠ ਨਾ ਉਤਰੀਂ ਹੁਣ...ਦਿਨ ਛਿਪਣ ਵਾਲੈ...", ਆਪਣੇ ਕਦਮਾਂ ਨਾਲੋਂ ਵੀ ਕਾਹਲ਼ੀ ਉਹਨੂੰ ਬਸ਼ੀਰਾਂ ਦੀ ਆਵਾਜ਼ ਸੁਣੀ ਸੀ। ਉਹ ਉਹਨੂੰ ਜੰਗਲ਼ 'ਚ ਜਾਣੋਂ ਵਰਜ ਰਹੀ ਸੀ। ਨਜ਼ੀਰ ਨੇ ਅਸਮਾਨ ਵੱਲ ਵੇਖਿਆ। ਦਰਿਆਓਂ ਪਾਰ, ਦੇਵਦਾਰਾਂ ਦੇ ਉੱਤੇ ਸੂਰਜ ਅਜੇ ਚਮਕ ਰਿਹਾ ਸੀ। ਨਜ਼ੀਰਾਂ ਦੀ ਆਵਾਜ਼ ਦੀ ਥਾਂ ਉਸ ਨੂੰ ਆਪਣੇ ਅੰਦਰੋਂ ਰਸੂਲ ਦਾ ਮਿੱਤਰ ਸ਼ਫੀ ਬੋਲਦਾ ਸੁਣਿਆਂ-

"ਦੇਵਦਾਰਾਂ ਦੀ ਐਸ ਚਾਦਰ ਨੇ ਮੈਨੂੰ ਕਮਲਾ ਕਰ ਦੇਣੈ ਕਿਸੇ ਦਿਨ", ਸ਼ਫੀ ਕਹਿ ਰਿਹਾ ਸੀ

"ਤੂੰ ਲੈ ਜਾ ਜਾਨਵਰ...ਮੈਂ ਤਾਂ ਜੇ ਸੂਰਜ ਤੇ ਇਨ੍ਹਾਂ ਮਾਸੂਮ ਹਰੇ ਦੇਵਦਾਰਾਂ ਨੂੰ ਇਕੱਲਾ ਛੋ ਕੇ ਚਲਾ ਗਿਆ, ਗੁਨਾਹ ਹੋਜੂ...", ਹਰ ਚੌਥੇ ਦਿਨ ਸ਼ਫੀ ਨੂੰ ਝੱਲ ਚੜ੍ਹਦਾ। ਨਜ਼ੀਰ ਦਾ ਜਵਾ ਸੁਣਨ ਤੋਂ ਪਹਿਲਾਂ ਈ ਉਹ ਆਪਣੇ ਲੱਕ ਨਾਲੋਂ ਬਾਂਸੁਰੀ ਲਾਹੁੰਦਾ ਤੇ ਬਾਲੋ ਮਾਹੀਏ ਦੇ ਟੱਪਿਆਂ ' ਖੋ ਜਾਂਦਾ...ਭੇਡਾਂ ਲਈਂ ਜਾਂਦੇ ਨਜ਼ੀਰ ਨੂੰ ਦੂਰ ਤਕ ਉਹਦੀ ਹੇਕ ਸੁਣਦੀ...

*ਪਿਆਲੀ ਹੋਟਲ ਤੂੰ ਚਾਹ ਪੀਤੀ*
*ਤੇਰੀਆਂ ਮੰਨ ਮੰਨ ਕੇ ਵੇ ਅਸੀਂ ਜ਼ਿੰਦਗੀ ਤਬਾਹ ਕੀਤੀ...*

"ਕਮਲਾ ਹੋਣ 'ਚ ਜਿਵੇਂ ਅਜੇ ਕਸਰ ਰਹਿੰਦੀ ਐ...ਕਿਸੇ ਦਿਨ ਫੌਜ ਜਾਂ 'ਉਹਨਾਂ' ਅੜਿੱਕੇ ਆ ਜਾਣੈ ਇਹਨੇ...ਅੰਮੀਂ ਵਿਚਾਰੀ ਰਹਿ ਜੂ 'ਕੱਲੀ ਮਰਨ ਨੂੰ...", ਬੁੜ ਬੁੜ ਕਰਦ ਨਜ਼ੀਰ ਭੇਡਾਂ ਲੈ ਕੇ ਤੁਰ ਜਾਂਦਾ...ਸ਼ਫੀ ਦੀ ਆਵਾਜ਼ ਦੂਰ ਤਕ ਉਹਦਾ ਪਿੱਛਾ ਕਰਦੀ...

*ਵਾਅ ਰੁੱਖਾਂ ਦੇ ਵਿਚ ਸਰਕੇ...*
*ਤੁਸਾਂ ਕੀ ਲੈਣਾ ਵੇ ਤੁਸਾਂ ਕੀ ਲੈਣਾ ਵੇ ਕਿਸੇ ਦੁਖੀਏ ਨੂੰ ਤੰਗ ਕਰਕੇ...*

...ਇਕ ਘੜੀ ਤਾਂ ਨਜ਼ੀਰ ਨੂੰ ਲੇਲਾ ਭੁੱਲ ਗਿਆ ਸੀ। ਉਸਦਾ ਜੀਅ ਕੀਤਾ ਸੀ ਕਿ ਉਹ ਰੁ ਤੇ ਦੇਖੇ ਕਿ ਸ਼ਫੀ ਦੇਰ ਰਾਤ ਤਕ ਇਹਨਾਂ ਦੇਵਦਾਰਾਂ ਵਿਚੋਂ ਦੇਖੀ ਕੀ ਜਾਂਦਾ ਸੀ ਪਰ..ਦਿਨ ਛਿਪਣ ਤੋ ਬਾਅਦ ਮਿਲਟਰੀ ਦੀ 'ਨਾਈਟ ਸਰਵੇਲੈਂਸ' ਸ਼ੁਰੂ ਹੋ ਜਾਣੀ ਸੀ। ਵਾਦੀਆਂ 'ਚ ਗੂੰਜਦੀ ਸ਼ਫੀ ਦੀ ਆਵਾਜ਼ ਤੇ ਯਾਦ ਨਾਲ ਜੂਝਦਾ ਉਹ ਦਰਿਆ ਵੱਲ ਚੱਲ ਪਿਆ ਸੀ...

...ਦੋ ਮਹੀਨੇ ਪਹਿਲਾਂ ਤਕ ਭਰ ਵਗਦਾ ਦਰਿਆ ਹੁਣ ਉਤਰਿਆ ਹੋਇਆ ਸੀ। ਦਰਿਆ ਦੇ ਨਾਲ ਨਾਲ ਬਰੇਤੀ 'ਤੇ ਖੜ੍ਹਕੇ, ਪਹਾੜੀ ਦੀ ਚੜ੍ਹਾਈ 'ਤੇ ਖੜ੍ਹੇ ਸੰਘਣੇ ਦੇਵਦਾਰਾਂ ਦੀ ਹਰੀ ਚਾਦਰ ਦੇ ਵਿਚੋਂ ਲਿਸ਼ਕਦੇ ਸੂਰਜ ਵੱਲ ਦੇਖਦਿਆਂ ਨਜ਼ੀਰ ਦੀਆਂ ਅੱਖਾਂ ਭਰ ਆਈਆਂ...ਅਜਿਹੇ ਹੀ ਕਿਸੇ ਦਿਨ ਸ਼ਫੀ ਦਾ ਭੇਜਿਆ ਉਹ ਭੇਡਾਂ ਲੈ ਕੇ ਘਰ ਚਲਾ ਗਿਆ ਸੀ ਤੇ...ਸ਼ਫੀ ਮੁੜ ਨਹੀਂ ਸੀ ਮਿਲਿਆ। ਕੋਈ ਨਹੀਂ ਸੀ ਜਾਣਦਾ ਕਿ ਉਹਨੂੰ ਆਸਮਾਨ ਖਾ ਗਿਆ ਸੀ ਜਾਂ ਧਰਤੀ ਨਿਗਲ ਗਈ ਸੀ। 'ਏਧਰਲੇ' ਲੈ ਗਏ ਸਨ ਜਾਂ 'ਓਧਰਲੇ'। ਸ਼ਫੀ ਦਾ ਇੱਜੜ ਤੇ ਬੁੱਢੀ ਮਾਂ...ਨਜ਼ੀਰ ਦੇ ਭਰੋਸੇ ਜੀਅ ਰਹੇ ਸਨ...ਉਸ ਤੋਂ ਬਾਅਦ ਨਜ਼ੀਰ ਵਪਾਰ ਕਰਨ 'ਹੇਠ' ਨਹੀਂ ਸੀ ਗਿਆ...

ਉਸੇ ਸ਼ਫੀ ਦੇ ਇੱਜੜ ਵਿਚੋਂ ਇਕ ਲੇਲਾ ਕਿਤੇ ਰਹਿ ਗਿਆ ਸੀ...

ਬਰੇਤੀ 'ਤੇ ਇਜੜ ਦੀਆਂ ਪੈੜਾਂ ਇਧਰ ਹੀ ਸਨ। ਇਕ ਪੈੜ ਸੀ ਜਿਹੜੀ ਬਰੇਤੀ ਤੋਂ ਦਰਿਆ ਦੇ ਪਾਣੀ ਤਕ ਜਾਂਦੀ ਸੀ ਪਰ ਮੁੜਦੀ ਨਹੀਂ ਸੀ। ਨਜ਼ੀਰ ਨੇ ਸਲਵਾਰ ਦੇ ਪਹੁੰਚੇ ਫੜ ਦਰਿਆ ਪਾਰ ਕਰ ਲਿਆ ਸੀ। ਪਾਰ ਬਰੇਤੀ 'ਤੇ ਕੋਈ ਪੈੜ ਨਹੀਂ ਸੀ। ਨਜ਼ੀਰ ਨੇ ਫਿਰ ਦਰਿਆ ਪਾਰ ਕੀਤਾ ਸੀ...

...ਛਾਂ ਹਰ ਪਲ ਹੋਰ ਸੰਘਣੀ ਤੇ ਹਨੇਰੀ ਹੋ ਰਹੀ ਸੀ। ਹਵਾ ਵਿਚ ਮਹਿਸੂਸ ਹੁੰਦੀ ਨਮੀ, ਪੈਰਾਂ ਹੇਠ ਸਿਲ੍ਹੇ ਘਾਹ ਦਾ ਹਲਕਾ ਜਿਹਾ ਅਹਿਸਾਸ ਤੇ ਪਹਾੜਾਂ 'ਤੇ ਛਾ ਰਹੀ ਸੰਘਣੀ ਧੁੰਦ ਉਹਨੂੰ ਦੱਸ ਰਹੀ ਸੀ ਕਿ ਮੌਸਮ ਦੀ ਆਖਰੀ ਬਰਫ ਵੀ ਛੇਤੀ ਹੀ ਪੈਣ ਵਾਲੀ ਸੀ। ਉਹਦਾ ਫੈਰਨ, ਪੋਸ਼ (ਫੈਰਨ ਦੇ ਹੇਠ ਲ'ਗਿਆ ਨਿੱਘਾ ਕੱਪੜਾ) ਤੋਂ ਬਗ਼ੈਰ ਸੀ। ਉਸ ਨੂੰ ਠੰਡ ਲੱਗ ਰਹੀ ਸੀ। ਹਨੇਰਾ ਹੋ ਗਿਆ ਸੀ। ਉਹਨੂੰ ਮੁੜਨਾ ਪੈਣਾ ਸੀ। ਬੇ-ਆਸ ਹੋ ਕੇ ਮੁੜਨ ਲੱਗਿਆਂ ਉਹਨੂੰ ਅਹਿਸਾਸ ਹੋਇਆ ਕਿ ਉਹ ਜੰਗਲ ਦੇ ਅੰਦਰ ਦੂਰ ਉੱਤਰ ਆਇਆ ਸੀ...। ਇਸ ਬੇ-ਧਿਆਨੀ ਵਿਚ ਹੀ ਉਹਨੇ ਦੋ ਥਾਵਾਂ ਤੋਂ ਦਰਿਆ ਪਾਰ ਕੀਤਾ ਸੀ। ਉਹ ਮੁੜਿਆ ਤੇ ਇਸ ਤੋਂ ਪਹਿਲਾਂ ਕਿ ਉਹ ਇਹ ਦੇਖ ਲੈਂਦਾ ਕਿ ਉਹ ਦਰਿਆ ਦੇ ਕਿਹੜੇ ਪਾਸੇ ਸੀ, ਉਹਦੇ ਦੁਆਲੇ ਦੀਆਂ ਕਈ ਝਾੜੀਆਂ ਜਿਉਂਦੀਆਂ ਹੋ ਗਈਆਂ। ਉਹ ਸਮਝ ਗਿਆ ਕਿ ਉਹ 'ਐਂਬਿਉਸ਼'(Ambush) ਵਿਚ ਉਲ਼ਝ



ਗਿਆ ਸੀ। ਉਹਦੇ ਦੁਆਲੇ ਝਾੜੀਆਂ ਨਹੀਂ 'ਫੌਜੀ' ਖੜ੍ਹੇ ਸਨ। ਨਜ਼ੀਰ ਦੇ ਸਮਝਣ ਤੋਂ ਪਹਿਲਾਂ ਹੀ ਉਹ ਇਕ ਤਕੜੇ ਫੌਜੀ ਦੇ ਗੋਡਿਆਂ ਹੇਠ ਸੀ, ਜਿਸ ਨੇ ਉਹਦੀਆਂ ਦੋਵੇਂ ਬਾਹਾਂ ਪਿੱਛੇ ਜਕੜ ਲਈਆਂ ਸਨ ਤੇ ਦੂਜੇ ਨੇ ਉਸ ਦੀ ਗਰਦਨ ਥਾਏਂ ਦੱਬ ਲਈ ਹੋਈ ਸੀ। ਉਹਦੇ ਹੱਥ ਵਿਚਲਾ ਦਾਹ ਉਹਦੇ ਸਹਮਣੇ ਡਿਗ ਪਿਆ ਸੀ-

"ਹਿਲਣਾ ਨੀ...ਨਹੀਂ ਤਾਂ", ਉਹਦੀ ਇਕ ਪੁੜਪੁੜੀ ਘਾਹ ਤੋਂ ਵੀ ਹੇਠ ਮਿੱਟੀ ਨਾਲ ਜਾ ਲੱਗੀ ਸੀ ਤੇ ਦੂਜੀ ਪੁੜਪੁੜੀ 'ਤੇ ਇਕ ਫੌਜੀ ਰਾਈਫਲ ਲੱਗੀ ਹੋਈ ਸੀ-

"ਚੁੱਪ ਚਾਪ ਪਿਆ ਰਹਿ ਤੇ ਆਪਣੇ ਉਹਨਾਂ ਪਤੰਦਰਾਂ ਦੇ ਨਾਂ ਯਾਦ ਕਰ ਲੈ ਜਿਹਨਾਂ ਲਈ ਤੂੰ ਰਾਹ ਦੇਖਣ ਆਇਐਂ"।ਨਜ਼ੀਰ ਨੂੰ ਸਖਤ ਜਦਾਇਤ ਸੁਣੀ।

ਨਜ਼ੀਰ ਨੇ ਲੇਲਾ ਖੋ ਜਾਣ ਦੀ ਗੱਲ ਦੱਸਣ ਦੀ ਕੋਸ਼ਿਸ਼ ਕੀਤੀ ਪਰ ਗਲ਼ ਤਕ ਆ ਗਈ ਬੈਰਲ ਦੀ ਦਾਬ ਨੇ ਉਹਦਾ ਮੂੰਹ ਨਾ ਖੁਲ੍ਹਣ ਦਿੱਤਾ। ਉਸੇ ਤਰ੍ਹਾਂ ਹੀ ਦੱਬੇ ਦਬਾਏ ਉਸ ਦੇ ਫੈਰਨ ਦੀਆਂ ਬਾਹਾਂ ਸਿਰੇ ਤਕ ਚੜ੍ਹਾ ਕੇ ਉਹਦੀ ਤਲਾਸ਼ੀ ਲਈ ਗਈ। ਟੋਹ ਕੇ ਦੇਖਿਆ ਗਿਆ। ਫਿਰ ਖੜ੍ਹਾ ਕੀਤਾ ਗਿਆ। ਸਵਾਲ ਪੁੱਛੇ ਗਏ। ਇਕ ਪਾਸੇ ਉਹਨੂੰ ਮੁੜ ਲਿਟਾ ਕੇ ਪਹਿਲਾਂ 'ਉਹਨਾਂ' ਦੀ ਉਡੀਕ ਤੇ ਫਿਰ ਉਹਨੂੰ ਅੱਗੇ ਲਾ ਕੇ ਭਾਲ ਕੀਤੀ ਗਈ ਜਿਹਨਾਂ ਦੀ ਉਹ 'ਐਡਵਾਂਸ ਪਾਰਟੀ' ਸੀ। ਫਿਰ ਨਜ਼ੀਰ ਨੂੰ 'ਮਿਲਟਰੀ ਪੋਸਟ' 'ਤੇ ਲਿਜਾਇਆ ਗਿਆ-

"ਕਸ਼ਮੀਰ 'ਚ ਤਾਂ ਬਾਪ ਖੋ'ਜਵੇ, ਕੋਈ ਉਹਨੂੰ ਦੇਖਣ ਨੀ ਨਿਕਲਦਾ...ਤੇ ਤੂੰ ਸੋਚਦੈਂ ਅਸੀਂ ਤੇਰੀ ਲੇਲੇ ਵਾਲੀ ਗੱਲ 'ਤੇ ਯਕੀਨ ਕਰੀਏ...ਦੇਖਣ ਨੂੰ ਅਸੀਂ ਐਨੇ ਮੂਰਖ ਲਗਦੇ ਆਂ...", ਅਫਸਰ ਨੇ ਉਹਦੀ ਲੇਲੇ ਵਾਲੀ ਕਹਾਣੀ ਧੀਰਜ ਨਾਲ ਸੁਣੀ, ਫੈਸਲਾ ਦਿੱਤਾ ਤੇ ਹਰੇ ਟੈਂਟ ਦੇ ਅੰਦਰ ਸਿਪਾਹੀਆਂ ਕੋਲ ਚਲਿਆ ਗਿਆ...

"ਯੂ ਫੂਲਜ਼! ਇਹਨੂੰ ਐਥੇ ਕਿਉਂ ਲਿਆਂਦੈ...ਥੋਨੂੰ ਪਤਾ ਨੀ ਬਈ ਪੋਸਟ ਸੀਕਰੇਟ ਐ! ਪੁਲਵਾਮਾ 'ਚ ਦੇਖ ਲੋ ਅੱਜ ਕੀ ਹੋਇਐ...ਕਿਸੇ ਐਹੋ ਜੇ' ਦੀਓ ਕਰਤੂਤ ਐ", ਅੰਦਰ, ਜਿੱਥੇ ਚਾਨਣ ਸੀ, ਕੋਈ ਹੋਰ ਅਫਸਰ ਉਰਦੂ ਨੁਮਾ ਕਸ਼ਮੀਰੀ ਵਿਚ ਗੜ੍ਹਕਿਆ ਸੀ-

"ਥਾਂ ਤੇ ਈ ਛੱਡ ਦਿੰਦੇ ਜੇ ਛੱਡਣਾ ਸੀ...ਲਗਦਾ ਤਾਂ ਸੱਚੈ... ਪਰ ਕੀ ਭਰੋਸੈ। ਪੋਸਟ ਟਰੇਸ ਹੋ ਗਈ ਬੇਵਕੂਫੋ। ਲੈ ਆਏ ਜਿਵੇਂ...ਉਪਰ ਕੌਣ ਜਵਾਬ ਦੇਊ "।

ਬਾਹਰ ਖੜ੍ਹੇ ਨਜ਼ੀਰ ਦੇ ਪਹਿਲੀ ਗੱਲ ਸਮਝ ਆਈ। ਉਹਨੂੰ ਲਿਆਉਣ ਵਾਲੇ ਫਸਿਆ ਮਹਿਸੂਸ ਕਰ ਰਹੇ ਸਨ, 'ਗੋਲੀ ਤਾਂ ਨੀ ਮਾਰਦੇ', ਉਹਨੇ ਸੋਚਿਆ। ਅਸਾਲਟ ਤਾਣੀ ਖੜ੍ਹੇ ਸਿਪਾਹੀ ਵੱਲ ਗਹੁ ਨਾਲ ਦੇਖਿਆ। ਨ੍ਹੇਰੇ 'ਚ ਉਹਦੀਆਂ ਚਮਕਦੀਆਂ ਅੱਖਾਂ ਤੋਂ ਬਿਨਾਂ ਕੁਝ ਨਾ ਪਛਾਣਿਆ ਜਾ ਸਕਿਆ। ਪਛਾਣ ਆਉਣ ਵਾਲੀ ਇਕੋ ਚੀਜ਼ ਸਿਪਾਹੀ ਦੇ ਹੱਥ 'ਚ ਚਮਕਦਾ ਨਜ਼ੀਰ ਦਾ ਦਾਹ ਸੀ। ਇਕ ਪਲ ਤਾਂ ਨਜ਼ੀਰ ਦੇ ਮਨ 'ਚ ਆਈ ਕਿ ਉਹ ਦਾਹ ਖੋਹ ਕੇ ਭੱਜ 'ਜਵੇ।ਪਰ ਉਹਦਾ 'ਕਾਰਡ' ਉਹਨਾਂ ਕੋਲ ਸੀ...

ਕਿੰਨੀਂ ਦੇਰ ਬਾਅਦ ਉਹਨੂੰ ਅੰਦਰ ਬੁਲਾਇਆ ਗਿਆ ਸੀ। ਬੈਂਚ 'ਤੇ ਲਿਟਾ ਕੇ 'ਓਧਰਲੀ ਫੌਜ' ਨਾਲ ਉਹਦੇ ਸੰਬੰਧਾਂ ਬਾਰੇ ਪੁੱਛਿਆ ਗਿਆ, ਡਰਾਇਆ ਗਿਆ ਤੇ ਦੱਸਿਆ ਗਿਆ ਕਿ ਉਂਝ ਤਾਂ ਉਹਨਾ ਨੂੰ ਸਭ ਪਤਾ ਸੀ, ਬਸ ਉਹ ਨਜ਼ੀਰ ਦੇ ਮੂਹੋਂ ਸੁਣਨਾ ਚਾਹੁੰਦੇ ਸਨ...ਉਹ ਭੇਡ ਦੇ ਲੇਲੇ ਬਾਰੇ ਦੱਸਦਾ ਰਿਹਾ...ਤੇ ਫੇਰ ਉਹ ਬੇਹੋਸ਼ ਹੋ ਗਿਆ। ਬੇਹੋਸ਼ ਹੋਣ ਦਾ ਪਤਾ ਉਹਨੂੰ ਹੋਸ਼ ਵਿਚ ਆਉਣ ਤੋਂ ਬਾਅਦ ਲੱਗਿਆ...

"ਨੀਂਦ ਬੜੀ ਆਉਂਦੀ ਐ ਤੈਨੂੰ...ਹੈਂ...ਗੱਲਾਂ ਕਰਦਾ ਕਰਦਾ ਈ ਸੌਂ ਗਿਆ! ਆਹ ਤੇਰੇ ਕੱਪੜਿਆਂ ਤੇ ਦਰਿਆਓਂ ਪਾਰ ਦੀ ਮਿੱਟੀ ਲੱਗੀ ਹੋਣ ਕਰਕੇ ਸ਼ੱਕ ਸੀ...।" ਬੋਲਣ ਵਾਲੇ ਦੇ ਕੱਪੜੇ ਸਿਵਲ ਵਾਲੇ ਤੇ ਲਹਿਜ਼ਾ ਸ਼ਾਂਤ ਸੀ। ਨਜ਼ੀਰ ਨੂੰ ਪਹਿਲੀ ਵਾਰ ਟੋਲੀ ਤੋਂ ਅਸਲੀ ਭੈਅ ਆਇਆ-

"ਜਾਣ ਦਿਓ...ਠੀਕ ਐ..." ਉਸ ਪਹਿਲਾਂ ਵਾਲੇ ਅਫਸਰ ਨੇ ਕਿਹਾ, " ਦਾਹ ਲੈ ਜਾ ਆਪਣਾ...", ਉਹਨੇ ਨਜ਼ੀਰ ਨੂੰ ਕਿਹਾ।

"ਦੌੜ ਜਾ...ਪਿੱਛੇ ਨਾ ਦੇਖੀਂ", ਉਹਨੂੰ ਦਾਹ ਫੜ ਕੇ ਤੁਰਨ ਲੱਗੇ ਨੂੰ ਸੁਣਿਆ। ਹਵਾ ਦਾ ਹਲਕਾ ਜਿਹਾ ਬੁੱਲਾ ਆਇਆ ਤਾਂ ਨਜ਼ੀਰ ਨੂੰ ਧੁੜਧੁੜੀ ਆਈ। 'ਫੈਰਨ' ਦੀ ਸੱਜੀ ਬਾਂਹ ਲਾਹ ਕੇ ਦਾਹ ਖੱਬੇ ਹੱਥ 'ਚ ਕੀਤਾ ਤਾਂ ਉਹਨੂੰ ਹੈਰਾਨੀ ਹੋਈ, 'ਖੱਬੀ ਬਾਂਹ ਤਾਂ ਚੜ੍ਹਾਈ ਹੋਈ ਓ ਨੀ'। ਉਹਦੇ ਹੌਲ ਪਿਆ। ਇਹ ਗੱਲ ਤਾਂ ਉਹਦੇ ਐਨ ਯਾਦ ਸੀ ਕਿ ਤਲਾਸ਼ੀ ਲੈਣ ਵੇਲੇ ਦੋਵੇਂ ਬਾਹਾਂ ਚੜ੍ਹਾਈਆਂ ਗਈਆਂ ਸਨ ਤੇ ਹੁਣ ਸਿਰਫ ਸੱਜੀ ਬਾਂਹ ਚੜ੍ਹੀ ਹੋਈ ਸੀ। ਉਹ ਕੰਬ ਗਿਆ। ਉਹਦੀ ਖੱਬੀ ਬਾਂਹ ਨਾਲ ਕੁਸ਼ ਕੀਤਾ ਗਿਆ ਸੀ। ਆਪਣੀ ਬੇ-ਹੋਸ਼ੀ ਤੇ ਰਸੂਲ ਦੇ ਕੰਨ 'ਚ ਜੜਿਆ ਸਟੱਡ ਉਹਦੇ ਚੇਤੇ 'ਚ ਚਮਕੇ। ਦੋਵੇਂ ਕੰਨ ਠੀਕ ਠਾਕ ਸਨ। ਖੱਬੀ ਬਾਂਹ ਟੋਹ ਕੇ ਦੇਖੀ ਤਾਂ ਕੂਹਣੀ ਦੇ ਅੰਦਰਲੇ ਪਾਸੇ ਦਰਦ ਹੋਇਆ...ਨਹੁੰ ਕੁ ਜਿੰਨਾ ਜ਼ਖਮ ਵੀ ਚਮਕਿਆ...

'ਬੰਬ...ਬਾਂਹ 'ਚ ਪਾਇਐ...' ਉਹਦੇ ਰਸੂਲ ਯਾਦ ਆਇਆ, ਦੇਹ ਕੰਬੀ ਤੇ ਰੋਮ ਰੋਮ 'ਚੋਂ ਪਸੀਨਾ ਚੋ ਗਿਆ। ਉਹਨੂੰ ਆਪਣੇ ਜਿਸਮ 'ਚੋਂ ਟਾਈਮ ਬੰਬ ਦੀ 'ਟਿੱਕ ਟਿੱਕ' ਸੁਣਨ ਲੱਗ ਪਈ। '...ਤਾਂ ਉਹ ਨਰਮ ਜਿਹਾ ਬੋਲਣ ਵਾਲਾ ਡਾਕਟਰ ਸੀ। ਉਪਰੇਸ਼ਨ ਕਰਨ ਲਈ ਬੁਲਾਇਆ ਗਿਆ ਸੀ'। ਉਹਦਾ ਸੱਜਾ ਹੱਥ ਖੱਬੀ ਕੂਹਣੀ 'ਤੇ ਜਾ ਟਿਕਿਆ। 'ਟਿੱਕ ਟਿੱਕ'। ਉਹਦੀ ਹਰ ਧੜਕਣ ਘਟਦਾ ਸਮਾਂ ਬਣ ਗਈ ਸੀ। ਉਹਦੀਆਂ ਲੱਤਾਂ ਜਵਾਬ ਦੇ ਗਈਆਂ। ਬੈਠਣ ਲੱਗਿਆ ਛਪਾਲ ਡਿਗ ਪਿਆ। 'ਵਿਸਫੋਟ ਹੋਣਾ' ਸੀ ਜਾਂ ਜੇ 'ਕੈਪਸੂਲ' ਰੱਖਿਆ ਹੋਇਆ ਤਾਂ ਉਸ ਵਿਚੋਂ ਜ਼ਹਿਰ ਨੇ ਉਹਦੇ ਲਹੂ 'ਚ ਘੁਲਣਾ ਸੀ। ਆਈ.ਈ.ਡੀ. (Improvised Explosive Device) ਕਸ਼ਮੀਰ ਵਿਚ ਇਕ ਆਮ ਜਾਣਕਾਰੀ ਦਾ ਸ਼ਬਦ ਸੀ। ਡਿੱਗੇ ਪਏ ਨਜ਼ੀਰ ਨੂੰ ਸਾਹ ਲੈਣਾ ਔਖਾ ਹੋ ਗਿਆ। ਹੰਝੂਆਂ ਨਾਲ ਭਰੀਆਂ ਉਹਦੀਆਂ ਅੱਖਾਂ ਨੂੰ ਦਿਆਰ ਦੇ ਉਚੇ ਦਰਖਤਾਂ ਵਿਚੋਂ 'ਦਾਹ ਵਰਗਾ' ਚੰਦ, ਧੁੰਦਲਾ ਜਿਹਾ ਨਜ਼ਰ ਆਇਆ ਸੀ।

'ਦਾਹ!', ਨਜ਼ੀਰ ਦੇ ਅੰਦਰ ਕੁਝ ਲਿਸ਼ਕਿਆ। ਉਹਨੇ ਉੱਠਣ ਦੀ ਕੋਸ਼ਿਸ਼ ਕੀਤੀ। ਖੱਬੀ ਬਾਂਹ ਬੇ-ਜਾਨ ਹੋ ਗਈ ਲੱਗੀ...ਦਿਆਰ ਦੀ ਨੀਵੀਂ ਟਾਹਣੀ 'ਤੇ ਖੱਬੀ ਬਾਂਹ ਰੱਖਣ ਲੱਗਿਆਂ ਉਹਦੀ ਭੁੱਬ ਨਿਕਲ ਗਈ-

"ਇੰਝ, ਸਿੱਧਾ ਖੜ੍ਹਾ ਕਰਕੇ, ਅਖਰੋਟ ਦੇ ਸਿਰੇ ਦੇ ਮਾਰੀ ਦੀ ਐ ਸੱਟ...ਬਰਾਬਰ ਟੁੱਟੂ", ਅੱਬਾ ਨੇ ਉਹਨੂੰ ਅਖਰੋਟ ਭੰਨਣਾ ਸਿਖਾਇਆ ਹੋਇਆ ਸੀ । ਪਰ ਦੇਵਦਾਰ ਦੀ ਟਾਹਣੀ 'ਤੇ ਰੱਖੀ ਹੋਈ ਚੀਜ਼ ਅਖਰੋਟ ਨਹੀਂ ਸੀ। ਉਹਦੀ ਆਪਣੀ ਖੱਬੀ ਬਾਂਹ ਸੀ ਤੇ ਸੱਜੇ ਹੱਥ 'ਚ ਉਗਰੀ ਹੋਈ ਹਥੌੜੀ ਨਹੀਂ, ਦਾਹ ਸੀ। ਬਾਂਹ ਵੱਢਣੀ ਤਾਂ ਉਹਨੂੰ ਸਿਖਾਈ ਨਹੀਂ ਸੀ ਗਈ...

'ਟਿੱਕ ਟਿੱਕ' ਸਮਾਂ ਬੀਤ ਰਿਹਾ ਸੀ...

ਨਜ਼ੀਰ, ਜਿਹੜਾ ਅਖਰੋਟ ਦੇ ਦਰਖਤ ਦਾ 'ਬਾਂਹ ਵਰਗਾ' ਟਾਹਣਾ 'ਪਹਿਲੇ ਟੱਕ' ਵੱਢ ਕੇ ਔਹ ਮਾਰਦਾ ਸੀ, ਆਪਣੀ ਕੰਬਦੀ ਬਾਂਹ ਵੱਲ ਪਲ ਕੁ ਦੇਖਦਾ ਰਿਹਾ। ਫੇਰ ਕੂਹਣੀ ਤੋਂ ਉਪਰ ਕਰਕੇ ਦੋ ਵਾਰ ਦਾਹ ਛੁਹਾਇਆ ਤੇ ਅੱਖਾਂ ਮੀਚ ਕੇ ਦਾਹ ਵਾਹ ਦਿੱਤਾ। ਉਹਦੀ ਖੱਬੀ ਬਾਂਹ 'ਅਹੁ ਜਾ ਪਈ'। ਦਿਆਰ ਦੀ ਟਾਹਣੀ 'ਚ ਡੂੰਘੇ ਜਾ ਧਸੇ ਆਪਣੇ ਦਾਹ ਨੂੰ ਓਵੇਂ ਛੱਡ ਨਜ਼ੀਰ ਦਾ ਜਿੱਧਰ ਮੂੰਹ ਹੋਇਆ ਭੱਜ ਲਿਆ। ਹਫ ਕੇ ਰੁਕਿਆ-

'ਹੁਣ'? ਉਹਦੇ ਅੰਦਰ ਸਵਾਲ ਪੈਦਾ ਹੋਇਆ। ਜਵਾਬ ਤੋਂ ਪਹਿਲਾਂ ਈ ਉਹ ਹੋਰ ਡਰ ਗਿਆ, 'ਉਹ ਕਿੱਥੇ' ਸੀ। 'ਕਿੱਧਰ' ਸੀ। ਉਹਨੇ ਉੱਪਰ ਦੇਖਿਆ ਚੰਦ ਉਹਦੇ ਖੱਬੇ ਛਿਪ ਰਿਹਾ ਸੀ। ਇਸ ਦਾ ਭਾਵ ਇਹ ਸੀ ਕਿ ਦਰਿਆ ਵੱਲ ਹੀ ਦੌੜਿਆ ਸੀ। ਮਿਲਟਰੀ ਪੋਸਟ ਉਹਦੇ ਪਿਛਲੇ ਪਾਸੇ ਸੀ।



ਬਾਂਹ 'ਚ ਚੀਸ ਪਈ। ਉਹਨੇ ਆਪਣੀ ਖੱਬੀ ਬਾਂਹ ਵੱਲ ਦੇਖਿਆ। ਮਾਸ ਦਾ ਇਕ ਲੋਥੜਾ। ਲਹੂ ਵਗ ਰਿਹਾ ਸੀ। ਫੈਰਨ ਤੋਂ ਹੇਠ ਸਲਵਾਰ ਵੀ ਲਹੂ ਨਾਲ ਭਿੱਜ ਗਈ ਸੀ। ਦਿਲ ਨੂੰ ਡੋਬ ਪਿਆ। ਬਾਂਹ ਵੱਲ ਦੇਖਦਾ ਉਹ ਮੱਥਾ ਫੜ ਕੇ ਬੈਠ ਗਿਆ। ਇਹ ਕੀ ਹੋ ਗਿਆ ਸੀ! ਉਹਦਾ ਰੋਣ ਨਿਕਲ ਗਿਆ। ਪਰ ਨਾਲ ਹੀ ਉਹਦਾ ਅੰਦਰ ਬੋਲਿਆ, 'ਮੈਂ ਬਚ ਗਿਆ। ਜ਼ਿੰਦਾ ਬਚ ਗਿਆ। ਬਾਂਹ...ਬਾਂਹ ਕੋਈ ਗੱਲ ਨਹੀਂ ਸੀ'। ਪਰ ਔਹ ਸਾਹਮਣੇ ਕੀ ਸੀ? ਉਹਨੂੰ ਪੱਤੇ ਹਿੱਲਦੇ ਦਿਖੇ। 'ਫੌਜ...ਐਂਬਿਉਸ਼'! ਉਹ ਥਾਏਂ ਦੜ ਗਿਆ। ਦੜਿਆ ਰਿਹਾ। ਪੱਤੇ ਟਿਕੇ ਰਹੇ। ਲਹੂ ਉਹਦੇ ਗਲ਼ਾਮੇ 'ਚ ਚੋਂਦਾ ਰਿਹਾ। ਉੱਠ ਕੇ ਦੇਖਿਆ ਤਾਂ ਉੱਥੇ ਕੁਸ਼ ਨਹੀਂ ਸੀ...

...ਦਰਿਆ ਪਾਰ ਕੀਤਾ ਤੇ ਰੁਕ ਗਿਆ। ਉਹ ਤਾਂ 'ਦੂਜੇ' ਪਾਸੇ ਨਿਕਲ਼ ਆਇਆ ਸੀ। ਮੁੜਿਆ ਤੇ ਓਸੇ ਕੰਢੇ 'ਤੇ ਆ ਖੜ੍ਹਿਆ -

'ਹਾਂ ਕਿੱਧਰ ਮੈਂ?' ਉਹਨੂੰ ਘਬਰਾਹਟ ਹੋਈ। ਉਪਰ ਦੇਖਿਆ। ਚੰਦ ਛਿਪ ਗਿਆ ਸੀ। ਉਹ ਫਿਰ ਦਰਿਆ ਵਿਚ ਵੜਿਆ ਤਾਂ ਪਾਣੀ ਦਾ ਵਹਾਅ ਉਹਦੇ ਖੱਬੇ ਵੱਲ ਸੀ। ਉਹਦਾ ਘਰ ਦਰਿਆ ਦੇ ਇਧਰਲੇ ਪਾਸੇ ਹੀ ਸੀ...

"ਹੁਣ?", ਪਤਾ ਨੀ ਕਿੰਨਵੀਂ ਵਾਰ ਬਸ਼ੀਰਾਂ ਨੇ ਪੁੱਛਿਆ। ਉਹਦੀ ਬਾਂਹ 'ਤੇ ਲੋਗੜ ਬੰਨ੍ਹਦੀ ਬਸ਼ੀਰਾਂ ਰੋਈ ਵੀ ਜਾਂਦੀ ਤੇ ਪੁੱਛੀ ਵੀ ਜਾਂਦੀ-

"ਹੁਣ ?... ਮਿਲਟਰੀ ਤਾਂ ਭੇਦ ਕੱਢ ਕੇ ਛੱਡੂ। ਪਛਾਣ ਤੈਨੂੰ ਉਹਨਾਂ ਨੇ ਲੈਣੈ...ਕਾਰਡ ਤੇਰਾ ਉਹਨਾਂ ਕੋਲ਼ ਐ...।"

"ਅੰਮੀ, ਪਹਿਲਾਂ ਬਾਂਹ ਦਾ ਇਲਾਜ ਕਰਵਾਓ", ਅਨਵਰੀ ਤੋਂ ਬਾਂਹ ਦੇਖੀ ਨਾ ਜਾਂਦੀ।

"ਮੇਰੀ ਸੁਣ...ਪਹਿਲਾਂ ਹਸਪਤਾਲ ਜਾਹ...ਡਾ.ਖਾਲਿਦ ਕੋਲ਼.. ਤੇ ਫੇਰ..."

'ਫੇਰ' ਤੋਂ ਬਾਅਦ ਚੁੱਪ ਕਰ ਗਿਆ ਅੱਬਾ ਕਿੰਨੀਂ ਦੇਰ ਬਾਅਦ ਬੋਲਿਆ... "ਫੌਜੀ ਪਤਾ ਕਰਨ ਤਾਂ ਆਉਣਗੇ...ਜਾਣਾ ਤਾਂ ਤੈਨੂੰ ਪਊ...ਹੁਣੇ..." ਕੱਪੜੇ ਬਦਲਦੇ ਨਜ਼ੀਰ ਕੋਲ਼ ਅੱਬਾ ਫਿਰ ਆ ਖੜ੍ਹਦਾ-

"ਬਸ਼ੀਰਾਂ ਘਰ ਜਿਹੜਾ ਪੈਸਾ ਧੇਲਾ ਪਿਐ ਦੇ ਦੇ...ਗਹਿਣਾ ਵੀ ਦੇ ਦੇ ਕੋਈ...ਇਹਦੇ ਆਹ ਕੱਪੜੇ ਫੂਕ ਦੇ", ਅੱਬਾ ਨੇ ਬਸ਼ੀਰਾਂ ਨੂੰ ਕਿਹਾ ਤੇ ਲੋਗੜ ਨਾਲ ਮੋਟੇ ਹੋ ਗਏ ਨਜ਼ੀਰ ਦੇ ਮੋਢੇ 'ਤੇ ਹੱਥ ਧਰ ਕੇ ਰੋ ਪਿਆ।

ਕੌਲ਼ੇ ਨਾਲ ਲੱਗੀ ਖੜ੍ਹੀ ਅਨਵਰੀ ਕੋਲੋਂ ਅੱਬਾ ਪਹਿਲਾਂ ਨਿਕਲਿਆ। ਨਜ਼ੀਰ ਅਨਵਰੀ ਕੋਲ਼ ਪਲ ਕੁ ਰੁਕਿਆ ਤੇ ਫਿਰ ਉਹਦੇ ਸਿਰ ਤੇ ਹੱਥ ਧਰ ਕੇ ਰੋ ਪਿਆ-

"ਬਹੁਤਾ ਬਾਹਰ ਨਾ ਨਿਕਲੀਂ..."

"ਕੋਈ ਆਪਣਾ ਮਿਲਿਆ ਤਾਂ ਕਹੀਂ ਅੱਬਾ ਨੇ ਦਾਹ ਮਾਰਿਆ ਗੁੱਸੇ 'ਚ ਆ ਕੇ", ਅੱਬਾ ਨੇ ਨਜ਼ੀਰ ਨੂੰ ਪੱਕ ਕੀਤਾ- "ਸੁੱਖ ਰਹੀ ਤਾਂ ਪੱਟੀ ਕਰਵਾ ਕੇ ਹੇਠਾਂ ਚਲਿਆ ਜਾਹ...ਜੰਮੂੰ...ਜਿੱਥੇ ਤੂੰ ਪਹਿਲਾਂ ਜਾਂਦਾ ਹੁੰਦਾ ਸੀ ਸ਼ਾਲ ਲੈ ਕੇ...ਸੋਚ ਸੋਚ ਕੇ ਅੱਬਾ ਨੇ ਸੁਰੱਖਿਅਤ ਟਿਕਾਣਾ ਭਾਲ਼ ਲਿਆ ਸੀ। ਮੈਂ ਤਾਂ ਕਹਿਨੈ...ਜਿਹੜੇ ਲੋਈਆਂ ਸ਼ਾਲ ਘਰ ਪਏ ਨੇ ਉਹ ਲੈ ਜਾਹ...ਤਲਾਸ਼ੀ ਹੋਊ ਕਹਿ ਦੀਂ ਆਰਡਰ 'ਤੇ ਮਾਲ ਦੇਣ ਚੱਲਿਆਂ"-

"ਫੌਜ ਦੇ ਆਉਣ ਤੋਂ ਪਹਿਲਾਂ ਪਹਿਲਾਂ ਮੇਰੀ ਗੁੰਮਸ਼ੁਦਗੀ ਦੀ ਰਿਪੋਰਟ ਥਾਣੇ ਲਿਖਾ ਦਿਓ। ਭੇਡਾਂ ਵੇਚ ਦੀਂ ਅੱਬਾ ..."

"ਚੰਗਾ, ਚੰਗਾ...ਜੇ ਖਾਲਿਦ ਨੇ ਨਾ ਪਛਾਣਿਆਂ...ਸ਼ਫੀ ਦਾ ਨਾਂ ਲਈਂ"...

ਸ਼ਫੀ ਦੇ ਨਾਂ ਦੀ ਲੋੜ ਨਹੀਂ ਸੀ ਪਈ...

"ਸਾਰਾ ਕਸ਼ਮੀਰ ਸ਼ਫੀ ਓ ਐ...ਓਧਰ ਉਹ ਨੇ ਦੋਵੇਂ ਧਿਰਾਂ...ਤੇ ਆਪਾਂ ਲੋਕਾਂ ਵੱਲ ਐਂ...ਪਰ ਜਿਵੇਂ ਤੂੰ ਦੱਸਦੈਂ...ਬਾਂਹ 'ਚ ਬੰਬ ਨੀ ਪੈਂਦਾ ਹੁੰਦਾ...ਮੋਨੀਟਰਿੰਗ ਡਿਵਾਈਸ (ਬੰਦੇ ਦੀ

ਸਥਿਤੀ ਦਾ ਪਤਾ ਦੇਣ ਵਾਲਾ ਯੰਤਰ) ਪਾਇਆ ਹੋਊ...ਦੋ ਚਾਰ ਦਿਨ ਨਿਗ੍ਹਾ ਰੱਖ ਕੇ ਤੇਰਾ ਖਿਆਲ ਛੱਡ ਦੇਣਾ ਸੀ ਉਹਨਾਂ ਨੇ...ਐਵੇਂ ਬਾਂਹ ਗੁਆ'ਲੀ..." ਡਾ. ਖਾਲਿਦ ਨੇ ਲੋਗੜ ਵਿਚੋਂ ਸਿੰਮ ਆਏ ਖੂਨ ਵੱਲ ਧਿਆਨ ਨਾਲ ਦੇਖਦਿਆਂ ਕਿਹਾ ਸੀ। ਨਜ਼ੀਰ ਦੇ ਰਸੂਲ ਦੇ ਕੰਨ 'ਚ ਟੰਗਿਆ ਸਟੱਡ ਯਾਦ ਆਇਆ-

"ਫੇਰ ਰਸੂਲ ਦੇ ਕੰਨ 'ਚ ਟੰਗੇ ਕੋਕੇ ਨਾਲ ਪੰਜ ਬੰਦੇ ਕਿਵੇਂ ਮਰਗੇ"? -ਆਪਣੀ ਚੱਪਾ ਕੁ ਬਾਂਹ ਡਾ. ਦੇ ਹੱਥ 'ਚ ਦੇਖ ਕੇ ਨਜ਼ੀਰ ਨੂੰ ਧੁੜਧੜੀ ਆਈ-

"ਸਟੱਡ 'ਚ ਨੀ ਐਨਾ ਐਕਸਪਲੋਸਿਵ ਪੈ ਸਕਦਾ...ਘਰੋਂ ਲਿਜਾਣ ਤੋਂ ਬਾਅਦ ਕੋਈ ਬੈਲਟ ਵਗੈਰਾ ਬੰਨ੍ਹੀ ਹੋਊ ਉਹਦੇ...।" ਡਾ. ਨੇ ਸੋਰ ਵਿਚਾਰਿਆ ਤੇ ਗੱਲ ਕਰਦਾ ਕਰਦਾ ਅਚਾਨਕ ਚੁੱਪ ਕਰ ਗਿਆ। ਨਜ਼ੀਰ ਦੀ ਬਾਂਹ ਤੋਂ ਲੋਗੜ 'ਤੇ ਲਪੇਟੇ ਕੱਪੜੇ ਦੀਆਂ ਤੈਹਿਆਂ ਖੋਲ੍ਹਦਾ ਖਿੜਕੀ ਤੋਂ ਬਾਹਰ ਦੇਖਦਾ ਰਿਹਾ ਸੀ। ਬਾਹਰ, ਜਿੱਥੇ ਗਰਾਊਂਡ ਵਿਚ ਭੇਡੂਆਂ ਦਾ ਭੇੜ ਚੱਲ ਰਿਹਾ ਸੀ। ਭੇਡੂ ਪਿੱਛੇ ਹਟ ਹਟ ਟੱਕਰਾਂ ਮਾਰ ਰਹੇ ਸਨ। ਤਮਾਸ਼ਬੀਨਾਂ ਦੀਆਂ ਕਿਲਕਾਰੀਆਂ ਤੇ ਭੇਡੂਆਂ ਵਾਲੀਆਂ ਧਿਰਾਂ ਦੇ ਆਪਣੇ ਆਪਣੇ ਭੇਡੂ ਦੇ ਹੱਕ 'ਚ ਮਾਰੇ ਲਲਕਾਰੇ ਹਸਪਤਾਲ ਦੇ ਅੰਦਰ ਤਕ ਸੁਣ ਰਹੇ ਸਨ। ਡਾ. ਦੇ ਨਾਲ ਹੀ ਨਜ਼ੀਰ ਵੀ ਭੇੜ ਦੇਖਦਾ ਰਿਹਾ ਸੀ। ਜ਼ਖਮ 'ਤੇ ਚਿੰਬੜ ਗਏ ਲੋਗੜ ਨੂੰ ਲਾਹੇ ਜਾਣ 'ਤੇ ਉਸਦੀ ਚੀਸ ਨੂੰ ਸੁਣਕੇ ਡਾ. ਦਾ ਧਿਆਨ ਅੰਦਰ ਆਇਆ ਸੀ। ਫੇਰ ਆਰਾਮ ਨਾਲ ਜ਼ਖਮ ਸਾਫ ਕਰਕੇ ਡਾ. ਬੋਲਿਆ ਸੀ- "ਦੇਖਦੈਂ...ਭੇਡੂਆਂ ਨੂੰ ਲਗਦੈ ਕਿ ਅਸੀਂ 'ਆਪਣੀ ਮਰਜ਼ੀ' ਨਾਲ 'ਆਪਣੀ ਲੜਾਈ' ਲੜ ਰਹੇ ਆਂ। ਜਿੱਤ ਹਾਰ ਸਾਡੀ ਹੋਣੀ ਐ", ਮੋਢਾ ਸੁੰਨ ਕਰਨ ਲਈ ਟੀਕਾ ਲਾਉਂਦਾ ਵੀ ਡਾ. ਬੋਲੀ ਗਿਆ ਸੀ, "ਉਹਨਾਂ ਨੂੰ ਚਿੱਤ ਚੇਤਾ ਵੀ ਨੀ ਕਿ ਆਹ ਲੜਾਉਣ ਵਾਲੇ ਵੀ 'ਰੱਖੇ ਹੋਏ ਨੇ'। ਮਾਲਕ ਤਾਂ ਘਰਾਂ 'ਚ ਬੈਠੇ ਨੇ। ਨਤੀਜੇ ਉਡੀਕਦੇ ਨੇ...ਐਵੇਂ ਈ ਆਪਾਂ ਵੀ ਕਿਸੇ ਦੀ ਖੇਡ,ਕਿਸੇ ਦੇ ਲਾਲਚ 'ਚ ਉਜੜੀ ਜਾਨੇ ਐਂ।"

ਉਦੋਂ ਅਚਾਨਕ ਚੁੱਪ ਕਰ ਗਿਆ ਡਾ. ਓਪਰੇਸ਼ਨ ਤੋਂ ਬਾਅਦ ਬੋਲਿਆ ਸੀ- "ਹੁਣ ਨਿਕਲਣ ਦੀ ਕਰ...ਬਾਂਹ...ਮੇਰਾ ਮਤਲਬ ਐ ਮੋਢਾ...ਪੰਜ ਛੇ ਘੰਟੇ ਸੁੰਨ ਰਹੂ...ਤੈਨੂੰ ਕਮਜ਼ੋਰੀ ਮਹਿਸੂਸ ਹੋਊ...ਖੂਨ ਬਹੁਤਾ ਵਗ ਗਿਆ...ਤੇਜ਼ ਨਾ ਤੁਰੀਂ...ਮੋਢਾ ਨਾ ਹਿਲਾਈਂ...ਦਵਾਈ ਦਾ ਟੈਮ ਨਾ ਖੁੰਝਾਈਂ।"

"ਮਾਮਾ ਜੀ...ਮਰਦਾ ਤਾਂ ਨੀ ?...ਸੱਚੀ ਗੱਲ ਦੱਸ ਦਿਓ...ਜੇ ਮਰਨੈ ਈ ਐ...ਫੇਰ ਕਾਹਨੂੰ ਭੱਜਣੈ", ਰਸੂਲ ਤੇ ਨਜ਼ੀਰ ਬਚਪਨ ਵਿਚ ਸ਼ਫੀ ਦੀ ਰੀਸ ਖਾਲਿਦ ਨੂੰ ਮਾਮਾ ਕਹਿੰਦੇ ਆਏ ਸਨ...

"ਮਰਿਆ ਤਾਂ ਸਾਰੀ ਰਾਤ 'ਚ ਨੀ...ਵਥੇਰਾ ਖੂਨ ਵਗਦੈ ਕਸ਼ਮੀਰੀਆਂ ਦੀਆਂ ਰਗਾਂ 'ਚ। ਨਿਕਲ ਜਾ...ਪੁਲਵਾਮਾ ਦੀ ਅੱਗ ਨੇ ਭਾਂਬੜ ਬਣਨੈ...ਪੱਟੀ ਕੱਲ੍ਹ ਫੇਰ ਕਰਵਾ ਲਈਂ ਕਿਤੋਂ...ਬੱਸ ਸਟੈਂਡ ਦੇ ਬਾਹਰੋਂ ਪ੍ਰਾਈਵੇਟ ਬੱਸਾਂ ਚੱਲਦੀਐਂ...ਪਠਾਨਕੋਟ ਦੀ ਟਿਕਟ ਲਈਂ...ਉਤਰੀਂ ਜਿੱਥੇ ਮਰਜੀ ", ਡਾ. ਖਾਲਿਦ ਨੇ ਚਾਦਰ ਉਹਦੇ ਵੱਢੇ ਮੋਢੇ 'ਤੇ ਰੱਖ ਦਿੱਤੀ...

...ਤੇ ਉਹ ਬਾਰਡਰ 'ਤੇ ਆ ਉਤਰਿਆ। ਕਸ਼ਮੀਰੀ ਟੋਪੀ ਉਤਾਰ ਕੇ ਲੋਈਆਂ ਵਾਲੀ ਗਠੜੀ ਵਿਚ ਪਾ ਲਈ। ਬੜੇ ਸਾਲ ਉਹ ਰਸੂਲ ਨਾਲ ਤੇ ਫਿਰ ਇਕੱਲਾ ਇਸ ਇਲਾਕੇ ਵਿਚ ਆਉਂਦਾ ਰਿਹਾ ਸੀ। ਦਸ ਕੁ ਕਿਲੋਮੀਟਰ ਹੇਠ ਉਤਰ ਕੇ ਉਹ ਪਿੰਡ ਸੀ 'ਗੜ੍ਹ'। ਸ਼ਫੀ ਦੇ ਲਾਪਤਾ ਹੋਣ ਤੋਂ ਪਹਿਲਾਂ ਕਈ ਸਾਲ ਸਰਦੀਆਂ ਸਰਦੀਆਂ ਇੱਥੇ ਰਹਿ ਕੇ ਉਹ ਪੰਜਾਬ ਦੇ ਪਿੰਡਾਂ ਤਕ ਮਾਲ ਵੇਚਦਾ ਤੁਰਿਆ ਫਿਰਦਾ ਰਿਹਾ ਸੀ...

ਪਰਸ ਰਾਮ ਦੇ ਡਰਾਇੰਗ ਰੂਮ ਦਾ ਇਹ ਦੀਵਾਨ ਵੀ ਉਹਦੇ ਲਈ ਕੋਈ ਓਪਰਾ ਨਹੀਂ ਸੀ...ਇਸ ਦੀਵਾਨ 'ਤੇ ਉਹ ਸੈਂਕੜੇ ਵਾਰ ਬੈਠਿਆ ਸੀ। ਪਰ ਪੱਟੀ 'ਚੋਂ ਫਿਰ ਸਿੰਮ ਆਇਆ ਲਹੂ ਤੇ ਮਨ 'ਚ ਬੈਠਾ ਡਰ ਪਹਿਲੀ ਵਾਰ ਹੋਣ ਵਾਲੀਆਂ ਚੀਜ਼ਾਂ ਸਨ। ਹੁਣ ਜਦੋਂ ਆਪੋ ਆਪਣੇ ਕਮਰਿਆਂ ਵਿਚ ਅੱਧ ਸੁੱਤੇ ਘਰ ਦੇ ਤਿੰਨੋਂ ਜੀਆਂ ਨੂੰ ਉਹਦਾ ਬਾਂਹ ਵਾਲਾ ਹਾਦਸਾ ਬੇ-ਚੈਨ ਕਰ ਰਿਹਾ ਸੀ, ਉਦੋਂ ਨਜ਼ੀਰ ਨੂੰ ਘਾਟੀ ਦੇ ਹਾਲਾਤ ਅਤੇ ਹਰ ਥਾਂ 'ਤੇ ਨਜ਼ਰ ਆਉਂਦੀ ਕਸ਼ਮੀਰੀਆਂ ਪ੍ਰਤੀ ਬੇ-ਵਸਾਹੀ ਡਰਾ ਰਹੀ ਸੀ। ਪੁਲਵਾਮਾ ਦੇ ਰੋਸ ਵਜੋਂ ਬੰਦ ਸ਼ਹਿਰ। ਜਲੂਸਾਂ ਵਿਚ ਲਗਦੇ, 'ਏਕ ਕੇ ਬਦਲੇ ਦਸ' ਦੇ ਨਾਹਰੇ ਕਿਸੇ ਅਨਹੋਣੀ ਦੀ ਸੂਹ ਦਿੰਦੇ ਸਨ। ਅੱਖ ਲਗਦੀ ਤਾਂ ਭੀੜ ਦੇ ਧੱਕੇ ਚੜ੍ਹੇ ਕਸ਼ਮੀਰੀ ਫੜ੍ਹੀ ਵਾਲੇ ਹੱਥ ਜੋੜੀ ਖੜ੍ਹੇ ਨਜ਼ਰ ਆਉਂਦੇ। ਬੇ-ਚੈਨੀ ਵਿਚ ਪਾਸਾ ਪਰਤਣ ਦੀ ਕੋਸ਼ਿਸ਼ ਕਰਦਾ ਤਾਂ ਬਾਂਹ 'ਚ ਜਾਨ ਕੱਢ ਦੇਣ ਵਾਲੀ ਚੀਸ ਪੈਂਦੀ...ਸੱਜੇ ਹੱਥ ਨਾਲ ਬਾਂਹ ਸਾਂਭ ਕੇ ਉਹ ਉਠ ਕੇ ਬੈਠ ਜਾਂਦਾ। ਪਤਾ ਨੀ ਕਿੰਨਵੀਂ ਵਾਰ ਉਹ ਉੱਠ ਕੇ ਬੈਠਿਆ ਸੀ ਜਦੋਂ ਮਨੋਜ ਦੀ ਆਵਾਜ਼ ਸੁਣੀ-

"ਦਿਨ ਚੜਨ ਤੋਂ ਪਹਿਲਾਂ ਪਹਿਲਾਂ ਤੋਰ ਦੇਣਾ ਚਾਹੀਦੈ ਇਹਨੂੰ"-

"ਹੋਰ ਕੀ? ਆਪਾਂ ਠੇਕਾ ਲਿਆ ਹੋਇਐ...", ਇਹ ਸਰਲਾ ਦੀ ਆਵਾਜ਼ ਸੀ-

"ਤੁਸੀਂ ਸਮਝਦੇ ਕਿਉਂ ਨੀ...ਕਿੱਥੇ ਜਾਊ ਐਹੋ ਜੀ ਹਾਲਤ 'ਚ...ਕਿਸੇ ਭਰੋਸੇ ਈ ਆਇਐ...ਆਸਰਾ ਤੱਕ ਕੇ। ਅਜਿਹੇ ਵੇਲੇ ਜੇ ਕੋਈ ਆਪਣਾ ਅਹਿਤ ਸੋਚਕੇ ਉਹਨੂੰ ਛੱਡਦੈ ਤਾਂ ਸ਼੍ਰੀ ਰਾਮ ਜੀ ਤਾਂ ਉਹਦੇ ਮੱਥੇ ਲੱਗਣ ਨੂੰ ਵੀ ਪਾਪ ਕਹਿੰਦੇ ਨੇ-

*ਸ਼ਰਣਾਗਤ ਕਹੁੰ ਜੇ ਤਜਹਿੰ ਨਿਜ ਅਨਹਿਤ ਅਨੁਮਾਨਿ।*
*ਤੇ ਨਰ ਪਾਂਵਰ ਪਾਪਮਯ ਤਿਨਹੇਂ ਬਿਲੋਕਤ ਹਾਨਿ॥*

'ਊਂ ਨਜ਼ੀਰ ਤਾਂ ਸ਼ਰਣਾਗਤ ਵੀ ਨੀ...ਹੱਕਦਾਰ ਐ'। ਮਨੋਜ ਦਾ ਮਨ ਕਈ ਸਾਲ ਪਿੱਛੇ ਚਲਿਆ ਗਿਆ। ਰਸੂਲ ਨਾਲ ਆਇਆ ਨਜ਼ੀਰ ਉਹਦੇ ਨਾਲ ਪਿੱਠੂ ਖੇਡ ਰਿਹਾ ਸੀ। ਉੱਚੀ ਬੋਲ ਕੇ ਸਮਝਾ ਰਿਹਾ ਸੀ- "ਪਿੱਠ ਕਰਕੇ ਨੀ ਭੱਜੀ ਦਾ...ਉਹਦੇ ਹੱਥ 'ਚ ਨਿਗ੍ਹਾ ਰੱਖ...ਪਾਸਾ ਵੱਟ ਕੇ ਬਚਾ ਗੇਂਦ...ਉਹਦੇ ਵੱਲ ਮੂੰਹ ਕਰਕੇ ਚਿਣ ਪਿੱਠੂ..."- ਕਦੇ ਦਰਖਤ 'ਤੇ ਚੜ੍ਹਨਾ ਸਿਖਾਉਂਦਾ, " ਪੈਰ ਸਿੱਧੇ ਰੱਖ ਕੇ ਨੀ ਚੜ੍ਹੀਦਾ...ਸਰੀਰ ਦਾ ਵਜ਼ਨ ਪਿੱਛੇ ਨੂੰ ਡਿਗ ਪੈਂਦੈ...ਟੇਢੇ ਰੱਖ ਪੈਰ...ਤਣੇ ਨਾਲ ਜਮਾ ਕੇ...ਖੜ੍ਹ ਕੇ ਨੀ...ਬਾਂਦਰ ਵਾਂਗ ਚਾਰਾਂ ਤੇ ਤੁਰ ਟਾਹਣੀ 'ਤੇ..."

ਪਰ ਨਜ਼ੀਰ ਨੂੰ ਤਾਂ ਸਰਲਾ ਦੀ ਗੱਲ ਸੁਣ ਰਹੀ ਸੀ- "ਗੱਲ ਤਾਂ ਥੋਡੀ ਠੀਕ ਐ...ਪਰ ਆਪਣਾ ਆਸਰਾ ਕਿਸੇ ਨੇ ਨੀ ਬਣਨਾ...ਮਨੋਜ ਦੱਸਦੈ ਬਈ ਚੌਧਰੀਆਂ ਦੇ ਛਿੰਦੇ ਨੇ ਸਾਰੇ ਗਰੁੱਪਾਂ 'ਚ ਪਾ'ਤਾ...ਅਗਲਿਆਂ ਨੇ ਦਿਨ ਚੜ੍ਹਦੇ ਨੂੰ ਆ ਵੜਨੈ"-

"ਅੱਛਾ! ਮਨੋਜ, ਤੂੰ ਵੀ ਦੇਹ ਹੋਕਾ ਗਰੁੱਪਾਂ 'ਚ...ਆਪਣੇ ਲੋਕਾਂ 'ਚੋਂ ਕਿਹੜਾ ਰੱਬ ਮਰ ਗਿਆ...ਇਹ ਵੀ ਸਮਝ ਲੈ ਬਈ ਚੰਗਿਆਈ 'ਚੋਂ ਭਰੋਸਾ ਉਠਣਾ ਬੁਰਿਆਈ ਵੱਲ ਪਹਿਲਾ ਕਦਮ ਐ...।"

...ਟਿਕੀ ਰਾਤ 'ਚ ਉਹਨਾਂ ਦੀਆਂ ਗੱਲਾਂ ਸੁਣਦੇ ਨਜ਼ੀਰ ਦੇ ਮਨ 'ਚ ਆਈ ਕਿ ਉਹ ਉੱਠ ਕੇ ਚਲਿਆ ਜਾਵੇ ਪਰ ਉਹਤੋਂ ਹਿਲਿਆ ਨਾ ਗਿਆ...ਮਨ ਭੰਨੀਂ ਘੜਤੀਂ ਪਿਆ ਰਿਹਾ-

'ਮਨੋਜ ਦੀ ਗੱਲ ਠੀਕ ਐ', ਉਹਦਾ ਅੰਦਰ ਬੋਲਿਆ, 'ਅਗਲਿਆਂ ਨੇ 'ਸੋਧਣ' ਦਾ ਨਵਾਂ ਢੰਗ ਕੱਢ ਲਿਆ ਸੀ। ਭੀੜ ਇਕੱਠੀ ਕਰੋ ਤੇ ਜੀਹਨੂੰ ਮਰਜ਼ੀ 'ਦੇਸ਼ ਧ੍ਰੋਹੀ...ਗਊ ਭਖਸ਼ਕ' ਕਹਿ ਕੇ ਮਾਰ ਦਿਓ...ਭੀੜ ਦਾ ਨਾ ਧਰਮ ਨਾ ਚਿਹਰਾ...' ਸਵੇਰ ਹੋਣ ਤਕ ਨਜ਼ੀਰ ਨੇ ਮਨੋ ਮਨੀ ਫੈਸਲਾ ਕਰ ਲਿਆ ਕਿ ਪੰਡਿਤ ਜੀ ਦੀ ਪ੍ਰਭਾਤ ਪੂਜਾ ਪੂਰੀ ਹੁੰਦੇ ਹੀ ਉਹ ਚਲਿਆ ਜਾਵੇਗਾ।

ਪੂਜਾ ਸ਼ੁਰੂ ਕਰਨ ਤੋਂ ਪਹਿਲਾਂ ਪਰਸ ਰਾਮ ਉਹਦੇ ਕੋਲ਼ ਆਇਆ। ਬਾਂਹ ਦੀ ਪੱਟੀ ਦੀ ਤਸੱਲੀ ਕੀਤੀ ਤੇ ਨਜ਼ੀਰ ਦੇ ਮੋਢੇ 'ਤੇ ਹੱਥ ਰੱਖਿਆ- "ਪੂਜਾ ਕਰ ਲਵਾਂ...ਫੇਰ ਕਿਤੇ ਹੋਰ ਕਰਦੇ ਐਂ ਟਿਕਾਣਾ...ਪਿੰਡ 'ਚ ਤੇਰਾ ਪਤਾ ਲੱਗ ਗਿਆ...।"

ਰਾਤੀਂ ਸੁਣੀ ਗੱਲ ਨਜ਼ੀਰ ਦੇ ਯਾਦ ਆਈ- 'ਆਪਾਂ ਕਿਹੜਾ ਠੇਕਾ ਲਿਆ ਹੋਇਐ', ਉਸ ਨੇ ਅਚਾਨਕ ਆਪਣੇ ਆਪ ਨੂੰ ਨਿਹੱਥਾ ਮਹਿਸੂਸ ਕੀਤਾ ਤੇ ਹੋਣੀ 'ਤੇ ਮੁਸਕਰਾ ਪਿਆ। ਗੱਲ ਕਰ ਕੇ ਤੁਰਨ ਲੱਗੇ ਪਰਸ ਰਾਮ ਨੂੰ ਨਜ਼ੀਰ ਦੇ ਚਿਹਰੇ 'ਤੇ ਆਈ ਮੁਸਕਾਨ ਦੇਖ ਕੇ ਭੈਅ ਆਇਆ- "ਕੀ ਗੱਲ...ਮਨ 'ਚ ਸ਼ੱਕ ਪੈਦਾ ਹੋ ਗਿਆ"-

"ਨਹੀਂ ਸ਼ੱਕ ਤਾਂ ਨੀ...ਪਰ ਪੰਡਿਤ ਜੀ...ਕਿੰਨੀਂ ਕੁ ਦੇਰ ਮੇਰੀ ਰਾਖੀ ਕਰਦੇ ਫਿਰੋਂਗੇ...ਅੱਜ ਨੀ ਤਾਂ ਕੱਲ੍ਹ ਉਹਨਾਂ ਨੇ...ਅਗਲੇ ਥੋਨੂੰ ਸੱਟ ਫੇਟ ਕਰਨਗੇ", ਗੱਲ ਵਿਚਾਲੇ ਛੱਡ ਕੇ ਨਜ਼ੀਰ ਨੇ ਨੀਵੀਂ ਪਾ ਲਈ। ਪਰਸ ਰਾਮ ਨੇ ਪਲ ਕੁ ਸੋਚਿਆ ਤੇ ਫੇਰ ਸਿੱਧਾ ਖੜ੍ਹਾ ਹੋ ਕੇ...ਉੱਚੀ ਆਵਾਜ਼ 'ਚ ਬੋਲਿਆ- "ਕਦੋਂ ਤਕ...! ਜਦੋਂ ਤਕ ਤੈਨੂੰ, ਮੈਨੂੰ ਲੜਾਉਣ ਵਾਲੇ ਨੀ ਹਟਦੇ...ਇਹ ਨੇਕੀ ਬਦੀ ਦੀ ਜੰਗ ਐ ਨਜ਼ੀਰ ਮੀਆਂ! ਕਦੇ ਮਾਮੇ ਖਿਲਾਫ ਯੁੱਧ ਕਰਨ ਲਈ ਭਗਵਾਨ ਕ੍ਰਿਸ਼ਨ ਨੂੰ ਕਾਰਾਵਾਸ 'ਚ ਜਨਮ ਲੈਣੈ ਪੈਂਦੈ ਤੇ ਕਦੇ ਪਾਂਡਵਾਂ ਨੂੰ ਆਪਣਿਆਂ ਦਾ ਦਿੱਤਾ 'ਗੁਪਤ ਵਾਸ' ਧਾਰਨ ਕਰਨਾ ਪੈਂਦੈ...ਦੇਖਦੇ ਐਂ ਇਹ ਰਾਮ ਭਗਤ ਕਿੰਨਾ ਕੁ ਨਿਭਦੈ..."

ਨਜ਼ੀਰ ਨੂੰ ਸੋਚੀਂ ਪਿਆ ਛੱਡ ਪਰਸ ਰਾਮ ਇਸ਼ਨਾਨ ਕਰਨ ਜਾ ਲੱਗਿਆ। ਫਿਰ ਕਿੰਨੀ ਦੇਰ ਟੱਲੀ ਦੀ ਆਵਾਜ਼ ਸੁਣਦੀ ਰਹੀ...ਨਜ਼ੀਰ ਦੇ ਚੇਤੇ 'ਚ ਬੰਬ ਨਾਲ ਤੁੰਬੇ ਤੁੰਬੇ ਉਡਦਾ ਰਸੂਲ ਆਉਂਦਾ ਰਿਹਾ, ਅੰਦਰੋਂ ਸ਼ਫੀ ਗਾਉਂਦਾ ਰਿਹਾ-

*ਰੰਗ ਅੱਲਾ ਦੇ ਨਿਆਰੇ ਨੇ...ਜੀ ਛੱਡ ਕੇ ਤੁਰ ਜਾਂਦੇ*
*ਤੁਰ ਜਾਂਦੇ...ਜਿਹੜੇ ਜਾਨੋਂ ਪਿਆਰੇ ਨੇ...*

ਪਰਸ ਰਾਮ ਨੇ ਅਜੇ ਪੂਜਾ ਪੂਰੀ ਕੀਤੀ ਹੀ ਸੀ ਕਿ ਬਾਹਰੋਂ ਕਿਸੇ ਨੇ ਹਾਕ ਮਾਰੀ-

"ਪੰਡਿਤ ਜੀ...", ਚੌਧਰੀਆਂ ਦੇ ਸੁਰਿੰਦਰ ਦੀ ਆਵਾਜ਼ ਸੀ।

"ਆ 'ਗੇ...ਅਗਲਿਆਂ ਨੇ ਟਾਈਮ ਵੀ ਪੱਕਾ ਕੀਤਾ ਹੋਇਆ ਸੀ", ਅੰਦਰੋਂ ਮਨੋਜ ਬੋਲਿਆ, " ਬਾਊ ਜੀ ਕੁੰਡਾ ਨਾ ਲਾਹਿਓ...।"

ਇਕ ਪਲ...ਦਰਵਾਜ਼ਾ ਖੜਕਿਆ। ਕਈ ਆਵਾਜ਼ਾਂ ਇਕੱਠੀਆਂ ਆਈਆਂ- "ਅੰਦਰੇ ਐ...ਤਾਂ ਹੀ ਨੀ ਕੁੰਡਾ ਲਾਹੁੰਦੇ"-

ਪਰਸ ਰਾਮ ਨੇ ਨਜ਼ੀਰ ਨੂੰ ਪੌੜੀਆਂ ਵੱਲ ਇਸ਼ਾਰਾ ਕੀਤਾ, ਆਪ ਕੌਲੇ ਨਾਲ ਖੜ੍ਹਾ ਫਰਸਾ ਚੁੱਕ ਲਿਆ...

"ਹੁਣ ?", ਸਰਲਾ ਤੇ ਮਨੋਜ ਉਹਦੇ ਪਿੱਛੇ ਆ ਖੜ੍ਹੇ ਸਨ...

"ਤੁਸੀਂ ਚੱਲੋ ਅੰਦਰ...ਮੈਂ ਦੇਖਦੈਂ...", ਪਰਸ ਰਾਮ ਨੇ ਕਿਹਾ ਤੇ ਦਰਵਾਜ਼ੇ ਵੱਲ ਹੋਇਆ। ਸਰਲਾ ਉਹਦੇ ਅੱਗੇ ਆ ਖੜ੍ਹੀ- "ਤੁਸੀਂ ਕੀ ਦੇਖੋਂਗਿਓ...ਭੀੜ ਐ ਬਾਹਰ"-

"ਬਾਹਰ ਕੱਢੋ ਦੇਸ਼ ਧ੍ਰੋਹੀ ਨੂੰ", ਬਾਹਰੋਂ ਲਲਕਾਰਾ ਵੱਜਿਆ। ਦਰਵਾਜ਼ੇ 'ਤੇ ਡਾਂਗ ਖੜਕੀ। ਨਜ਼ੀਰ ਪੌੜੀਆਂ ਚੜ੍ਹ ਗਿਆ-

"ਰੁਕ ਜੋ...ਕੁਸ਼ ਨੀ ਹੁੰਦਾ...", ਮਨੋਜ ਨੇ ਪਰਸ ਰਾਮ ਦੀ ਬਾਂਹ ਫੜੀ...

"ਉਹ ਦਰਵਾਜ਼ਾ ਤੋੜ ਦੇਣਗੇ...ਮੈਨੂੰ ਕਰਨ ਦੇ ਗੱਲ", ਪਰਸ ਰਾਮ ਨੇ ਮਨੋਜ ਤੋਂ ਆਪਣੀ ਬਾਂਹ ਛੁਡਾਈ। ਬਾਹਰ ਹੁੰਦੇ ਖਰੂਦ ਨਾਲ ਇਕ ਵਾਰ ਤਾਂ ਉਹਨੂੰ ਕਾਂਬਾ ਛਿੜਿਆ। ਗਊ ਰਖਿਅਕਾਂ ਦੀਆਂ ਭੀੜਾਂ ਦਿਸੀਆਂ, ਪੱਥਰਬਾਜ਼ਾਂ ਤੋਂ ਬਚਦੇ ਸਿਪਾਹੀ ਦਿਸੇ...ਪਰ ਨਾਲ ਹੀ ਉਹਦੇ ਅੰਦਰ ਵਸਿਆ ਰਾਮ ਬੋਲਿਆ-

*ਰਘੂ ਕੁਲ ਰੀਤ ਸਦਾ ਚਲੀ ਆਈ*
*ਪ੍ਰਾਣ ਜਾਏ ਪਰ ਬਚਨ ਨਾ ਜਾਈ*

ਪਰਸ ਰਾਮ ਨੇ ਕੁੰਡਾ ਖੋਲ੍ਹਿਆ ਤੇ ਦਰਵਾਜ਼ੇ ਦੇ ਵਿਚਕਾਰ ਫਰਸਾ ਟਿਕਾ ਕੇ ਖੜ੍ਹ ਗਿਆ- "ਹਾਂ ਜੀ ਚੌਧਰੀ ਸਾਹਬ! ਹੁਕਮ ਕਰੋ"- ਭੀੜ ਦਾ ਰੌਲਾ ਇਕ ਵਾਰ ਤਾਂ ਟਿਕ ਗਿਆ-



"ਉਹ...ਕੁੱਤਾ ਦੇਸ਼ ਧ੍ਰੋਹੀ ਦੇ ਦਿਓ ਸਾਨੂੰ...ਤੁਹਾਡੇ ਨਾਲ ਸਾਡਾ ਕੋਈ ਰੌਲਾ ਨੀ", ਸੁਰਿੰਦਰ ਦੀ ਆਵਾਜ਼ ਦੂਰ ਤੱਕ ਗੂੰਜੀ-

"ਅੱਛਾ! ਨਜ਼ੀਰ ਨੇ ਕਿਸੇ ਦਾ ਕੀ ਵਿਗਾੜਿਐ? ਉਹ ਤਾਂ ਪਹਿਲਾਂ ਈ ਫੱਟੜ ਐ...ਨਗਰ ਦਾ ਆਸਰਾ ਤੱਕ ਕੇ ਆਇਐ...", ਪਰਸ ਰਾਮ ਦੀ ਮੁੱਠੀ ਫਰਸੇ 'ਤੇ ਕਸੀ ਗਈ-

"ਬਾਊ ਜੀ..." ਮਨੋਜ ਦੀ ਗੱਲ ਪਰਸ ਰਾਮ ਦੇ ਉੱਠੇ ਹੱਥ ਨੇ ਥਾਏਂ ਰੋਕ ਦਿੱਤੀ।

"ਤੂੰ ਆਪਣੀ ਧਿਰ ਦਾ ਫੈਸਲਾ ਕਰ ਮਨੋਜ ਕੁਮਾਰ...ਮੈਂ ਆਪਣੇ ਧਰਮ ਤੋਂ ਪਿੱਛੇ ਨੀ ਹਟਣਾ...ਮੈਂ ਨਜ਼ੀਰ ਨੂੰ ਰੱਖਿਆ ਦਾ ਬਚਨ ਦਿੱਤੈ", ਪਰਸ ਰਾਮ ਨੇ ਮਨੋਜ ਦੀਆਂ ਅੱਖਾਂ 'ਚ ਦੇਖਿਆ। ਫੇਰ ਬੇ-ਮੌਕਾ ਲਗਦੀ ਨਰਮ ਆਵਾਜ਼ 'ਚ ਬੋਲਿਆ- "ਨਜ਼ੀਰ ਦਾ ਕਿਸੇ ਹਾਦਸੇ ਨਾਲ ਕੋਈ ਵਾਸਤਾ ਨੀ ਚੌਧਰੀ ਸਾਬ੍ਹ...ਉਸ ਵਿਚਾਰੇ ਗ਼ਰੀਬ 'ਤੇ ਰਹਿਮ ਕਰੋ..."

"ਰਹਿਮ!...ਰਹਿਮ ਦੀ ਗੱਲ ਕਰਨ ਤੋਂ ਪਹਿਲਾਂ ਪੰਜਤਾਲੀ ਘਰਾਂ 'ਚ ਵਿਛੇ ਸੱਥਰ ਦੇਖ ਲੋ...ਬਾਹਰ ਕੱਢੋ ਇਹਨੂੰ", ਸੁਰਿੰਦਰ ਦੇ ਨਾਲ ਖੜ੍ਹਾ ਕੋਈ ਓਪਰਾ ਬੰਦਾ ਬੋਲਿਆ ਸੀ- "ਆਹ ਮੁੰਡੇ ਵੀਡੀਓ ਬਣਾਈ ਜਾਂਦੇ ਨੇ...ਫੈਸਲਾ ਕਰੋ..." ਇਕ ਹੋਰ ਨੇ ਧਮਕੀ ਦਿੱਤੀ-

"ਜੈ ਸ਼੍ਰੀ ਰਾਮ...", ਗਲੀ ਵਿਚੋਂ ਨਾਹਰਾ ਗੂੰਜਿਆ...

"ਜੈ ਸ਼੍ਰੀ ਰਾਮ..." ਪਰਸ ਰਾਮ ਨੇ ਹੋਰ ਵੀ ਬੁਲੰਦ ਆਵਾਜ਼ ਵਿਚ ਨਾਹਰੇ ਦਾ ਜਵਾਬ ਦਿੱਤਾ। ਆਪਣੇ ਪਿੱਛੋਂ ਆਈ ਆਵਾਜ਼ ਸੁਣ ਕੇ ਉਹਨੇ ਪਿੱਛੇ ਦੇਖਿਆ। ਮਨੋਜ ਨੇ ਨਾਹਰੇ ਵਿਚ ਉਹਦਾ ਸਾਥ ਦਿੱਤਾ ਸੀ-

"ਚੌਕੀਦਾਰਾ...ਆਖਰੀ ਵਾਰ ਕਹਿਨੇ ਐਂ...ਨਹੀਂ ਧੂ ਤਾਂ ਅਸੀਂ ਅੰਦਰੋਂ ਵੀ ਲੈ ਏ ਆਉਣੈ..."

"ਰਾਹ 'ਚ ਮੈਂ ਵੀ ਆਂ ਚੌਧਰੀ!...ਰਾਮ ਭਗਤ ਪਰਸ ਰਾਮ ਚੌਕੀਦਾਰ...ਨੇਕੀ ਲਈ ਮਰ ਵੀ ਸਕਦੈ...ਤੇ ਮਾਰ ਵੀ।"

"ਥੋਨੂੰ ਕੌਣ ਮਾਰੂ ਪੰਡਿਤ ਜੀ...ਸਾਡੇ ਹੁੰਦੀ", ਭੀੜ ਦੇ ਪਿੱਛੋਂ ਲਲਕਾਰਾ ਗੂੰਜਿਆ...ਪਰਸ ਰਾਮ ਨੇ ਸਿਰ ਉਗਾਸ ਕੇ ਭੀੜ ਦੇ ਉੱਤੋਂ ਦੇਖਿਆ। ਮਨੋਜ ਦੇ ਕਈ ਮਿੱਤਰ ਹੱਥਾਂ 'ਚ ਡਾਂਗਾਂ ਲਈ ਖੜ੍ਹੇ ਸਨ। ਉਹਨਾਂ ਵਿਚੋਂ ਹੀ ਕੋਈ ਕਹਿ ਰਿਹਾ ਸੀ-

"ਬਾਹਰਲੀ ਮੰਡ੍ਹੀਰ ਕੱਠੀ ਹੋਈ ਐ...ਐਂ ਕਿਤੇ ਪਿੰਡ ਮਰ ਗਿਆ...ਮਨੋਜ!...ਲਿਆ ਨਜ਼ੀਰ ਨੂੰ ਬਾਹਰ...ਦੇਖਦੇ ਐਂ ਕੌਣ ਹੱਥ ਲਾਉਂਦੈ..." ਪਿੰਡ ਵਾਲਿਆਂ ਵੱਲੋਂ ਕੋਈ ਹੋਰ ਗਰਜਿਆ...

ਪਰਸ ਰਾਮ ਨੇ ਪਹਿਲਾਂ ਰੋਹ ਵਿਚ ਤਣੇ ਖੜ੍ਹੇ ਮਨੋਜ ਵੱਲ ਤੇ ਫੇਰ ਡਰੀ ਖੜ੍ਹੀ ਸਰਲਾ ਵੱਲ ਤਸੱਲੀ ਨਾਲ ਦੇਖਿਆ ਜਿਵੇਂ ਕਹਿ ਰਿਹਾ ਹੋਵੇ- "ਦੇਖਿਆ! ਐਂ 'ਕੱਠਾ ਹੁੰਦੈ ਪਿੰਡ ਚੌਕੀਦਾਰ ਦੇ ਹੋਕੇ 'ਤੇ...।" 000

***(ਪਿੰਡ ਬੂਥਗੜ੍ਹ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ)***

# ਹਾਫ਼ ਟਾਈਮ: ਕਹਾਣੀ: ਜਿੰਦਰ

"ਮੰਮੀ ਮਾਨੀਏ, ਤੁਸੀਂ ਆਪਣੀ ਦੇਹ ਨੂੰ ਐਨਾ ਕਸ਼ਟ ਕਾਸ ਲਈ ਦਿੰਦੇ ਹੋ?" ਅਨੀਤਾ ਨੇ ਚਾਹ ਦਾ ਕੱਪ ਖਾਲੀ ਕਰਕੇ, ਮੇਰੀ ਝੋਲੀ 'ਚ ਸਿਰ ਸੁੱਟਦਿਆਂ ਹੋਇਆਂ ਪੁੱਛਿਆ। ਉਸ ਮੇਰੇ ਹੱਥੋਂ ਕਮੀਜ਼ ਖੋਹ ਕੇ ਪਰ੍ਹਾਂ ਸੁੱਟ ਦਿੱਤੀ।

ਮੈਂ ਹੱਥ ਅਗਾਂਹ ਨੂੰ ਕਰ ਕੇ ਕਮੀਜ਼ ਚੁੱਕ ਲਈ। ਅੱਜ ਮੇਰੇ ਕੋਲ਼ ਕੰਮ ਵੀ ਜ਼ਿਆਦਾ ਸੀ।

ਸਵੇਰੇ ਵੀ ਐਦਾਂ ਹੀ ਹੋਇਆ ਸੀ। ਮੈਂ ਉਹਨੂੰ ਚਾਹ ਦਾ ਗਲਾਸ ਫੜਾਇਆ। ਉਸ ਮੈਥੋਂ ਪੁੱਛਿਆ, "ਤੁਹਾਡੀਆਂ ਅੱਖਾਂ ਲਾਲ ਕਿਉਂ ਆਂ?" ਮੈਂ ਕੋਈ ਜਵਾਬ ਨਾ ਦਿੱਤਾ। ਆਪਣੀ ਧੀ ਨੂੰ ਕੀ-ਕੀ ਦੱਸਾਂ? ਮੈਂ ਮਸ਼ੀਨ ਚਲਾਉਣੀ ਸ਼ੁਰੂ ਕਰ ਦਿੱਤੀ। ਫੇਰ ਮੈਥੋਂ ਮਸ਼ੀਨ ਅੱਗਿਓਂ ਉੱਠਿਆ ਨਾ ਗਿਆ ਸੀ। ਦਫ਼ਤਰ ਜਾਣ ਲੱਗਿਆਂ ਉਸ ਹੱਥ ਹਿਲਾ ਕੇ ਕਿਹਾ, "ਮੰਮੀ ਜੀ, ਮੈਂ ਚੱਲੀ ਆਂ।" ਮੈਂ ਆਪਣੀ ਆਦਤ ਮੁਤਾਬਕ ਉਸ ਨੂੰ ਬਾਹਰਲੇ ਦਰਵਾਜ਼ੇ ਤਕ ਛੱਡਣ ਨਾ ਗਈ। ਅੱਜ ਤਾਂ ਉਸ ਨੂੰ ਉਸ ਦਾ ਟਿਫ਼ਨ ਵੀ ਤਿਆਰ ਕਰ ਕੇ ਨਾ ਦਿੱਤਾ। ਕੰਮ ਹੀ ਇੰਨੇ ਜਮ੍ਹਾਂ ਹੋ ਗਏ ਸਨ। ਮੈਂ ਇਨ੍ਹਾਂ 'ਚ ਉਲਝ ਕੇ ਰਹਿ ਗਈ ਸੀ। ਮੈਨੂੰ ਇਹ ਉਲਝਣਾ ਚੰਗਾ ਲੱਗਦਾ ਹੈ। ਕਦੇ-ਕਦਾਈਂ ਬਹੁਤ ਹੀ ਚੰਗਾ ਲੱਗਦਾ ਹੈ। ਇਹ ਮੈਨੂੰ ਸਭ ਕੁਝ ਤੋਂ ਦੂਰ ਰੱਖਦਾ ਹੈ। ਫੇਰ ਸਿਰਫ਼ ਮੈਂ ਹੁੰਦੀ ਹਾਂ ਜਾਂ ਕੰਮ। ਸਿਰਫ਼ ਕੰਮ ਹੁੰਦਾ ਹੈ। ਜਿੱਦਾਂ ਕਦੇ ਮਨੋਜ ਹੁੰਦਾ ਸੀ। ਸਾਡੀ ਇਕ ਧਰਤੀ ਸੀ। ਇਕ ਅਸਮਾਨ ਸੀ। ਮਨੋਜ ਤੇ ਮੇਰਾ ਵੱਖਰਾ ਸੰਸਾਰ ਸੀ।

"ਪਹਿਲਾਂ ਮੇਰੀ ਗੱਲ ਦਾ ਜਵਾਬ ਦਿਓ।" ਇਹ ਕਿਸ ਨੇ ਕਿਹਾ। ਜਸਬੀਰ ਨੇ ਜਾਂ ਅਨੀਤਾ ਨੇ? ਮੈਨੂੰ ਪਤਾ ਨਾ ਲੱਗਾ। ਦੋਵੇਂ ਜਣੇ ਜ਼ਿੱਦ ਨਾਲ ਪੁੱਛਦੇ ਹਨ।

ਮੇਰੇ ਸਾਹਮਣੇ ਤਾਂ ਅਨੀਤਾ ਸੀ।

"ਮੈਂ ਇਹ ਸੂਟ ਦੋ ਘੰਟਿਆਂ ਬਾਅਦ ਦੇਣਾ। ਕਮਲੇਸ਼ ਨੇ ਕਿਸੇ ਮੈਰਿਜ ਪਾਰਟੀ 'ਤੇ ਜਾਣਾ। ਜੇ ਕਮੀਜ਼ ਦੀ ਤਰਪਾਈ ਨਾ ਕੀਤੀ ਤਾਂ ਉਨ੍ਹੇ ਬੋਲਣ ਲੱਗੀ ਨੇ ਅੱਗਾ ਪਿੱਛਾ ਨ੍ਹੀਂ ਦੇਖਣਾ। ਉਹ ਮੇਰੀ ਪੱਕੀ ਕਸਟਮਰ ਆ। ਪਹਿਲੇ ਦਿਨਾਂ ਦੀ।"

ਉਸ ਮੇਰੇ ਮੂੰਹ ਅੱਗੇ ਹੱਥ ਰੱਖਦਿਆਂ ਕਿਹਾ, "ਕੋਈ ਪਹਾੜ ਨ੍ਹੀਂ ਡਿੱਗ ਚੱਲਿਆ। ਮੈਥੋਂ ਤੁਹਾਡੀਆਂ ਅੱਖਾਂ 'ਚ ਉਭਰੇ ਸੁਰਖ ਡੋਰੇ ਨ੍ਹੀਂ ਦੇਖੇ ਜਾਂਦੇ। ਸਾਡੇ ਲਈ ਆਪਣੀ ਜ਼ਿੰਦ ਨਾ ਰੋਲ਼ੋ। ਤੁਸੀਂ ਦੁਬਾਰਾ ਵਿਆਹ ਨਾ ਕਰਵਾ ਕੇ ਜ਼ਿੰਦਗੀ 'ਚ ਅਹਿਮ ਗ਼ਲਤੀ ਕੀਤੀ ਆ। ਸਾਡਾ ਬਚਪਨ ਥੁੜ੍ਹਾਂ 'ਚ ਰੋਲ਼ਿਆ। ਆਪਣੀ ਜਵਾਨੀ।" ਉਸ ਦੋਹਾਂ ਹੱਥਾਂ ਨਾਲ ਮੇਰਾ ਮੂੰਹ ਬਿਲਕੁਲ ਆਪਣੀਆਂ ਅੱਖਾਂ ਦੇ ਸਾਹਮਣੇ ਕਰ ਲਿਆ। ਕਿੰਨਾ ਚਿਰ ਸਿੱਧਾ ਹੀ ਦੇਖਦੀ ਰਹੀ।

ਮੇਰੀ ਕਮਲ਼ੀ ਜਿਹੀ ਧੀ, ਦੋ ਸਾਲਾਂ 'ਚ ਹੀ ਕਿੰਨੀ ਵੱਡੀ ਹੋ ਗਈ ਹੈ। ਕਿੰਨੀ ਸਿਆਣੀ ਹੋ ਗਈ ਹੈ। ਮੈਨੂੰ ਮੱਤਾਂ ਦੇਣ ਲੱਗੀ ਹੈ। ਕਈ ਵਾਰੀ ਉਸ ਫੇਸ ਬੁੱਕ 'ਤੇ ਮੈਸੇਜ ਭੇਜਿਆ ਸੀ-'ਬਾਹਰ ਕੁਝ ਨਹੀਂ ਹੁੰਦਾ। ਸਾਡੇ ਅੰਦਰ ਲੁਕ ਛਿਪ ਕੇ ਬੈਠੇ ਦੁੱਖ ਦੀ ਬਾਹਰਲੀ ਪੈਛਲ ਹੁੰਦੀ ਹੈ।' ਮੈਥੋਂ ਇਹ ਸਮਝ ਨਹੀਂ ਹੋਇਆ ਸੀ। ਪਤਾ ਨਹੀਂ ਉਹ ਕੀ ਕਹਿਣਾ ਚਾਹੁੰਦੀ ਹੈ। ਸੱਚ ਕਹਿੰਦੀ ਹਾਂ ਕਿ ਮੈਥੋਂ ਉਸ ਦੀਆਂ ਨਜ਼ਰਾਂ ਦਾ ਸਾਹਮਣਾ ਨਹੀਂ ਹੁੰਦਾ। ਉਸ ਦੀਆਂ ਨਜ਼ਰਾਂ 'ਚ ਸਵਾਲ ਹੀ ਸਵਾਲ ਹੁੰਦੇ ਹਨ। ਉਸ ਦੀ ਹੁਣੇ-ਹੁਣੇ ਕਹੀ ਗੱਲ ਨੇ ਮੇਰੀ ਲੂਈਂ ਖੜ੍ਹੀ ਕਰ ਦਿੱਤੀ। ਉਸ ਮੇਰੇ ਸੱਜੇ ਕੰਨ ਕੋਲ਼ ਆਪਣਾ ਮੂੰਹ ਲਿਜਾ ਕੇ ਧੀਮੀ ਜਿਹੀ ਆਵਾਜ਼ 'ਚ ਕਿਹਾ, "ਮੈਨੂੰ ਪਤਾ, ਤੁਹਾਨੂੰ ਕੀ ਚਾਹੀਦਾ। ਤੁਸੀਂ ਮੇਰੀ ਗੱਲ ਧਿਆਨ ਨਾਲ ਨ੍ਹੀਂ ਸੁਣ ਰਹੇ। ਠੀਕ ਹੈ ਨਾ। ਤੁਹਾਡਾ ਧਿਆਨ ਅੱਧਾ ਸੂਟ 'ਚ



ਆ। ਤੇ ਅੱਧਾ ਕਿਸੇ ਹੋਰ ਪਾਸੇ। ਇਹਨੂੰ ਪੂਰਾ ਕਰ ਲਉ। ਸੌਣ ਤੋਂ ਪਹਿਲਾਂ ਆਪਾਂ ਬਹੁਤ ਸਾਰੀਆਂ ਗੱਲਾਂ ਕਰਨੀਆਂ।" ਉਸ ਮੈਨੂੰ ਘੁੱਟ ਕੇ ਜੱਫੀ ਪਾਈ। ਕਿੱਸ ਕੀਤਾ। ਉੱਠ ਕੇ ਦੂਜੇ ਕਮਰੇ 'ਚ ਚਲੇ ਗਈ।

ਦੁਪਹਿਰੇ ਜਿਹੇ ਜਸਬੀਰ ਦਾ ਫੋਨ ਆਇਆ ਸੀ। ਸਾਹਮਣੇ ਹੋਵੇ ਤਾਂ ਉਹ ਮੇਰੇ ਨਾਲ ਨਜ਼ਰਾਂ ਮਿਲਾ ਕੇ ਗੱਲ ਨਹੀਂ ਕਰਦਾ। ਜਿੱਦਾਂ ਕਿ ਉਹ ਬੋਲਣ ਤੋਂ ਪਹਿਲਾਂ ਸੋਚਦਾ ਹੋਵੇ। ਉਹਦੇ ਸ਼ਬਦਾਂ 'ਚ ਹਮਦਰਦੀ ਦੀ ਚਾਸ਼ਣੀ ਹੁੰਦੀ ਹੈ। ਫੇਸ ਬੁੱਕ 'ਤੇ ਉਸ ਦਾ ਹੋਰ ਹੀ ਰੂਪ ਮਿਲਦਾ ਹੈ। ਉਹ ਖੁੱਲ੍ਹ ਕੇ ਗੱਲਾਂ ਕਰਦਾ ਹੈ। ਉਸ ਰਾਜ਼ੀ-ਬਾਜ਼ੀ ਪੁੱਛ ਕੇ ਕਿਹਾ ਸੀ, "ਮੰਨਿਆ ਕਿ ਸਾਡੇ ਬੱਚਿਆਂ ਪ੍ਰਤੀ ਫਰਜ਼ ਨੇ, ਪਰ ਸਾਨੂੰ ਬੱਚਿਆਂ ਕਰਕੇ ਹੀ ਆਪਣੀਆਂ ਇੱਛਾਵਾਂ ਦਾ ਗਲ਼ਾ ਨ੍ਹੀਂ ਘੁੱਟਣਾ ਚਾਹੀਦਾ। ਮੈਂ ਠੀਕ ਕਹਿ ਰਿਹਾ ਆਂ ਨਾ?"

ਮੈਨੂੰ ਉਹਦੀਆਂ ਬਹੁਤ ਸਾਰੀਆਂ ਗੱਲਾਂ ਸੱਚੀਆਂ ਲੱਗਦੀਆਂ ਹਨ। ਮੈਂ ਉਹਨਾਂ ਦਾ ਜੁਆਬ ਹੂੰ, ਹਾਂ ਤੇ ਅੱਛਾ ਜੀ 'ਚ ਦਿੰਦੀ ਹਾਂ। ਉਹ ਚਾਹੁੰਦਾ ਹੈ ਕਿ ਮੈਂ ਬਹੁਤ ਸਾਰਾ ਬੋਲਾਂ। ਮੈਂ ਆਪ ਉਸ ਨਾਲ ਕਈ ਇਕ ਗੱਲਾਂ ਕਰਨੀਆਂ ਚਾਹੁੰਦੀ ਹਾਂ। ਪਰ ਮੈਥੋਂ ਹੁੰਦਾ ਕੁਝ ਨਹੀਂ। ਬਸ ਸੋਚਦੀ ਹੀ ਰਹਿੰਦੀ ਹਾਂ। ਇਹ ਪਹਿਲੀ ਵਾਰ ਸੀ ਕਿ ਮੈਂ ਕਿਸੇ ਦੇ ਸਾਹਮਣੇ ਇੰਨੀ ਕਮਜ਼ੋਰ ਹੋਈ ਸੀ। ਮੈਂ ਆਪਣੇ ਆਪ ਨੂੰ ਕੰਮ 'ਚ ਲਗਾ ਲੈਂਦੀ ਹਾਂ। ਉਸ ਦੇ ਕਹੇ ਤੇ ਸੁਣੇ ਨੂੰ ਅਗਲੇ ਦਿਨਾਂ ਲਈ ਛੱਡ ਦਿੰਦੀ ਹਾਂ। ਇਸ ਨਾਲ ਉਹਨੂੰ ਕੋਈ ਫਰਕ ਨਹੀਂ ਪੈਂਦਾ। ਕਮਾਲ ਦਾ ਹੈ ਉਹ ਬੰਦਾ। ਕਮਾਲ ਦਾ ਉਸ ਦਾ ਸਬਰ। ਕੋਈ ਕਾਹਲ਼ ਨਹੀਂ। ਕੋਈ ਤੇਜ਼ੀ ਨਹੀਂ। ਉਹ ਬਹੁਤ ਧੀਮੀ ਆਵਾਜ਼ 'ਚ ਕਹਿੰਦਾ, "ਮੈਨੂੰ ਆਪਣੇ ਦਿਲ ਦੀਆਂ ਗੱਲਾਂ ਕਰਨ ਲਈ ਕਿਸੇ ਦੇ ਸਾਥ ਦੀ ਲੋੜ ਸੀ। ਤੁਸੀਂ ਮਿਲ ਗਏ ਹੋ। ਹੁਣ ਹੋਰ ਕੁਸ਼ ਨ੍ਹੀਂ ਚਾਹੀਦਾ।" ਇਹ ਉਸਦੇ ਕਹਿਣ ਦੀ ਗੱਲ ਹੈ। ਮੈਨੂੰ ਪਤਾ ਕਿ ਉਹ ਇਸ ਤੋਂ ਅੱਗੇ ਵੀ ਜਾਣਾ ਚਾਹੁੰਦਾ ਹੈ। ਉਸ ਦਾ ਫੋਨ ਮੈਨੂੰ ਬੇਚੈਨ ਕਰਦਾ ਹੈ।

ਅੱਜ ਉਸ ਬਾਰੇ ਸੋਚਣਾ ਚਾਹੁੰਦੀ ਸੀ ਪਰ ਸਾਰਾ ਦਿਨ ਮੈਨੂੰ ਸਿਰ ਖੁਰਕਣ ਦੀ ਵਿਹਲ ਨਾ ਮਿਲੀ। ਨਰਾਤੇ ਚਲ ਰਹੇ ਹਨ। ਵਿਆਹਾਂ ਦਾ ਸੀਜ਼ਨ ਹੈ। ਹਰ ਕੋਈ ਕਾਹਲ਼ੀ 'ਚ ਆਉਂਦਾ ਹੈ। ਮੇਰਾ ਆਪਣਾ ਅਸੂਲ ਹੈ ਕਿ ਕੰਮ ਵੇਲ਼ੇ ਕੰਮ। ਗੱਲਾਂ ਵੇਲ਼ੇ ਗੱਲਾਂ। ਦਿਨੇ ਪੰਦਰ੍ਹਾਂ-ਸੋਲ੍ਹਾਂ ਕੁੜੀਆਂ/ਔਰਤਾਂ ਸਿਲਾਈ ਸਿੱਖਣ ਆਉਂਦੀਆਂ ਹਨ। ਇਕ ਮਿੰਟ ਵੀ ਉਹਨਾਂ ਦੀ ਜ਼ੁਬਾਨ ਬੰਦ ਨਹੀਂ ਹੁੰਦੀ। ਮੈਂ ਉਹਨਾਂ ਦੀਆਂ ਗੱਲਾਂ 'ਚ ਸ਼ਾਮਿਲ ਨਹੀਂ ਹੁੰਦੀ। ਮੈਥੋਂ ਹੋਇਆ ਨਹੀਂ ਜਾਂਦਾ। ਜਿੰਨਾ ਕੁ ਕੋਈ ਪੁੱਛਦੀ ਹੈ ਮੈਂ ਉਸ ਨਾਲੋਂ ਅੱਧਾ ਜਵਾਬ ਦਿੰਦੀ ਹਾਂ। ਮੈਂ ਇਕੱਲੀ ਜਾਨ ਕਿੰਨਾ ਕੁ ਬੋਲ ਸਕਦੀ ਹਾਂ। ਜਾਣਦੀ ਹਾਂ ਕਿ ਮੇਰੀ ਉਹ ਬਹੁਤ ਇੱਜ਼ਤ ਕਰਦੀਆਂ ਹਨ। ਜੇ ਘੂਰਾਂ ਤਾਂ ਅੱਗੋਂ ਹੱਸ ਪੈਂਦੀਆਂ ਹਨ। ਇਕ ਗੁਰਪਾਲੋ ਹੈ। ਜੇ ਕਿਤੇ ਝਿੜਕਾਂ ਤਾਂ ਪੋਲਾ ਜਿਹਾ ਮੂੰਹ ਬਣਾ ਕੇ ਕਹਿ ਦਿੰਦੀ ਹੈ, "ਆਂਟੀ ਜੀ- ਨ੍ਹੀਂ ਦੀਦੀ, ਜੇ ਇਹਨਾਂ ਦਿਨਾਂ 'ਚ ਨਾ ਹੱਸਾਂ ਤਾਂ ਫੇਰ ਕਦੋਂ ਹੱਸਾਂਗੀ। ਤੁਸੀਂ ਹੀ ਦੱਸੋ? ਤੁਸੀਂ ਕਿਉਂ ਹੱਸਦੇ ਨ੍ਹੀਂ?" ਮੈਂ ਉਹਨੂੰ ਕੀ ਦੱਸਾਂ ਕਿ ਮੈਂ ਚਾਹੁੰਦਿਆਂ ਹੋਇਆਂ ਵੀ ਹੱਸ ਨਹੀਂ ਸਕਦੀ। ਕਿਹਦੇ ਨਾਲ ਹੱਸਾਂ? ਕਿਹਦੇ ਕਰਕੇ ਹੱਸਾਂ? ਕਿਸ ਨਾਲ ਮਨ ਦੀਆਂ ਗੰਢਾਂ ਖੋਲ੍ਹਾਂ। ਜਸਬੀਰ ਨਾਲ? ਮੈਨੂੰ ਉਸ ਤੋਂ ਡਰ ਲੱਗਦਾ ਹੈ। ਕਦੇ-ਕਦੇ ਉਸ ਦਾ ਆਉਣਾ ਚੰਗਾ ਲੱਗਦਾ ਹੈ। ਭੈੜਾ ਵੀ ਲੱਗਦਾ ਹੈ। ਉਸ ਦੇ ਮਿਲਣ ਤੋਂ ਪਹਿਲਾਂ ਮੈਂ ਸ਼ਾਂਤ ਸੀ। ਜ਼ਿੰਦਗੀ ਆਪਣੀ ਤੋਰੇ ਤੁਰੀ ਜਾਂਦੀ ਸੀ। ਮੈਨੂੰ ਬੱਚਿਆਂ ਬਿਨਾਂ ਕੁਝ ਵੀ ਹੋਰ ਦਿਖਾਈ ਨਹੀਂ ਦਿੰਦਾ ਸੀ। ਜਸਬੀਰ ਨੂੰ ਦੇਖਦਿਆਂ ਹੀ ਮੈਨੂੰ ਮਨੋਜ ਯਾਦ ਆ ਜਾਂਦਾ ਹੈ। ਉਸ ਦੀਆਂ ਅੱਖਾਂ, ਨੱਕ ਬਿਲਕੁਲ ਮਨੋਜ ਵਰਗੇ ਹਨ। ਉਹ ਮਨੋਜ ਵਾਂਗ ਹੀ ਨੀਵੀਂ ਪਾ ਕੇ ਗੱਲਾਂ ਕਰਦਾ ਹੈ। ਸ਼ਾਇਦ ਇਸੇ ਕਰਕੇ ਮੇਰਾ ਉਸ ਪ੍ਰਤੀ ਲਗਾਉ ਵਧਿਆ ਹੈ। ਕੀ ਮਨੋਜ ਦੀ ਛੱਡੀ ਹੋਈ ਥਾਂ 'ਤੇ ਉਹ ਕਬਜ਼ਾ ਕਰ ਸਕੇਗਾ? ਕੀ ਮੈਂ ਆਪਣੀ ਇਕੱਲਤਾ ਤੋਂ ਘਬਰਾ ਗਈ ਹਾਂ? ਹੁਣ ਇਕ ਵਾਰ ਫੇਰ ਤੋਂ ਮੇਰਾ ਮਨ ਅਵਾਜ਼ਾਰ ਰਹਿੰਦਾ

ਹੈ। ਰਾਤ ਨੂੰ ਜੇ ਇਕ ਵਾਰ ਜਾਗ ਆ ਜਾਵੇ ਤਾਂ ਮੁੜ ਨੀਂਦ ਨਹੀਂ ਆਉਂਦੀ। ਮੈਂ ਪਾਸੇ ਮਾਰਦੀ ਰਹਿੰਦੀ ਹਾਂ। ਅਨੀਤਾ ਅਕਸਰ ਪੁੱਛਦੀ ਹੈ, "ਮੰਮੀ ਜੀ-ਤੁਸੀਂ ਸੌਂਦੇ ਕਿਉਂ ਨੀਂ? ਮੈਨੂੰ ਜਦੋਂ ਵੀ ਜਾਗ ਆਵੇ, ਤੁਸੀਂ ਪਾਸੇ ਮਾਰਦੇ ਦਿੱਸਦੇ ਹੋ ਜਾਂ ਪਾਠ ਕਰਦੇ। ਤੁਹਾਨੂੰ ਘੱਟੋ-ਘੱਟ ਅੱਠ ਘੰਟੇ ਸੌਣਾ ਚਾਹੀਦਾ।" ਉਹ ਉੱਠ ਕੇ ਮੇਰੀਆਂ ਪੁੜਪੁੜੀਆਂ ਝੱਸਣ ਲੱਗ ਜਾਂਦੀ ਹੈ। ਇਸ ਨਾਲ ਮੈਨੂੰ ਆਰਾਮ ਮਿਲਦਾ ਹੈ। ਸਕੂਨ ਮਿਲਦਾ ਹੈ। ਨੀਂਦ ਆ ਜਾਂਦੀ ਹੈ।

ਮੇਰੀ ਨੀਂਦ ਦਾ ਕੋਈ ਬੱਝਵਾਂ ਸਮਾਂ ਨਹੀਂ ਹੈ। ਆ ਜਾਵੇ ਤਾਂ ਭਾਵੇਂ ਪੈਂਦਿਆਂ ਸਾਰ ਆ ਜਾਵੇ। ਜੇ ਨਾ ਆਵੇ ਤਾਂ ਸਾਰੀ ਰਾਤ ਲੰਘ ਜਾਂਦੀ ਹੈ। ਮਨੋਜ ਸੀ ਤਾਂ ਜ਼ਿੰਦਗੀ ਦੀ ਇਕ ਪੱਕੀ ਰੁਟੀਨ ਬਣੀ ਹੋਈ ਸੀ। ਉਹ ਤਾਂ ਰੁਟੀਨ ਤੋਂ ਬਾਹਰ ਜਾਂਦਾ ਹੀ ਨਹੀਂ ਸੀ। ਠੀਕ ਸਾਢੇ ਪੰਜ ਵਜੇ ਘਰ ਹੁੰਦਾ। ਚਾਹ ਪੀਂਦਾ। ਮੈਨੂੰ ਸਕੂਟਰ ਦੇ ਪਿੱਛੇ ਬੈਠਾ ਕੇ ਸਬਜ਼ੀ ਲੈਣ ਬਾਜ਼ਾਰ ਵੱਲ ਨਿਕਲ ਜਾਂਦਾ। ਉਸ ਦੀ ਇੱਛਾ ਹੁੰਦੀ ਸੀ ਕਿ ਹਰ ਰੋਜ਼ ਤਾਜ਼ੀ ਸਬਜ਼ੀ ਖਰੀਦੀ ਜਾਵੇ। ਐਵੇਂ ਫਰਿਜ ਭਰਨ ਦਾ ਕੀ ਫਾਇਦਾ! ਅਸੀਂ ਸਬਜ਼ੀ ਖਰੀਦਦੇ। ਇਹ ਮੇਰੀ ਮਰਜ਼ੀ 'ਤੇ ਨਿਰਭਰ ਕਰਦਾ ਕਿ ਮੈਂ ਕੀ-ਕੀ ਖਰੀਦਣਾ। ਘਰ ਮੁੜਦੇ। ਘੰਟਾ ਕੁ ਟੀ. ਵੀ. ਦੇਖਦੇ। ਅਨੀਤਾ ਆਪਣੇ ਡੈਡੀ ਕੋਲ਼ ਬੈਠਦੀ। ਜੈਪਾਲ ਮੇਰੇ ਕੋਲ। ਉਸ ਮਗਰੋਂ ਮੈਂ ਰਸੋਈ 'ਚ ਜਾ ਵੜਦੀ। ਬੱਚੇ ਆਪਣੇ ਡੈਡੀ ਨਾਲ ਸ਼ਰਾਰਤਾਂ ਕਰਦੇ। ਅੱਠ ਵਜੇ ਖਾਣਾ ਤਿਆਰ। ਨੌਂ ਵਜੇ ਤਕ ਮੈਂ ਦੁੱਧ ਗਰਮ ਕਰਕੇ ਥਰਮੋਸ ਬੋਤਲ 'ਚ ਪਾ ਕੇ ਉਨ੍ਹਾਂ ਕੋਲ਼ ਆ ਬੈਠਦੀ। ਮੈਂ ਆਪਣਾ ਮਨਪਸੰਦ ਪ੍ਰੋਗਰਾਮ ਦੇਖਦੀ। ਉਹ ਬੱਚਿਆਂ ਨੂੰ ਉਨ੍ਹਾਂ ਦੇ ਕਮਰਿਆਂ 'ਚ ਛੱਡ ਆਉਂਦਾ। ਦਸ ਵਜੇ ਸਾਡੇ ਬੈੱਡ-ਰੂਮ ਦੀ ਬੱਤੀ ਆੱਫ ਹੋ ਜਾਂਦੀ।

ਅਨੀਤਾ ਨੂੰ ਨੌਕਰੀ ਮਿਲਿਆਂ ਦੋ ਸਾਲ ਹੋ ਗਏ ਹਨ। ਉਸ ਵੀ ਆਪਣੇ ਡੈਡੀ ਵਾਲੀ ਹੀ ਆਦਤ ਅਪਣਾ ਰੱਖੀ ਹੈ। ਘਰ ਦੇ ਕੰਮਾਂ ਤੇ ਰਸੋਈ 'ਚ ਮੇਰਾ ਪੂਰਾ ਹੱਥ ਵਟਾਉਂਦੀ ਹੈ।

ਘਰ ਚਲ ਰਿਹਾ ਹੈ।

ਅਰਧ ਸੁਰਤੀ ਦੀ ਅਵਸਥਾ 'ਚ ਮੈਂ ਵਿਚਰ ਰਹੀ ਹਾਂ।

ਰਾਤ ਵੀ ਐਦਾਂ-ਉਦਾਂ ਦੀਆਂ ਸੋਚਾਂ 'ਚ ਲੰਘੀ। ਸਹੁੰ ਖਾਣ ਲਈ ਵੀ ਨੀਂਦ ਨਾ ਆਈ। ਪਾਠ ਲਈ ਬੈਠੀ। ਪਰ ਮਨ ਨਾ ਟਿਕਿਆ। ਪਹਿਲਾਂ ਮੈਂ ਮੂੰਹ 'ਚ ਹੀ ਸਿਮਰਨ ਕੀਤਾ, ਫੇਰ ਮੱਧਮ ਸੁਰ ਜਿਹੀ 'ਚ ਸ਼ਬਦ ਬੋਲਣ ਲੱਗੀ। ਪਰ ਇਸ ਨਾਲ ਵੀ ਕੋਈ ਫਰਕ ਨਾ ਪਿਆ। ਮੇਰੇ ਮਨ 'ਚ ਇਹ ਵੀ ਆਇਆ ਕਿ ਟੇਪ ਰਿਕਾਰਡਰ ਲਾ ਲਵਾਂ, ਪਰ ਨਾਲ ਦੇ ਮੰਜਿਆਂ 'ਤੇ ਪਏ ਬੱਚਿਆਂ ਵੱਲ ਦੇਖ ਕੇ ਮੇਰਾ ਹਿਆ ਹੀ ਨਾ ਪਿਆ। ਮੈਨੂੰ ਵਾਰ-ਵਾਰ ਭੁਝੱਕਾ ਜਿਹਾ ਪਿਆ ਜਿੱਦਾਂ ਜਸਬੀਰ ਨੇ ਇਕ ਵਾਰ ਫੇਰ ਤੋਂ ਮੇਰੇ ਕੰਨ 'ਚ ਕਿਹਾ ਹੋਵੇ, "ਅਸੀਂ ਜਿਸਮ ਨਾਲ ਹੀ ਜਿਉਂਦੇ ਆਂ। ਜਿਸਮ ਤੋਂ ਹੀ ਲੱਭਦੇ ਆਂ।" ਕਈ ਵਾਰ ਮੋਬਾਇਲ ਔਨ ਕੀਤਾ ਪਰ ਮੈਥੋਂ ਜਸਬੀਰ ਨੂੰ ਫੋਨ ਨਾ ਕਰਿਆ ਗਿਆ। ਉਸ ਫੇਸ ਬੁੱਕ 'ਤੇ ਗੁਡਨਾਈਟ ਵਾਲਾ ਮੈਸਜ ਭੇਜਿਆ। ਮੈਂ ਕਈ ਮੈਸਜ ਬਣਾਏ ਪਰ ਮੈਨੂੰ ਇਨ੍ਹਾਂ 'ਚੋਂ ਕੋਈ ਵੀ ਜਚਿਆ ਨਾ। ਮੈਂ ਮੋਬਾਇਲ ਬੰਦ ਕਰ ਕੇ ਰੱਖ ਦਿੱਤਾ। ਮੋੜ-ਘੋੜ ਕੇ ਦੁਪਹਿਰ ਵਾਲੇ ਸੀਨ ਅੱਖਾਂ ਸਾਹਮਣੇ ਕਿਸੇ ਦੇਖੀ ਹੋਈ ਫਿਲਮ ਵਾਂਗ ਆਈ ਗਏ। ਜੈਪਾਲ ਅਜੇ ਕਾਲਿਜੋਂ ਨਹੀਂ ਮੁੜਿਆ ਸੀ। ਉਸ ਦੇ ਆਉਣ ਦਾ ਸਮਾਂ ਚਾਰ ਕੁ ਵਜੇ ਦੇ ਨੇੜੇ-ਤੇੜੇ ਦਾ ਹੁੰਦਾ ਹੈ। ਫਰੀਦਕੋਟ ਤੋਂ ਕੋਟਕਪੂਰੇ ਦੀ ਬੱਸ ਫੜਦਾ ਹੈ ਤੇ ਉੱਥੋਂ ਅੱਗੋਂ ਮੁਕਤਸਰ ਦੀ। ਜਾਣ ਆਉਣ 'ਚ ਦੋ ਘੰਟੇ ਲੱਗ ਜਾਂਦੇ ਹਨ। ਕੁੜੀਆਂ/ਔਰਤਾਂ ਵੀ ਚਲੇ ਗਈਆਂ। ਦਿਨੇਸ਼ ਦੌੜਾ-ਦੌੜਾ ਆਇਆ। ਉਸ ਮੇਰਾ ਹੱਥ ਫੜ ਕੇ ਖਿੱਚਦਿਆਂ ਹੋਇਆਂ ਕਿਹਾ, "ਵੱਡੀ ਮੱਮਾ-ਵੱਡੀ ਮੱਮਾ- ਆ ਤੈਨੂੰ ਇਕ ਨਵੀਂ ਚੀਜ਼ ਦਿਖਾਵਾਂ।' ਮੈਂ ਉਹਨੂੰ ਫੜ ਕੇ ਪੱਟਾਂ 'ਤੇ ਬੈਠਾ ਲਿਆ। ਉਸ ਨੂੰ ਚੁੰਮਿਆ। ਕਿਹਾ, "ਦੇਸੂ-ਪੁੱਤ, ਆਪਾਂ ਇੱਥੇ ਬੈਠ ਕੇ ਹੀ ਗੱਲਾਂ ਕਰੀਏ?" ਉਹਦੀਆਂ ਭੋਲੀਆਂ ਜਿਹੀਆਂ ਗੱਲਾਂ ਮੈਨੂੰ ਕਈ ਕੁਝ ਭੁਲਾ ਦਿੰਦੀਆਂ ਹਨ। ਬੱਚਾ ਹੈ। ਬਹੁਤ ਕੁਝ ਜਾਣਨਾ ਚਾਹੁੰਦਾ ਹੈ। ਜਦੋਂ ਵੀ ਕੋਈ ਅਚੰਭੇ ਭਰੀ



ਚੀਜ਼/ਜਾਨਵਰ ਦੇਖਦਾ ਹੈ ਤਾਂ ਮੇਰੇ ਵੱਲ ਦੌੜਿਆ ਆਉਂਦਾ ਹੈ। ਸਾਹੋ-ਸਾਹੀ ਹੋਇਆ ਕਹਿੰਦਾ ਹੈ, "ਵੱਡੀ ਮੱਮਾ-ਬਾਹਰ ਦੇਖੋ ਬਫੈਲੋ ਆਇਆ।" "ਔਹ ਦੇਖੋ-ਸਾਹਮਣੇਲੀ ਕੰਧ 'ਤੇ ਕਿੰਨੀ ਸੋਹਣੀ ਚਿੜੀ ਬੈਠੀ ਆ।" "ਤੁਸੀਂ ਟੀ.ਵੀ. ਲਾਉ-ਮਾਨ ਦਾ ਨਵਾਂ ਗੀਤ ਆਇਆ।" ਮੈਨੂੰ ਉਹਦੀਆਂ ਬਹੁਤ ਸਾਰੀਆਂ ਗੱਲਾਂ ਮੰਨਣੀਆਂ ਪੈਂਦੀਆਂ ਹਨ। ਮੈਂ ਆਪਣੇ ਹੱਥ ਵਿਚਲਾ ਕੰਮ ਛੱਡ ਦਿੱਤਾ। ਜਾਣਦੀ ਸੀ ਕਿ ਜੋ ਕੁਝ ਉਸ ਦਿਖਾਉਣਾ ਹੁੰਦਾ ਹੈ, ਉਹ ਦਿਖਾ ਕੇ ਹੀ ਹਟਦਾ ਹੈ।

ਉਹ ਮੇਰੇ ਕੋਲ਼ੋਂ ਥੋੜ੍ਹੀ ਕੁ ਦੂਰ ਹਟ ਕੇ ਖੜ੍ਹ ਗਿਆ ਸੀ। ਉਸ ਦੀਆਂ ਅੱਖਾਂ 'ਚ ਅਚੰਭਾ ਸੀ ਜਿੱਦਾਂ ਉਸ ਕੋਈ ਬਿਲਕੁਲ ਹੀ ਨਵੀਂ ਚੀਜ਼ ਦੇਖੀ ਹੋਵੇ। ਉਹਨੇ ਮੇਰਾ ਹੱਥ ਫੜ ਲਿਆ। ਤੇਜ਼ੀ-ਤੇਜ਼ੀ ਬੋਲਿਆ, "ਚਲੋ ਤਾਂ ਸਹੀ। ਭਾਵੇਂ ਮੇਰੇ ਨਾਲ ਸ਼ਰਤ ਲਾ ਲਉ।" ਉਹ ਮੇਰਾ ਹੱਥ ਫੜੀ ਮੇਰੇ ਜੇਠ ਦੇ ਕਮਰੇ ਵੱਲ ਲੈ ਗਿਆ। ਜਾਲ਼ੀ ਵਾਲੀ ਖਿੜਕੀ ਕੋਲ਼ ਜਾ ਕੇ ਉਸ ਅੱਖਾਂ ਉੱਪਰ ਦੀ ਦੋਵੇਂ ਹੱਥ ਕਰਕੇ ਅੰਦਰ ਵੱਲ ਦੇਖਿਆ। ਫੇਰ ਆਪਣੇ ਮੂੰਹ 'ਤੇ ਉਂਗਲ ਰੱਖੀ। ਮੈਂ ਜਦੋਂ ਅੰਦਰ ਦੇਖਿਆ ਤਾਂ ਮੇਰੇ ਸਿਰ ਨੂੰ ਘੁੰਮੇਟਣੀ ਜਿਹੀ ਚੜ੍ਹ ਗਈ। ਅਗਲੇ ਚਾਰ ਘੰਟੇ ਅਰਧ-ਸੁਰਤੀ ਦੀ ਅਵਸਥਾ 'ਚ ਲੰਘੇ। ਮੈਨੂੰ ਨਹੀਂ ਪਤਾ ਕਿ ਮੈਂ ਕਦੋਂ ਜੈਪਾਲ ਨੂੰ ਖਾਣਾ ਪਾ ਕੇ ਦਿੱਤਾ। ਅਨੀਤਾ ਨੂੰ ਚਾਹ ਬਣਾ ਕੇ ਪਿਲਾਈ। ਉਨ੍ਹਾਂ ਦੋਹਾਂ ਦੀਆਂ ਬਹੁਤੀਆਂ ਗੱਲਾਂ ਦਾ ਜਵਾਬ ਮੈਂ ਹੂੰ-ਹਾਂ ਤੇ ਚੰਗਾ ਜਿੱਦਾਂ ਤੁਹਾਡੀ ਮਰਜ਼ੀ ਕਰ ਲਉ 'ਚ ਦਿੱਤਾ।

ਅਨੀਤਾ ਨੇ ਪੁੱਛਿਆ ਸੀ, "ਤੁਹਾਡੀ ਸਿਹਤ ਠੀਕ ਨੀਂ ਲੱਗਦੀ?"

"ਹਾਂ-ਸਿਰ ਕੁਸ਼ ਕੁ ਭਾਰਾ ਜਿਹਾ।"

"ਮੈਂ ਕਿੰਨੀ ਵਾਰ ਕਹਿ ਚੁੱਕੀ ਹਾਂ ਕਿ ਤੁਸੀਂ ਦੁਪਹਿਰ ਨੂੰ ਦੋ ਘੰਟੇ ਆਰਾਮ ਕਰਿਆ ਕਰੋ। ਪਰ ਤੁਹਾਡੇ 'ਤੇ ਮੇਰੀਆਂ ਗੱਲਾਂ ਦਾ ਅਸਰ ਹੀ ਨੀਂ ਹੁੰਦਾ।"

ਬੱਚੇ ਕੋਲ਼ ਹੋਣ ਤਾਂ ਮੈਨੂੰ ਘਰ ਭਰਿਆ-ਭਰਿਆ ਲੱਗਦਾ ਹੈ। ਉਹਨਾਂ ਨੂੰ ਪਤਾ ਲੱਗ ਜਾਵੇ ਕਿ ਮੈਂ ਉਦਾਸ ਹਾਂ, ਕਿਸੇ ਗੱਲੋਂ ਪ੍ਰੇਸ਼ਾਨ ਹਾਂ, ਤਾਂ ਉਹ ਮੈਨੂੰ ਇਕੱਲੀ ਨੂੰ ਨਹੀਂ ਛੱਡਦੇ। ਅੱਗੇ ਪਿੱਛੇ-ਦੌੜੇ ਫਿਰਦੇ ਹਨ। ਅਨੀਤਾ ਆਪਣੀ ਨਾਨੀ ਜਾਂ ਮਾਸੀ ਦਾ ਫੋਨ ਨੰਬਰ ਮਿਲਾ ਕੇ ਮੋਬਾਇਲ ਮੇਰੇ ਹੱਥ ਫੜਾ ਦਿੰਦੀ ਹੈ, "ਲਉ-ਕਰੋ ਗੱਲਾਂ।" ਗੱਲਾਂ ਕਰਕੇ ਮੈਂ ਕੁਝ ਹੌਲ਼ਾ ਜਿਹਾ ਮਹਿਸੂਸ ਕਰਦੀ ਹਾਂ। ਉਹ ਮੈਨੂੰ ਮਨੋਜ ਵਾਂਗ ਬਾਜ਼ਾਰ ਲੈ ਜਾਂਦੀ ਹੈ। ਮੇਰੀ ਇੱਛਾ ਹੁੰਦੀ ਹੈ ਕਿ ਜਿਹੜੀ ਸਬਜ਼ੀ ਉਸ ਨੂੰ ਪਸੰਦ ਹੈ, ਉਹ ਖਰੀਦ ਲਵੇ। ਘਰ 'ਚ ਸਬਜ਼ੀ ਹੁੰਦਿਆਂ ਹੋਇਆਂ ਵੀ ਮੈਨੂੰ ਆਪਣੇ ਨਾਲ ਤੋਰ ਲੈਂਦੀ ਹੈ। ਜਿਉਂ ਘਰੋਂ ਨਿਕਲ ਆਈਏ ਉਹ ਵਾਰ-ਵਾਰ ਕਹਿੰਦੀ ਹੈ, "ਤੁਸੀਂ ਆਹ ਗੋਲਗੱਪੇ ਖਾ ਕੇ ਦੇਖੋ....ਆਹ ਰੇਹੜੀ ਵਾਲਾ ਕਮਾਲ ਦਾ ਚਾਟ ਬਣਾਉਂਦਾ... ਐਦਾਂ ਦੀਆਂ ਟਿੱਕੀਆਂ ਇਸ ਸ਼ਹਿਰ 'ਚ ਕੋਈ ਨੀਂ ਬਣਾ ਸਕਦਾ...ਦੇਖੋ ਤਾਂ ਸਈ-ਜੇ ਐਸ ਮੌਸਮ 'ਚ ਆਈਸ ਕਰੀਮ ਨਾ ਖਾਧੀ ਤਾਂ ਫੇਰ ਕਦੋਂ ਖਾਣੀ ਆਂ।" ਅੱਗੋਂ ਪਿੱਛੋਂ ਦੋ-ਦੋ ਰੁਪਈਆਂ ਦੀ ਕਿਰਸ ਕਰਨ ਵਾਲੀ ਉਹ ਸ਼ਾਹ ਖਰਚ ਬਣ ਜਾਂਦੀ ਹੈ। ਉਹ ਲਗਾਤਾਰ ਗੱਲਾਂ ਕਰਦੀ ਹੈ। ਮੇਰਾ ਧਿਆਨ, ਮੇਰਾ ਦਿਮਾਗ਼, ਉਹ ਫਰੀ ਹੀ ਨਹੀਂ ਹੋਣ ਦਿੰਦੀ। ਮੈਨੂੰ ਅਜਿਹਾ ਮਾਹੌਲ ਸਕੂਨ ਦਿੰਦਾ ਹੈ। ਦਿਮਾਗ਼ ਦੀਆਂ ਨਾੜਾਂ ਦਾ ਕਸਾਅ ਨਰਮ ਪੈ ਜਾਂਦਾ ਹੈ।

ਪਿਛਲੇ ਕੁਝ ਦਿਨਾਂ ਤੋਂ ਮੈਨੂੰ ਲੱਗ ਰਿਹਾ ਹੈ ਕਿ ਉਹ ਮੈਥੋਂ ਕੁਝ ਪੁੱਛਣਾ ਚਾਹੁੰਦੀ ਹੈ ਜਾਂ ਕੁਝ ਵਿਸ਼ੇਸ਼ ਦੱਸਣਾ ਚਾਹੁੰਦੀ ਹੈ, ਪਰ ਉਸ ਤੋਂ ਪੁੱਛਿਆ/ਦੱਸਿਆ ਨਹੀਂ ਜਾ ਰਿਹਾ। ਮੈਂ ਉਸ ਨੂੰ ਗੱਲਾਂ-ਗੱਲਾਂ 'ਚ ਪੁੱਛਿਆ ਸੀ ਕਿ ਉਸ ਨੂੰ ਉਸ ਦੇ ਦਫਤਰ 'ਚ ਕੋਈ ਮੁਸ਼ਕਿਲ ਤਾਂ ਪੇਸ਼ ਨਹੀਂ ਆ ਰਹੀ। ਉਸ ਦੱਸਿਆ ਸੀ, "ਸਾਰਾ ਸਟਾਫ ਬਹੁਤ ਹੀ ਚੰਗਾ।" ਮੈਂ ਜਾਣ-ਆਉਣ ਬਾਰੇ ਪੁੱਛਿਆ ਸੀ ਤਾਂ ਉਸ ਦੱਸਿਆ ਸੀ ਕਿ ਉਹ ਬੱਸ ਸਟੈਂਡ ਤੋਂ ਰਿਕਸ਼ਾ ਲੈ ਲੈਂਦੀ ਹੈ ਤੇ ਦਫਤਰੋਂ ਰਿਕਸ਼ੇ 'ਤੇ ਵਾਪਸ ਬੱਸ ਸਟੈਂਡ 'ਤੇ ਆ ਜਾਂਦੀ ਹੈ। ਮੈਂ ਤਾਂ ਉਹਨੂੰ ਸਰੀਰਕ ਤਕਲੀਫਾਂ ਬਾਰੇ ਵੀ ਪੁੱਛ ਲਿਆ ਸੀ ਤਾਂ

ਅੱਗੋਂ ਉਹ ਮੁਸਕਰਾ ਪਈ ਸੀ।

ਜਦੋਂ ਉਹ ਗੁੜਗਾਓਂ ਤੋਂ ਆਪਣੀ ਟਰੇਨਿੰਗ ਪੂਰੀ ਕਰਕੇ ਆਈ ਸੀ ਤਾਂ ਉਸ ਮੈਨੂੰ ਪਹਿਲੀ ਵਾਰ ਪੁੱਛਿਆ ਸੀ, "ਤੁਸੀਂ ਦੋਬਾਰਾ ਵਿਆਹ ਕਿਉਂ ਨੀਂ ਕੀਤਾ?"

"ਆਪਣੇ ਬੱਚਿਆਂ ਕਰਕੇ।"

"ਜਿੱਥੇ ਤੁਸੀਂ ਜਾਂਦੇ ਉੱਥੇ ਅਸੀਂ ਭੈਣ-ਭਰਾ ਚਲੇ ਜਾਂਦੇ।"

"ਮੈਨੂੰ ਰੱਖਣ ਵਾਲੇ ਬਥੇਰੇ ਸੀ ਪਰ ਤੁਹਾਨੂੰ ਮੈਂ ਕਿੱਥੇ ਧੱਕਾ ਦੇਂਦੀ।"

ਉਸ ਦੀਆਂ ਅੱਖਾਂ ਭਰ ਆਈਆਂ ਸਨ। ਉਸ ਸਿੱਲ੍ਹੀ ਜਿਹੀ ਆਵਾਜ਼ 'ਚ ਕਿਹਾ ਸੀ, "ਸਾਡੇ ਲਈ ਐਡੀ ਵੱਡੀ ਕੁਰਬਾਨੀ। ਔਰਤ ਨੂੰ ਜਿਉਣ ਲਈ ਬੰਦੇ ਦੇ ਸਾਥ ਦੀ ਲੋੜ ਆ। ਭਾਵੇਂ ਇਹ ਕਿਸੇ ਵੀ ਰੂਪ 'ਚ ਕਿਉਂ ਨਾ ਹੋਵੇ।"

"ਪਹਿਲਾਂ ਤਾਂ ਤੂੰ ਹੋਰ ਹੀ ਸੋਚਦੀ ਹੁੰਦੀ ਸੀ।"

"ਉਦੋਂ ਮੈਂ ਬਾਲੜੀ ਸੀ। ਮੈਨੂੰ ਫੇਸਬੁੱਕ ਨੇ ਬਹੁਤੀ ਸਿਆਣੀ ਬਣਾ ਦਿੱਤਾ। ਇਕ ਸਮਾਂ ਸੀ ਜਦੋਂ ਅਸੀਂ ਆਂਢ-ਗੁਆਂਢ ਜਾਂ ਮੂੰਹ-ਮੱਥੇ ਲੱਗਦੇ ਨਾਲ ਦੋਸਤੀਆਂ ਪਾਲ਼ਦੇ ਸੀ ਜਾਂ ਸਾਡੀ ਉਨ੍ਹਾਂ ਨਾਲ ਸਾਂਝ ਬਣਦੀ ਸੀ। ਹੁਣ ਸਮਾਂ ਬਦਲ ਗਿਆ। ਕਿਸੇ ਕੋਲ ਇਕ-ਦੂਜੇ ਨੂੰ ਮਿਲਣ ਦਾ ਸਮਾਂ ਨੀਂ ਰਿਹਾ। ਬੰਦਾ ਇਕੱਲਤਾ ਤਾਂ ਕਦੇ ਚਾਹੁੰਦਾ ਹੀ ਨੀਂ। ਉਸ ਦੀ ਸਾਂਝ ਫੇਸਬੁੱਕ ਨਾਲ ਵਧ ਗਈ। ਉਸ ਨੇ ਹਮ-ਖਿਆਲ ਰੱਖਣ ਵਾਲਿਆਂ ਦਾ ਗਰੁੱਪ ਬਣਾ ਲਿਆ। ਫੇਰ ਉਸ 'ਚ ਇਹ ਇੱਛਾ ਪੈਦਾ ਹੋਈ ਕਿ ਜੋ ਵੀ ਉਸ ਦਾ ਹਮ-ਖਿਆਲੀ ਆ, ਉਹਨੂੰ ਮਿਲਿਆ ਜਾਵੇ। ਮਿਲ ਕੇ ਇਕ ਆਪਣੇ ਹੀ ਤਰ੍ਹਾਂ ਦੀ ਸਤੁੰਸ਼ਟੀ ਹੋਈ। ਇਕ ਸਾਂਝ ਪੈਦਾ ਹੋਈ ਜਿਹੜੀ ਕਿ ਰਿਸ਼ਤੇਦਾਰਾਂ 'ਚ ਵੀ ਨੀਂ ਬਣਦੀ। ਸਾਡਾ ਹਮ-ਖਿਆਲਾਂ ਦਾ ਗਰੁੱਪ ਆ-ਅਵੇਅਰਨੈੱਸ। ਉੱਥੇ ਮੈਂ ਤੁਹਾਡੇ ਬਾਰੇ ਪੋਸਟ ਪਾਈ। ਤੁਹਾਡੇ ਬਾਰੇ ਸਭ ਕੁਝ ਪੋਸਟ ਕਰ ਦਿੱਤਾ। ਦੋਸਤਾਂ ਨੇ ਕਿਹਾ ਵੀ ਸੀ ਕਿ ਸੱਚ ਬੋਲਣ ਨਾਲ ਕਿਸੇ ਸਮੱਸਿਆ ਦਾ ਹੱਲ ਜਲਦੀ ਮਿਲ ਜਾਂਦਾ। ਫੇਰ ਮੈਂ ਕਾਸ ਲਈ ਝੂਠ ਬੋਲਣਾ ਸੀ। ਉਹ ਕਿਹੜਾ ਮੇਰੇ ਰਿਸ਼ਤੇਦਾਰ ਜਾਂ ਗਲੀ-ਗੁਆਂਢ ਦੇ ਸਨ ਕਿ ਮੈਨੂੰ ਮਿਹਣੇ ਮਾਰਨਗੇ। ਢਾਈ ਸੌ 'ਚੋਂ ਦੋ ਸੌ ਸਤਾਰ੍ਹਾਂ ਦੇ ਕੁਮੈਂਟਸ ਸਨ ਕਿ ਤੁਹਾਨੂੰ ਦੂਜਾ ਵਿਆਹ ਕਰਵਾ ਲੈਣਾ ਚਾਹੀਦਾ। ਅਜੇ ਤਾਂ ਤੁਹਾਡੀ ਜ਼ਿੰਦਗੀ ਦਾ ਹਾਫ਼ ਟਾਈਮ ਹੋਇਆ। ਮੈਡੀਕਲ ਕਾਲਿਜ, ਲੁਧਿਆਣਾ ਦੇ ਡਾ. ਚੌਹਾਨ ਦੇ ਵਿਚਾਰ ਸਨ : ਔਰਤਾਂ ਦੀ ਜ਼ਿੰਦਗੀ 'ਚ ਸੱਤ ਅਜਿਹੀਆਂ ਗੱਲਾਂ ਨੇ ਜਿਨ੍ਹਾਂ ਨੂੰ ਉਹ ਸਾਰੀ ਉਮਰ ਆਪਣੇ ਮੋਢਿਆਂ 'ਤੇ ਢੋਂਹਦੀਆਂ ਨੇ : ਸਰੀਰ, ਚੁੱਪ, ਦੂਜਿਆਂ ਨੂੰ ਖੁਸ਼ ਰੱਖਣ ਦੀ ਚਾਹਤ, ਉਨ੍ਹਾਂ ਦੀ ਸੈਕਸੂਆਲਟੀ, ਇਕੱਲਾਪਨ, ਚਾਹਤ, ਜ਼ੁੰਮੇਵਾਰੀਆਂ ਦਾ ਦਬਾਉ ਤੇ ਦੂਜਿਆਂ 'ਤੇ ਨਿਰਭਰਤਾ...ਦੱਸੋ ਇਨ੍ਹਾਂ ਗੱਲਾਂ 'ਚੋਂ ਕਿਹੜੀ ਗੱਲ ਝੂਠ ਆ-ਇਹ ਸਾਰੇ ਹਾਈਲੀ ਕੁਆਲੀਫਾਈਡ ਨੇ।.... ਇਨ੍ਹਾਂ 'ਚ ਮੈਡੀਕਲ ਕਾਲਿਜ ਅੰਮ੍ਰਿਤਸਰ ਦਾ ਸਾਈਕੋਲੋਜੀ ਦਾ ਪ੍ਰੋ. ਦੀਪਤੀ ਵੀ ਏ, ਨਿਊਰੋ-ਸਰਜਨ ਡਾ. ਦਵਿੰਦਰ ਵੀ ਸ਼ਾਮਿਲ ਏ। ਪੰਝੀ-ਤੀਹ ਤਾਂ ਯੂਨੀਵਰਸਿਟੀ ਦੇ ਪ੍ਰੋਫੈਸਰ ਨੇ। ਦੋ ਮਹੀਨੇ ਵਿਚਾਰ-ਚਰਚਾ ਚਲਦੀ ਰਹੀ। ਇਕ-ਦੋ ਫਿਕਰਿਆ 'ਚ ਨੀਂ। ਡੀਟੇਲ 'ਚ। ਮੈਨੂੰ ਉਨ੍ਹਾਂ ਦੇ ਵਿਚਾਰ ਜਚ ਗਏ। ਕੁਦਰਤ ਨੇ ਔਰਤ ਤੇ ਮਰਦ ਦਾ ਜੋੜਾ ਬਣਾਇਆ ਏ। ਦੋਵੇਂ ਇਕ-ਦੂਜੇ ਬਿਨਾਂ ਅਧੂਰੇ ਨੇ। ਮੇਰਾ ਵਿਚਾਰ ਆ ਕਿ ਕੱਲਿਆਂ ਜ਼ਿੰਦਗੀ ਜੀਣ ਨਾਲੋਂ ਬਿਹਤਰ ਹੈ ਦੂਜੀ ਸ਼ਾਦੀ ਕਰ ਲੈਣ। ..... ਹੁਣ ਮੈਂ ਤੁਹਾਡੀਆਂ ਔਖਆਈਆਂ ਨੂੰ ਸਮਝ ਲਿਆ।"

"ਔਖਾ ਤਾਂ ਕੁਸ਼ ਨੀਂ ਹੁੰਦਾ।"

"ਹੁੰਦਾ।"

"ਇਹ ਆਪਣੀ-ਆਪਣੀ ਸੋਚ ਹੁੰਦੀ ਆ।"

"ਸਮਝ ਵੀ ਹੁੰਦੀ ਆ।"



"ਮੈਂ ਆਪਣੇ ਆਪ ਨੂੰ ਸੰਭਾਲਿਆ ਹੋਇਆ।"

"ਕੁਸ਼ ਹੱਦ ਤਕ। ਲੋਕਾਂ ਤੋਂ ਡਰਦਿਆਂ ਹੋਇਆਂ। ਮੈਂ ਡਾ. ਚੌਹਾਨ ਦੇ ਵਿਚਾਰਾਂ ਨੂੰ ਤੁਹਾਡੇ 'ਤੇ ਢੁਕਾਅ ਕੇ ਦੇਖਿਆ।"

"ਮੈਂ ਤੁਹਾਡੇ ਬਿਨਾਂ ਕਿਸੇ ਹੋਰ ਬਾਰੇ ਸੋਚਦੀ ਹੀ ਨੀਂ।"

"ਸੋਚਦੇ ਹੋ। ਪਰ ਨਾਲ ਦੀ ਨਾਲ ਝਿਜਕਦੇ ਹੋ। ਮੈਂ ਦੇਖ ਰਹੀ ਆਂ ਕਿ ਤੁਹਾਡਾ ਵਜ਼ਨ ਘਟ ਰਿਹਾ। ਮੂੰਹ 'ਤੇ ਸ਼ਾਈਨਿੰਗ ਵਧ ਰਹੀ ਆ। ਸ਼ੋਖ ਰੰਗ ਦੇ ਕੱਪੜੇ ਪਾਉਣ ਲੱਗੇ ਹੋ।"

ਉਸ ਦੀ ਇਸ ਗੱਲ ਦਾ ਮੈਂ ਕੀ ਜਵਾਬ ਦਿੰਦੀ।

ਮੈਨੂੰ ਕਈ ਵਾਰ ਭੁਲੇਖਾ ਜਿਹਾ ਪੈਂਦਾ ਹੈ ਕਿ ਅਨੀਤਾ ਮੈਨੂੰ, ਮੇਰੀਆਂ ਹਰਕਤਾਂ ਨੂੰ ਤੀਜੀ ਅੱਖ ਨਾਲ ਤਾੜਦੀ ਰਹਿੰਦੀ ਹੈ। ਪਰ ਉਹ ਮੂੰਹੋਂ ਕੁਝ ਨਹੀਂ ਬੋਲਦੀ। ਜੇ ਉਸ ਦੇ ਬੈਠਿਆਂ ਜਸਬੀਰ ਆ ਜਾਵੇ ਤਾਂ ਉਹ ਉੱਠ ਕੇ ਰਸੋਈ 'ਚ ਚਾਹ ਬਣਾਉਣ ਚਲੀ ਜਾਂਦੀ। ਉਹ ਸਾਨੂੰ ਇਕੱਲਿਆਂ ਨੂੰ ਛੱਡ ਦਿੰਦੀ। ਜਸਬੀਰ ਕਹਿ ਦਿੰਦਾ, "ਬੇਟੇ ਬੈਠ।" ਉਹ ਅੱਗੋਂ ਮੁਸਕਰਾ ਪੈਂਦੀ। ਕਹਿੰਦੀ, "ਤੁਸੀਂ ਗੱਲਾਂ ਕਰੋ।" ਜਸਬੀਰ ਸਾਡੇ ਦੁੱਖਾਂ ਸੁੱਖਾਂ 'ਚ ਸਾਥ ਦਿੰਦਾ ਹੈ। ਉਸੇ ਦੀ ਦੌੜ ਭੱਜ ਨਾਲ ਅਨੀਤਾ ਨੂੰ ਨੌਕਰੀ ਮਿਲੀ ਸੀ। ਉਹ ਬੱਚਿਆਂ ਦਾ ਬਹੁਤ ਹੀ ਜ਼ਿਆਦਾ ਮੋਹ ਕਰਦਾ ਹੈ। ਭਾਵੁਕ ਹੋਇਆ ਆਪਣੀ ਮਰ ਚੁੱਕੀ ਪਤਨੀ ਦੀਆਂ ਗੱਲਾਂ ਕਰਦਾ-ਕਰਦਾ ਅੱਖਾਂ ਭਰ ਲੈਂਦਾ ਹੈ। ਮੈਨੂੰ ਕਹਿੰਦਾ ਹੈ, "ਸਾਥੀ ਬਿਨਾਂ ਵੀ ਘਰ ਕਾਹਦਾ?" ਇਕ ਦਿਨ ਪੁੱਛਣ ਲੱਗਾ ਕਿ ਮੈਂ ਉਸ ਦੇ ਘਰ ਕਿਉਂ ਨਹੀਂ ਆਉਂਦੀ। ਮੈਂ ਉਹਨੂੰ ਦੱਸਿਆ ਕਿ ਮੈਂ ਦੋ ਬੱਚਿਆਂ ਦੀ ਮਾਂ ਹਾਂ। ਵਿਧਵਾ ਜ਼ਨਾਨੀ ਲਈ ਜਿਉਣਾ ਔਖਾ ਹੁੰਦਾ ਹੈ। ਇਹੀ ਗੱਲ ਉਸ ਅਨੀਤਾ ਨੂੰ ਕਹੀ ਸੀ। ਅਨੀਤਾ ਮੈਨੂੰ ਨਾਲ ਲੈ ਕੇ ਗਈ। ਵਾਪਸੀ 'ਤੇ ਉਸ ਕਿਹਾ, "ਲਉ-ਐਨੀ ਗੱਲ ਸੀ। ਸਾਨੂੰ ਇਕ ਦੂਜੇ ਦੇ ਘਰੇ ਆਉਣਾ ਜਾਣਾ ਚਾਹੀਦਾ।" ਫੇਰ ਸਾਡਾ ਆਉਣ ਜਾਣ ਵਧ ਗਿਆ। ਉਸ ਦੀਆਂ ਦੋਵੇਂ ਕੁੜੀਆਂ ਵੀ ਇੱਧਰ ਆ ਜਾਂਦੀਆਂ। ਰਾਤ ਨੂੰ ਵੀ ਠਹਿਰ ਜਾਂਦੀਆਂ। ਮੈਨੂੰ ਉਹਨਾਂ ਦਾ ਬਹੁਤ ਮੋਹ ਆਉਂਦਾ। ਜਸਬੀਰ ਕਹਿੰਦਾ, "ਮੈਂ ਸੋਚਦਾਂ ਕਿ ਕੁੜੀਆਂ ਨੇ ਆਪੋ-ਆਪਣੀ ਘਰੇ ਚਲੇ ਜਾਣਾ। ਪਿੱਛੋਂ ਮੇਰਾ ਕੀ ਬਣੇਗਾ?" ਮੈਂ ਉਸ ਦੇ ਦਿਲ ਦੀ ਰਮਜ਼ ਸਮਝ ਗਈ। ਉਹ ਕਹਿਣਾ ਤਾਂ ਇਹ ਚਾਹੁੰਦਾ ਸੀ ਕਿ ਮੈਂ ਹੀ ਉਸ ਦੇ ਘਰ ਆ ਜਾਵਾਂ। ਉਹ ਮੈਨੂੰ ਫੋਨ ਕਰਦਾ। ਮੈਂ ਆਪ ਉਹਨੂੰ ਫੋਨ ਕਰਦੀ। ਪਰ ਮੈਨੂੰ ਆਪਣੀ ਧੀ ਤੋਂ ਡਰ ਲੱਗਣ ਲੱਗ ਜਾਂਦਾ। ਮੈਂ ਉਸ ਨਾਲ ਨਜ਼ਰਾਂ ਮਿਲਾਉਣ ਤੋਂ ਬਚਦੀ। ਕਈ ਵਾਰ ਮੈਨੂੰ ਇਹ ਆਪਣਾ ਭਰਮ ਵੀ ਲੱਗਦਾ। ਮੈਂ ਸੋਚਦੀ ਕਿ ਅਜਿਹਾ ਇਸ ਕਰਕੇ ਵੀ ਹੋ ਰਿਹਾ ਹੈ ਕਿ ਮੈਂ ਜ਼ਿਆਦਾ ਹੀ ਸੋਚਦੀ ਰਹਿੰਦੀ ਹਾਂ। ਨਿੱਕੀ-ਨਿੱਕੀ ਚੀਜ਼/ਗੱਲ ਪ੍ਰਤੀ ਚਿੰਤਤ ਹੋ ਜਾਂਦੀ ਹਾਂ। ਇਹ ਭਰਮ ਕਿਸੇ ਹੱਦ ਤਕ ਠੀਕ ਵੀ ਸੀ। ਮੈਂ ਲੱਖ ਵਾਰੀ ਕਹੀ ਜਾਵਾਂ, ਆਪਣੇ ਮਨ ਨੂੰ ਸਮਝਾਈ ਜਾਵਾਂ-ਪਰ ਜੇ ਜਸਬੀਰ ਦਾ ਫੇਸ ਬੁੱਕ 'ਤੇ ਮੈਸਿਜ ਨਾ ਆਵੇ ਤਾਂ ਮੈਨੂੰ ਅੱਚੋਤਾਈ ਲੱਗ ਜਾਂਦੀ ਹੈ।

ਇਹ ਮਰਦ ਜਾਤ ਵੀ ਕੀ ਸ਼ੈਅ ਹੈ? ਇਹਨੂੰ ਛੱਡਿਆ ਵੀ ਨਹੀਂ ਜਾ ਸਕਦਾ। ਇਸਦੇ ਬਿਨਾਂ ਰਿਹਾ ਵੀ ਨਹੀਂ ਜਾ ਸਕਦਾ।

ਅਨੀਤਾ ਦੀ ਕਹੀ ਹੋਈ ਗੱਲ ' ਮੈਂ ਤੁਹਾਡੀਆਂ ਔਖਆਈਆਂ ਨੂੰ ਸਮਝ ਲਿਆ ' ਨੇ ਮੈਨੂੰ ਕਈ ਦਿਨ ਬੇਚੈਨ ਕੀਤਾ। ਪਿਛਲੇ ਹਫਤੇ ਉਹ ਮੈਨੂੰ ਲੈ ਕੇ ਡਰੈਸਿੰਗ ਟੇਬਲ ਦੇ ਸ਼ੀਸ਼ੇ ਅੱਗੇ ਜਾ ਖਲੋਈ। ਜਦੋਂ ਦਾ ਮਨੋਜ ਗਿਆ, ਮੈਂ ਇਸ ਟੇਬਲ ਮੋਹਰੇ ਨਹੀਂ ਖੜ੍ਹੀ। ਉਹ ਹੁੰਦਾ ਸੀ ਤਾਂ ਇਹ ਸਾਡੇ ਵਾਲੇ ਬੈੱਡ-ਰੂਮ 'ਚ ਪਿਆ ਹੁੰਦਾ ਸੀ। ਉਹਨੂੰ ਮੈਨੂੰ ਆਪਣੇ ਨਾਲ ਖੜ੍ਹਿਆਂ, ਤੇ ਉਹ ਵੀ ਗਿਆਰਾਂ ਕੁ ਵਜੇ, ਚੰਗਾ ਲੱਗਦਾ ਸੀ ਜਿੱਦਾਂ ਉਸ ਨੂੰ ਮੈਨੂੰ ਦੇਖ-ਦੇਖ ਕੇ ਰੱਜ ਹੀ ਨਾ ਆਉਂਦਾ ਹੋਵੇ। ਹੁਣ ਇਹ ਡਰੈਸਿੰਗ ਟੇਬਲ ਵਰਾਂਡੇ ਦੀ ਇਕ ਨੁਕਰ 'ਚ ਪਿਆ ਹੈ। ਅਨੀਤਾ ਨੇ ਮੈਨੂੰ ਥੋੜ੍ਹਾ ਕੁ

ਅਗਾਂਹ ਕੀਤਾ ਜਿੱਥੋਂ ਮੈਨੂੰ ਆਪਣਾ ਸਾਰਾ ਜਿਸਮ ਦਿਖਾਈ ਦਿੱਤਾ। ਉਹ ਮੇਰੇ ਬਰੋਬਰ ਆ ਖੜ੍ਹੀ ਹੋਈ। ਸ਼ੀਸ਼ੇ 'ਚ ਮੇਰਾ ਚਿਹਰਾ ਨਿਹਾਰਿਆ। ਖਿੜਖਿੜਾ ਕੇ ਹੱਸੀ। ਆਪਣੇ ਸਿਰ 'ਤੇ ਮੇਰਾ ਹੱਥ ਰੱਖ ਕੇ ਬੋਲੀ, "ਤੁਹਾਨੂੰ ਮੇਰੀ ਸਹੁੰ-ਜੇ ਝੂਠ ਬੋਲੋ ਤਾਂ- ਦੱਸੋ ਕੌਣ ਜੁਆਨ ਲੱਗਦਾ-ਤੁਸੀਂ ਕਿ ਮੈਂ?" ਮੈਂ ਉਸਨੂੰ ਘੁੱਟ ਕੇ ਜੱਫੀ ਪਾ ਲਈ। ਅੱਖਾਂ ਭਰ ਆਈਆਂ। ਹੰਝੂ ਉਸਦੀ ਪਿੱਠ 'ਤੇ ਡਿੱਗੇ। ਉਸ ਮੈਨੂੰ ਰੋਣ ਦਿੱਤਾ। ਉਹ ਚਾਹੁੰਦੀ ਸੀ ਕਿ ਮੇਰੇ ਅੰਦਰਲਾ ਗੁਭਗੁਲਾਹਟ ਨਿਕਲ ਜਾਵੇ। ਫੇਰ ਮੈਂ ਆਪਣੇ ਆਪ ਨੂੰ ਸੰਭਾਲ਼ਿਆ। ਉਸ ਮੈਨੂੰ ਕੁਰਸੀ 'ਤੇ ਬੈਠਾ ਦਿੱਤਾ। ਪਾਣੀ ਦਾ ਗਲਾਸ ਲਿਆਈ। ਕਿਹਾ, "ਕੋਈ ਐਨੀ ਉਮਰ 'ਚ ਬੁੱਢਾ ਨ੍ਹੀਂ ਹੋ ਜਾਂਦਾ-ਮੈਂ ਤੁਹਾਨੂੰ ਕਿੱਦਾਂ ਦੱਸਾਂ। ਸਮਝਾਵਾਂ।"

ਮੋਬਾਇਲ 'ਤੇ ਮੈਸਿਜ ਆਇਆ ਸੀ। ਮੈਂ ਸੋਚਿਆ ਸੀ ਕਿ ਕੰਪਨੀ ਵਾਲਿਆਂ ਦਾ ਹੋਵੇਗਾ। ਇਹ ਨਵੀਆਂ-ਨਵੀਆਂ ਔਫਰਾਂ ਦਿੰਦੇ ਹਨ। ਮੈਂ ਕੁਝ ਚਿਰ ਮੋਬਾਇਲ ਨੂੰ ਹੱਥ ਹੀ ਨਾ ਲਾਇਆ। ਦੂਜੀ ਵਾਰ ਆਵਾਜ਼ ਆਈ। ਮੈਂ ਇਨਬਾਕਸ ਖੋਲ੍ਹਿਆ। ਲਿਖਿਆ ਸੀ-ਕੀ ਰਿਸ਼ਤੇ ਇੰਨੇ ਸਰਲ ਹੁੰਦੇ ਹਨ ਜਿੰਨੇ ਕਿ ਉਹ ਪਹਿਲੀ ਵਾਰ ਦਿੱਸਦੇ ਹਨ। ਦੂਜਾ ਸੀ-ਤੇਰਾ ਆਉਣਾ, ਮੁੜ ਕੇ ਤਕਦੀਰ ਦਾ ਬਣ ਜਾਣਾ। ਕੋਈ ਦੇਖੇ, ਅਫ਼ਸਾਨੇ ਕਾ ਮਹਿਲ ਉਸਰ ਜਾਣਾ। ਇਹ ਤਾਂ ਅਨੀਤਾ ਵੱਲੋਂ ਭੇਜੇ ਗਏ ਐੱਸ. ਐੱਮ. ਐੱਸ. ਸਨ। ਮੇਰੇ ਢਿੱਡੋਂ ਜਾਈ ਮੇਰੇ ਅੱਗੇ ਹੀ ਪ੍ਰਸ਼ਨ ਕਰ ਰਹੀ ਸੀ।

ਜ਼ਿੰਦਗੀ ਦੀ ਜਮਾ-ਘਟਾਓ 'ਚ ਪਿਆਂ ਹੀ ਨੌਂ ਵਜ ਗਏ ਸਨ। ਜੈਪਾਲ ਆਪਣੇ ਕਮਰੇ 'ਚ ਪੜ੍ਹ ਰਿਹਾ ਸੀ। ਉਸ ਦਸ ਕੁ ਵਜੇ ਇੱਧਰ ਸੌਣ ਆਉਣਾ ਸੀ। ਅਸੀਂ ਤਿੰਨੋਂ ਇਸ ਕਮਰੇ 'ਚ ਹੀ ਸੌਂਦੇ ਹਾਂ। ਟੀ.ਵੀ. ਚਲ ਰਿਹਾ ਸੀ। ਖ਼ਬਰਾਂ ਆ ਰਹੀਆਂ ਸਨ। ਮੇਨ ਖ਼ਬਰਾਂ ਇਕ ਵਾਰ ਫੇਰ ਟੀ.ਵੀ. ਦੀ ਸਕਰੀਨ 'ਤੇ ਅੱਖਰਾਂ ਦੇ ਰੂਪ 'ਚ ਆਈਆਂ। ਅਨੀਤਾ ਨੇ ਨਾਲੋ ਨਾਲ ਪੜ੍ਹੀਆਂ। ਥੋੜ੍ਹੀ ਕੁ ਉੱਚੀ ਦੇਣੀ। ਜਿੱਦਾਂ ਮੈਨੂੰ ਸੁਣਾ ਰਹੀ ਹੋਵੇ। ਮੈਨੂੰ ਐਦਾਂ ਹੀ ਲੱਗਾ ਸੀ। ਇਹ ਵੀ ਉਸ ਦੀ ਆਦਤ ਹੀ ਬਣ ਗਈ ਹੈ। ਉਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਮੈਨੂੰ ਖ਼ਬਰਾਂ 'ਚ ਬਹੁਤੀ ਦਿਲਚਸਪੀ ਨਹੀਂ ਹੁੰਦੀ-ਫੇਰ ਵੀ ਉਹ ਚਾਹੁੰਦੀ ਹੈ ਕਿ ਮੈਨੂੰ ਦੀਨ-ਦੁਨੀਆ ਦੀ ਖ਼ਬਰ ਨਾਲੋ-ਨਾਲ ਪਤਾ ਲੱਗਦੀ ਰਹੇ।

ਫੇਰ ਉਸ ਟੀਵੀ ਬੰਦ ਕਰ ਦਿੱਤਾ। ਮੈਂ ਕਿਹਾ, "ਅਜੇ ਥੋੜ੍ਹਾ ਸਮਾਂ ਹੋਇਆ। ਲੱਗਾ ਰਹਿਣ ਦੇ।"

ਅੱਗੋਂ ਉਹ ਬੋਲੀ, "ਆਪਾਂ ਗੱਲਾਂ ਕਰਦੇ ਆਂ।"

ਉਹ ਆਪਣੇ ਵਾਲੇ ਫੋਲਡਿੰਗ ਬੈੱਡ ਤੋਂ ਉੱਠ ਕੇ ਮੇਰੇ ਵਾਲੇ ਮੰਜੇ 'ਤੇ ਆ ਬੈਠੀ। ਉਹਨੇ ਕੰਧ ਨਾਲ ਢੋਅ ਲਾ ਲਿਆ। ਜਿਸ ਪਾਸੇ ਮੇਰਾ ਮੰਜਾ ਪਿਆ ਸੀ, ਉਹ ਇਸ ਕਮਰੇ ਤੇ ਇਸ ਘਰ ਦੀ ਨੁਕਰ 'ਚ ਪੈਂਦਾ ਹੈ। ਇੱਥੋਂ ਆਵਾਜ਼ ਬਾਹਰ ਨਹੀਂ ਜਾਂਦੀ। ਜਦੋਂ ਅਨੀਤਾ ਨੇ ਕੋਈ ਵਿਸ਼ੇਸ਼ ਗੱਲ ਜਾਂ ਸਲਾਹ ਕਰਨੀ ਹੁੰਦੀ ਹੈ-ਉਹ ਉਦੋਂ ਹੀ ਇਸ ਪਾਸੇ ਢੋਅ ਲਾ ਕੇ ਬੈਠਦੀ ਹੈ।

ਉਹਨੇ ਪੁੱਛਿਆ, "ਘਰ ਦਾ ਇਕ ਮਹੀਨੇ ਦਾ ਕਿੰਨਾ ਕੁ ਖਰਚ ਆਉਂਦਾ?"

"ਤੂੰ ਇਸ ਗੱਲ 'ਚੋਂ ਕੀ ਲੈਣਾ?"

"ਲੈਣਾ।"

ਮੈਨੂੰ ਉਸ ਦੀ ਇਸ ਗੱਲ ਦੀ ਸਮਝ ਨਾ ਲੱਗੀ। ਮੈਂ ਸੰਭਲਦੀ ਜਾਂ ਕੁਝ ਪੁੱਛਦੀ, ਉਹਨੇ ਪੁੱਛ ਲਿਆ,"ਮੈਂ ਖਰਚੇ ਬਾਰੇ ਪੁੱਛ ਰਹੀ ਆਂ।"

"ਦਸ-ਬਾਰਾਂ ਕੁ ਹਜ਼ਾਰ ਸਮਝ ਲੈ।"

"ਤੁਸੀਂ ਕਿੰਨਾ ਕਮਾ ਲੈਂਦੇ ਹੋ?"

"ਇਹੀ ਕੋਈ ਪੰਦਰਾਂ-ਸੋਲ੍ਹਾਂ ਹਜ਼ਾਰ।"

"ਜੈਪਾਲ ਕੱਲੇ ਦਾ ਖਰਚਾ?"



"ਮੈਥੋਂ ਤਾਂ ਹਜ਼ਾਰ ਰੁਪਏ ਜੇਬ ਖਰਚ ਲੈਂਦਾ। ਫੀਸ ਤੇ ਹੋਰ ਖਰਚੇ ਪਾ ਕੇ ਪੰਜ ਹਜ਼ਾਰ ਲਾ ਲੈ। ਪਰ ਅੱਜ ਤੂੰ ਬਾਣੀਆਂ ਵਾਲਾ ਵਹੀਖਾਤਾ ਕਿਉਂ ਖੋਲ੍ਹ ਬੈਠੀ ਆਂ?"

"ਹੁਣ ਇਹਦੀ ਵੀ ਲੋੜ ਪੈ ਗਈ।"

"ਧੀਏ ਮੈਂ ਤੈਥੋਂ ਕੀ ਲੁਕਾਇਆ?"

"ਬਹੁਤ ਕੁਸ਼।"

ਮੈਂ ਪੈਰਾਂ ਭਾਰ ਬੈਠ ਗਈ ਸੀ।

"ਤੁਸੀਂ ਐਦਾਂ ਨ੍ਹੀਂ ਬੈਠਣਾ। ਐਦਾਂ ਤਾਂ ਉਹ ਬੈਠਦਾ-ਜਿਨ੍ਹੇ ਉੱਠ ਕੇ ਦੌੜ ਜਾਣਾ ਹੁੰਦਾ।"

"ਲੈ ਜਿੱਦਾਂ ਤੂੰ ਕਹਿਨੀ ਆਂ, ਮੈਂ ਬੈਠ ਜਾਂਦੀ ਆਂ?"

"ਘਰ ਦਾ ਖਰਚਾ ਤੇ ਜੈਪਾਲ ਦਾ ਖਰਚਾ ਮੈਂ ਕਰਾਂਗੀ। ਹੁਣ ਦੱਸੋ ਅਗਾਂਹ ਕੀ ਸੋਚਿਆ?"

"ਕਿਸ ਬਾਰੇ?"

"ਆਪਣੇ ਬਾਰੇ।"

"ਮੇਰੇ ਕੋਲ਼ ਦੋ ਹੀਰਿਆਂ ਵਰਗੇ ਆਗਿਆਕਾਰੀ ਬੱਚੇ ਆ-ਮੈਂ ਇਸ ਦੁਨੀਆ ਤੋਂ ਹੋਰ ਕੀ ਲੈਣਾ ਹੈ?"

"ਕਿਉਂ ਝੂਠ ਬੋਲਦੇ ਹੋ?"

"ਅੱਜ ਤਾਂ ਤੂੰ ਮੇਰੀ ਮਾਂ ਹੀ ਬਣੀ ਬੈਠੀ ਆਂ।"

"ਮੈਂ ਅੱਜ ਦਫਤਰ 'ਚ ਬੈਠੀ ਤੁਹਾਡੇ ਬਾਰੇ ਹੀ ਸੋਚਦੀ ਰਹੀ। ਆਹ ਪੜ੍ਹੋ ਸਾਡੇ ਗਰੁੱਪ ਦੇ ਕੁਮੈਂਟਸ।"

ਮੇਰਾ ਹੱਥ ਫੜ ਕੇ ਉਸ ਬਿਨਾਂ ਕਿਸੇ ਝਿਜਕ ਦੇ ਕਹਿ ਦਿੱਤਾ, "ਮੰਮੀ ਤੁਹਾਨੂੰ ਆਪਣੀ ਜ਼ਿੰਦਗੀ ਬਾਰੇ ਸੋਚਣਾ ਚਾਹੀਦਾ।"

"ਇਨ੍ਹਾਂ ਨੂੰ ਛੱਡ। ਤੂੰ ਦੱਸ ਕੀ ਚਾਹੁੰਦੀ ਆਂ?" ਮੈਂ ਖਿੱਝ ਜਿਹੀ ਨਾਲ ਕਿਹਾ।

"ਤੁਸੀਂ ਅੰਕਲ ਜਸਬੀਰ ਨਾਲ ਖੁੱਲ੍ਹ ਕੇ ਗੱਲ ਕਰੋ।"

ਮੇਰੇ ਸਿਰ ਨੂੰ ਘੁੰਮੇਟਣੀ ਜਿਹੀ ਚੜ੍ਹੀ। ਮੈਂ ਆਪਣੇ ਆਪ ਨੂੰ ਸੰਭਾਲਣ ਦੀ ਕੀਤੀ। ਕਿਹਾ, "ਤੈਨੂੰ ਪਤਾ-ਤੂੰ ਕੀ ਕਹਿ ਰਹੀ ਆਂ?"

"ਹਾਂ-ਮੈਨੂੰ ਪਤਾ। ਮੈਂ ਸਭ ਸਮਝਦੀ ਆਂ। ਔਹ ਦੇਖੋ ਸਾਹਮਣੇ ਟੇਪ ਰਿਕਾਰਡਰ ਪਿਆ। ਕੈਸਿਟਾਂ ਦਾ ਢੇਰ ਪਿਆ। ਨਾਲ ਹੀ ਸੀ. ਡੀ. ਪਲੇਅਰ ਪਿਆ। ਦੱਸੋ-ਹੁਣ ਇਹ ਕਿਸ ਕੰਮ ਦੇ ਰਹੇ ਨੇ। ਮਰ ਗਿਆਂ ਨਾਲ ਰਿਸ਼ਤੇ ਮੁੱਕ ਜਾਂਦੇ ਹੁੰਦੇ ਨੇ। ਹੁਣ ਤੁਹਾਡੀ ਜ਼ਿੰਦਗੀ ਦੀ ਫ਼ਿਲਮ ਦਾ ਹਾਫ਼ ਟਾਈਮ ਸ਼ੁਰੂ ਹੋਣਾ। ਅਸੀਂ ਦਰਸ਼ਕ ਬਣ ਕੇ ਦੇਖਾਂਗੇ। ਮੁੱਕਦੀ ਗੱਲ-ਅੰਕਲ ਜਸਬੀਰ ਨੂੰ ਤੁਹਾਡੀ ਲੋੜ ਆ ਤੇ ਤੁਹਾਨੂੰ ਉਨ੍ਹਾਂ ਦੀ। ਫੇਰ ਝਿਜਕ ਕਾਸ ਦੀ? ਕਾਸ ਲਈ?"

ਹੈਂ! ਮੇਰੀ ਕਮਲ਼ੀ-ਰਮਲ਼ੀ ਧੀ ਕਿੰਨੀਆਂ ਸਿਆਣੀਆਂ ਗੱਲਾਂ ਕਰਨ ਲੱਗ ਪਈ। 000

***(984 ਮਾਡਲ ਹਾਊਸ, ਜਲੰਧਰ-1 ਫੋਨ: 98148-032354)***

## ਗੁਰਦੁਆਰੇ ਉੱਤੇ ਖੜ੍ਹਾ ਆਦਮੀ: ਕਹਾਣੀ: ਬਲਦੇਵ ਦੂਹੜੇ

ਪਿੰਡ ਵਿਚ ਡੂੰਘੀ ਜਹੀ ਸ਼ਾਮ ਪੈ ਰਹੀ ਸੀ। ਅਸੀਂ ਸੈਰ ਕਰਕੇ ਵਾਪਿਸ ਆ ਰਹੇ ਸਾਂ। ਅਮਰੀਕ ਨੇ ਹੇਕ ਲਾ ਕੇ ਇਕ ਰੁਬਾਈ ਛੇੜ ਦਿੱਤੀ।

*ਹੱਥ ਵਿਚ ਲੈ ਕੇ ਦਿਲ ਦਾ ਕਾਸਾ*
*ਖ਼ੈਰ ਮਿਲਣ ਦੀ ਮੰਗੀ ਵੇ*
*ਲੱਪ ਕੁ ਖ਼ੈਰ ਵਿਛੋੜੇ ਵਾਲੀ*
*ਉਹਨੇ ਜੱਗ ਤੋਂ ਡਰ ਕੇ ਪਾਈ ਵੇ*
*ਖਾਲੀ ਨਾਲੋਂ ਕੁੱਝ ਤਾਂ ਮਿਲਿਆ*
*ਫੇਰ ਵੀ ਕਿਸਮਤ ਚੰਗੀ ਵੇ*

ਅਚਾਨਕ ਅਵਤਾਰ ਬੋਲ ਉਠਿਆ, "ਓਏ ਸੁਣੋ ਕੋਈ ਔਰਤ ਬੋਲ ਰਹੀ ਆ।"

"ਤੈਨੂੰ ਔਰਤਾਂ ਈ ਸੁਣਦੀਆਂ ਰਹਿੰਦੀਆਂ। ਕਿਹੜੀ ਕੋਈ ਨਵੀਂ ਗੱਲ ਆ।"

"ਨਹੀਂ ਨਹੀਂ, ਸੁਣੋ ਜ਼ਰਾ।"

ਅਚਾਨਕ ਤਾਈ ਅਮਰੋ ਦੀ ਆਵਾਜ਼ ਸੁਣਨ ਲੱਗੀ। "ਵੇਅ ਕੌਣਿਆ ਗੁਰਦੁਆਰੇ ਦੇ ਉੱਤੇ? ਦੇਖੋ ਉਏ ਲੋਕੋ, ਆਹ ਕੋਈ ਗੁਰਦੁਆਰੇ ਉੱਤੇ ਚੜ੍ਹਿਆ ਹੋਇਆ।" ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ। ਰੌਲਾ ਜਿਹਾ ਪੈਣਾ ਸ਼ੁਰੂ ਹੋ ਰਿਹਾ ਸੀ। ਅਸੀਂ ਇਹ ਸੁਣ ਕੇ ਦੌੜੇ ਤੇ ਗੁਰਦੁਆਰੇ ਦੇ ਕੋਲ ਚਲੇ ਗਏ। "ਤਾਈ ਕੀ ਹੋਇਆ?" ਅਮਰ ਨੇ ਪੁਛਿਆ।

"ਵੇ ਮੁੰਡਿਓ ਜਾਓ ਦੇਖੋ ਇਹ ਗੁਰਦੁਆਰੇ ਉੱਤੇ ਕੌਣ ਲੁਕਿਆ ਇਆ। ਇਹ ਕਦੀ ਖੜ੍ਹਾ ਹੋ ਜਾਂਦਾ, ਕਦੀ ਬਹਿ ਜਾਂਦਾ।"

ਅਸੀਂ ਦੌੜ ਕੇ ਗੁਰਦੁਆਰੇ ਦੀਆਂ ਪੌੜੀਆਂ ਚੜ੍ਹੇ। ਉੱਤੇ ਜਾ ਕੇ ਦੇਖਿਆ ਕਿ ਇਕ ਬੰਦਾ ਚਾਦਰ ਉੱਤੇ ਲੈ ਕੇ ਲੰਮਾ ਪਿਆ ਹੋਇਆ ਸੀ।

"ਉਠ ਉਏ ਕਿਹੜਾ ਆਂ ਤੂੰ?" ਕਬੱਡੀ ਵਾਲੇ ਦੇਬੀ ਨੇ ਦਬਕਾ ਮਾਰਿਆ। ਸੌਂ ਰਿਹਾ ਬੰਦਾ ਸਿਰ 'ਤੇ ਪੱਗ ਲਪੇਟਦਾ ਹੋਇਆ ਹੌਲੀ ਹੌਲੀ ਉਠ ਬੈਠਿਆ।

"ਉਏ ਤੂੰ ਇੱਥੇ ਕੀ ਕਰਦਾਂ?"

"ਜਨਾਬ ਰਾਤ ਕੱਟਣ ਲਈ ਇੱਥੇ ਰੁਕ ਗਿਆ ਸੀ।" ਉਹ ਡਰੀ ਜਹੀ ਆਵਾਜ਼ ਵਿਚ ਬੋਲਿਆ।

"ਕੌਣ ਆਂ ਤੂੰ ਤੇ ਕਿੱਥੋਂ ਆਇਆਂ?" ਅਮਰ ਨੇ ਪੁੱਛਿਆ।

"ਜਨਾਬ ਮੈਂ ਕਸ਼ਮੀਰੀ ਸ਼ਾਲ ਵੇਚਣ ਲਈ ਇੱਥੇ ਆਇਆ ਸੀ, ਬਸ ਇੱਥੇ ਰੱਬ ਦੇ ਘਰ ਰਾਤ ਕੱਟਣ ਲਈ ਅਟਕ ਗਿਆ।"

"ਉਠ ਉਏ ਇੱਥੋਂ, ਗੁਰਦੁਆਰੇ 'ਤੇ ਚੜ੍ਹੀ ਬੈਠਾਂ।"

ਇਹ ਅੱਧਖੜ ਜਿਹਾ ਬੰਦਾ ਹੌਲੀ ਹੌਲੀ ਜ਼ਮੀਨ ਤੋਂ ਉਠ ਕੇ ਖੜ੍ਹਾ ਹੋ ਗਿਆ। ਉਸ ਨੇ ਢਿੱਲਾ ਅਤੇ ਖੁੱਲਾ ਜਿਹਾ ਕੁੜਤਾ ਅਤੇ ਉੱਚਾ ਜਿਹਾ ਪਜਾਮਾ ਪਾਇਆ ਹੋਇਆ ਸੀ, ਜਿਸ ਦਾ ਇਕ ਪਹੁੰਚਾ ਉੱਚਾ ਸੀ ਅਤੇ ਦੂਜਾ ਨੀਵਾਂ।

"ਆਹ ਬੁੜ੍ਹੀਆਂ ਕਹਿੰਦੀਆਂ ਕਿ ਤੂੰ ਕਦੀ ਖੜ੍ਹਾ ਹੋ ਜਾਨਾ ਤੇ ਕਦੀ ਬਹਿ ਜਾਨਾ। ਇਹ ਕੀ ਕਰ ਰਿਹਾ ਸੀ ਤੂੰ?"



"ਜਨਾਬ ਨਮਾਜ਼ ਪੜ੍ਹ ਰਿਹਾ ਸੀ? ਸੌਣ ਤੋਂ ਪਹਿਲਾਂ ਉਸ ਪਰਵਰਦਗਾਰ ਨੂੰ ਯਾਦ ਕਰ ਲੈਨਾ।"

ਇਸ ਦੇ ਜਵਾਬ ਵਿਚ ਅਕਾਲੀ ਜਰਨੈਲ ਸਿੰਘ ਨੇ ਭੜਕ ਕੇ ਆਖਿਆ, "ਉਏ ਤੂੰ ਗੁਰੂ ਦੇ ਘਰ ਆ ਕੇ ਨਮਾਜ਼ ਪੜ੍ਹ ਰਿਹਾ ਸੀ?"

"ਹਾਂ ਜੀ, ਉਹ ਰੱਬ ਤਾਂ ਸਭ ਦਾ ਸਾਂਝਾ ਏ ਨਾ ਜੀ," ਉਹ ਬੋਲਿਆ।

ਜਰਨੈਲ ਸਿੰਘ ਆਪਣੀ ਨੀਲੀ ਪੱਗ ਨੂੰ ਸਾਂਭਦਾ ਹੋਇਆ ਬੋਲਿਆ, "ਲੈ ਐਵੇਂ ਈ, ਤੁਸੀਂ ਆਪਣੀ ਮਸਜਿਦ ਵਿਚ ਸਾਨੂੰ ਜਪੁਜੀ ਸਾਹਿਬ ਪੜ੍ਹਨ ਦਿਓਗੇ?"

"ਜੀ ਮੈਨੂੰ ਇਹ ਤਾਂ ਪਤਾ ਨਹੀਂ।"

"ਪਹਿਲਾਂ ਤਾਂ ਚਲ ਥੱਲੇ ਉਤਰ"। ਹੁਕਮੀ ਲਹਿਜੇ ਵਿਚ ਇਹ ਆਖ ਕੇ ਉਹਨੂੰ ਗੁਰਦੁਆਰੇ ਦੀ ਛੱਤ ਤੋਂ ਜ਼ਮੀਨ 'ਤੇ ਲੈ ਆਂਦਾ। ਲੋਕ ਆਲੇ ਦੁਆਲੇ ਇਕੱਠੇ ਹੋ ਗਏ। ਜਰਨੈਲ ਸਿੰਘ ਫਿਰ ਉਚੀ ਅਵਾਜ਼ ਵਿਚ ਬੋਲਿਆ, "ਏਸ ਬੰਦੇ ਨੇ ਗੁਰਦੁਆਰੇ ਦੀ ਛੱਤ 'ਤੇ ਚੜ੍ਹ ਕੇ ਨਮਾਜ਼ ਪੜ੍ਹੀ ਆ।"

ਪਿੰਡ ਦੀਆਂ ਔਰਤਾਂ ਘੁਸਰ ਮੁਸਰ ਕਰਨ ਲੱਗੀਆਂ, "ਹੈਹਾ ਨੀ ਏਹ ਕੀ ਕੀਤਾ। ਸਾਡੇ ਗੁਰਦੁਆਰੇ ਉੱਤੇ ਚੜ੍ਹਕੇ ਮੁਸਲਮਾਨਾਂ ਆਲੀ ਨਮਾਜ਼ ਪੜ੍ਹੀ? ਵਾਹਿਗੁਰੂ ਵਾਹਿਗੁਰੂ!!"

"ਇਹਦੇ ਛਿੱਤਰ ਮਾਰੋ। ਇਹਨੇ ਸਾਡਾ ਗੁਰਦੁਆਰਾ ਭਿੱਟ ਦਿੱਤਾ।" ਕਬੱਡੀ ਵਾਲਾ ਦੇਬੀ ਬੋਲਿਆ।

ਅਮਰ ਕਹਿੰਦਾ, "ਨਾ ਯਾਰ ਏਨੇ ਸਿਆਣੇ ਬਿਆਣੇ ਬੰਦੇ ਦੇ ਛਿੱਤਰ ਮਾਰਨੇ ਤਾਂ ਚੰਗੀ ਗੱਲ ਨਹੀਂ। ਕੋਈ ਸਭਿਅਕ ਤਰੀਕਾ ਸੋਚੋ।"

ਅਕਾਲੀ ਬੋਲਿਆ, "ਚਲ ਐਦਾਂ ਕਰ ਕਿ ਪੰਜਾਹ ਵਾਰੀ ਵਾਹਿਗੁਰੂ ਕਹਿ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਅੱਗੇ ਮੱਥਾ ਟੇਕ ਕੇ ਮਾਫੀ ਮੰਗ।"

"ਮੈਂ ਮਾਫੀ ਜ਼ਰੂਰ ਮੰਗਦਾਂ, ਪਰ ਮੈਨੂੰ ਮੱਥਾ ਟੇਕਣ ਲਈ ਨਾ ਕਹੋ।"

"ਕਿਉਂ?" ਅਕਾਲੀ ਬੋਲਿਆ।

"ਇਹ ਜੀ ਸਾਡੇ ਦੀਨ ਵਿਚ ਮਨ੍ਹਾਂ ਹੈ। ਅਸੀਂ ਕਿਸੇ ਹੋਰ ਰੱਬ ਦੇ ਅੱਗੇ ਸਿਰ ਨਹੀਂ ਝੁਕਾ ਸਕਦੇ,ਸਿਵਾਏ ਅਲਾਹ ਤੋਂ।"

"ਸ਼ਾਬਾਸ਼ੇ, ਸਾਡੇ ਗੁਰਦੁਆਰੇ 'ਤੇ ਨਮਾਜ਼ ਤਾਂ ਤੂੰ ਪੜ੍ਹ ਸਕਦਾਂ ਪਰ ਉਸੇ ਹੀ ਗੁਰਦੁਆਰੇ ਵਿਚ ਪਏ ਗ੍ਰੰਥ ਸਾਹਿਬ ਅੱਗੇ ਮੱਥਾ ਨਹੀਂ ਟੇਕ ਸਕਦਾ?"

"ਹਾਂ ਜੀ, ਮੈਨੂੰ ਅਫਸੋਸ ਹੈ ਕਿ ਮੈਂ ਐਸੇ ਨਹੀਂ ਕਰ ਸਕਦਾ। ਇਸ ਨੂੰ ਸ਼ਿਰਕ ਕਹਿੰਦੇ ਆ, ਜੋ ਇਸਲਾਮ ਵਿਚ ਇਕ ਗੁਨਾਹ ਮੰਨਿਆ ਜਾਂਦਾ ਹੈ।"

"ਇਹ ਝੂਠ ਬੋਲਦਾ। ਠੋਕੋ ਇਹਦੇ ਚਾਰ ਕੁ।" ਅਕਾਲੀ ਗੱਜਿਆ। ਪਿੰਡ ਦੀ ਮੁਢੀਰ ਇਸ ਬੰਦੇ ਨੂੰ ਕੁੱਟਣ ਲਈ ਤਿਆਰ ਖੜ੍ਹੀ ਸੀ।

ਮੈਂ ਸੁਝਾਅ ਦਿੱਤਾ ਕਿ ਸਾਡੇ ਪਿੰਡ ਵਿਚ ਬਹੁਤ ਮੁਸਲਮਾਨ ਹਨ, ਕਿਸੇ ਤੋਂ ਪੁੱਛ ਲਓ ਕਿ ਇਹ ਸ਼ਿਰਕ ਨਾਂ ਦੀ ਕੋਈ ਚੀਜ਼ ਹੈ ਵੀ ਕਿ ਨਹੀਂ। "ਜੇਕਰ ਇਹ ਗੱਲ ਝੂਠ ਨਿਕਲੀ ਤਾਂ ਇਸ ਨੂੰ ਜੋ ਵੀ ਸਜ਼ਾ ਠੀਕ ਸਮਝੋ ਦੇ ਦਿਓ।"

"ਚਾਚੇ ਖ਼ੈਰੇ ਦਾ ਘਰ ਨੇੜੇ ਆ। ਮੈਂ ਜਾ ਕੇ ਉਹਤੋਂ ਪਤਾ ਕਰ ਆਉਨਾਂ।" ਅਮਨ ਨੇ ਸੁਝਾਅ ਦਿੱਤਾ।

"ਨਾਲੇ ਬੀਬੀ ਐਮਨਾ ਦੇ ਦਰਸ਼ਨ ਕਰ ਲਵੇਂਗਾ।" ਮੁੰਡਿਆਂ ਵਿਚ ਘੁਸਰ ਮੁਸਰ ਜਹੀ ਹੋਈ। ਸਾਰੇ ਮੁੰਡਿਆਂ ਨੂੰ ਪਤਾ ਸੀ ਕਿ ਅਮਨ ਅਤੇ ਐਮਨਾ ਵਿਚ ਪਰਸਪਰ ਖਿੱਚ ਹੈ, ਜੋ ਸਾਧਾਰਨ

ਦੋਸਤੀ ਤੋਂ ਅੱਗੇ ਕਦੇ ਨਹੀਂ ਸੀ ਗਈ। ਸਾਂਝ ਦਾ ਅਸਲ ਕਾਰਨ ਸੀ ਐਮਨਾ ਦਾ ਸਾਹਿਤ ਪੜ੍ਹਨ ਦਾ ਸ਼ੌਕ। ਉਹ ਸਕੂਲ ਵਿਚ ਇਕੱਠੇ ਪੜ੍ਹੇ ਸੀ। ਐਮਨਾ ਅਤੇ ਅਮਨ ਸਕੂਲ ਵਿਚ ਸਭ ਤੋਂ ਵੱਧ ਨੰਬਰ ਲੈਣ ਵਾਲੇ ਵਿਦਿਆਰਥੀ ਸਨ। ਦਸਵੀਂ ਜਮਾਤ ਪਾਸ ਕਰ ਕੇ, ਅਮਨ ਅਤੇ ਹੋਰ ਬਹੁਤ ਸਾਰੇ ਵਿਦਿਆਰਥੀ ਕਾਲਿਜ ਚਲੇ ਗਏ ਜਾਂ ਬਿਦੇਸ਼ ਨੂੰ ਨਿਕਲ ਗਏ। ਐਮਨਾਂ ਨੂੰ, ਉਸ ਦੇ ਪਰਿਵਾਰ ਨੇ, ਕਾਲਿਜ ਨਹੀਂ ਸੀ ਜਾਣ ਦਿੱਤਾ। ਉਹਨਾਂ ਵਿਚਕਾਰ ਪੜ੍ਹਾਈ ਵਿਚ ਮੁਕਾਬਲਾ ਵੀ ਰਿਹਾ ਸੀ ਪਰ ਇਕ ਬੜੀ ਬੇਤੁਕਲਫੀ ਵਾਲਾ ਦੋਸਤੀ ਦਾ ਰਿਸ਼ਤਾ ਵੀ ਸੀ।

ਅਮਨ, ਚਾਚੇ ਖੈਰ ਦੀਨ ਦੇ ਘਰ ਵੱਲ ਤੁਰ ਪਿਆ। ਉਸ ਦੇ ਮਨ ਵਿਚ ਚਾਅ ਜਿਹਾ ਸੀ ਕਿ ਐਮਨਾ ਨਾਲ ਸਾਹਬ ਸਲਾਮ ਹੋ ਜਾਵੇਗੀ ਅਤੇ ਨਾਲ ਹੀ ਇਹ ਸ਼ਿਰਕ ਦੀ ਗੱਲ ਵੀ ਸਪਸ਼ਟ ਹੋ ਜਾਵੇਗੀ। ਉਸ ਨੇ ਬਿੱਟੂ ਨੂੰ ਨਾਲ ਲੈ ਲਿਆ। ਬਿੱਟੂ ਨੇ ਦੇਖਿਆ ਕਿ ਅਮਨ ਬੜੇ ਖੁਸ਼ ਜਹੇ ਮੂਡ ਵਿਚ ਸੀ।

"ਬੜਾ ਖੁਸ਼ ਆਂ, ਕਿਹੜੀ ਗੱਲ ਦਾ ਚਾਅ ਚੜ੍ਹ ਗਿਆ?" ਬਿੱਟੂ ਨੇ ਤਨਜ਼ ਨਾਲ ਪੁੱਛਿਆ। ਅਮਨ ਨੇ ਜਾਣ ਬੁੱਝ ਕੇ ਅਣਜਾਣ ਬਣਨ ਦੀ ਕੋਸ਼ਿਸ਼ ਕੀਤੀ।

ਦਿਲ ਹੀ ਦਿਲ ਵਿਚ ਉਹ ਕਹਿ ਰਿਹਾ ਸੀ, "ਯਾ ਅੱਲਾ! ਦਰਵਾਜ਼ਾ ਐਮਨਾ ਈ ਖੋਹਲੇ ਤਾਂ ਵਧੀਆ।"

ਅਮਨ ਨੇ ਬਿੱਟੂ ਨੂੰ ਦਰਵਾਜ਼ੇ ਤੋਂ ਥੋੜ੍ਹਾ ਦੂਰ ਅਟਕਣ ਲਈ ਕਿਹਾ ਅਤੇ ਉਸ ਨੇ ਆਪ ਜਾ ਕੇ ਦਰਵਾਜ਼ਾ ਖੜਕਾਇਆ। ਐਮਨਾ ਨੇ ਦਰਵਾਜ਼ਾ ਖੋਲ੍ਹਿਆ।

"ਵਾਹ! ਕਿਆ ਬਾਤ ਇਆ! ਅਮਨ ਗਿੱਲ ਸਾਹਿਬ ਆਏ ਆ, ਕਮਾਲ ਹੋ ਗਈ।"

"ਹਾਂ ਜੀ, ਕੀ ਹਾਲ ਆ?"

"ਵਧੀਆ! ਤੁਸੀਂ ਸੁਣਾਓ।"

"ਵਧੀਆ, ਕੀ ਕਰ ਰਹੇ ਹੋ ਅਜ ਕੱਲ੍ਹ?"

"ਕੰਵਲ ਦਾ ਨਾਵਲ 'ਰਾਤ ਬਾਕੀ ਹੈ' ਪੜ੍ਹ ਰਹੀ ਹਾਂ। ਕੱਲ੍ਹ ਸ਼ਾਮੀ ਤੁਸੀਂ ਜਦੋਂ ਅਵਤਾਰ ਦੀ ਛੱਤ 'ਤੇ ਵੀਅਤਨਾਮ ਦੀ ਜੰਗ ਬਾਰੇ ਬਹਿਸ ਕਰ ਰਹੇ ਸੀ ਤਾਂ ਮੇਰਾ ਵੀ ਜੀਅ ਕਰਦਾ ਸੀ ਕਿ ਮੈਂ ਦੌੜ ਕੇ ਜਾਵਾਂ ਤੇ ਉਸ ਬਹਿਸ ਵਿਚ ਹਿੱਸਾ ਲਵਾਂ। ਪਰ ਕਾਸ਼ ਰਾਹ ਵਿਚ ਬਹੁਤ ਗਲੀਆਂ, ਦੀਵਾਰਾਂ ਅਤੇ ਛੱਤਾਂ ਸਨ।"

"ਲੈ! ਤਾਂ ਕੀ ਸੀ, ਜੇਕਰ ਛੱਤੋ ਛੱਤ ਆਉਂਦੀ ਤਾਂ ਦੋ ਕੁ ਹੀ ਗਲੀਆਂ ਟੱਪਣੀਆਂ ਪੈਣੀਆਂ ਸੀ।"

"ਜਿਦਣ ਤੁਸੀਂ ਰੱਬ ਬਾਰੇ ਬਹਿਸ ਕਰ ਰਹੇ ਸੀ, ਉਸ ਦਿਨ ਤਾਂ ਮੈਂ ਸੱਚੀ ਛੱਤ ਟੱਪਣ ਨੂੰ ਤਿਆਰ ਹੋ ਗਈ ਸਾਂ। ਮੇਰਾ ਬਹੁਤ ਜੀਅ ਕਰਦਾ ਕਿ ਮੈਂ ਵੀ ਤੁਹਾਡੇ ਵਾਂਗ ਆਜ਼ਾਦ ਹੋ ਕੇ ਆਪਣੇ ਦੋਸਤਾਂ ਨਾਲ ਘੁੰਮਾਂ ਫਿਰਾਂ ਅਤੇ ਤੁਹਾਡੇ ਵਾਂਗ ਬਹਿਸਾਂ ਵਿਚ ਹਿੱਸਾ ਲਵਾਂ। ਕੁੜੀਆਂ ਲਈ ਨਿਯਮ ਵੱਖਰੇ ਕਿਉਂ ਹਨ?"

"ਬਈ ਗੱਲ ਤਾਂ ਤੇਰੀ ਠੀਕ ਆ। ਕੁੜੀਆਂ ਨੂੰ ਇੰਨਾ ਰੋਕ ਰੋਕ ਕੇ ਕਿਉਂ ਰਖਿਆ ਜਾਂਦਾ?"

"ਹਾਂ ਸੱਚ ਮੈਂ ਤਾਂ ਭੁੱਲ ਹੀ ਗਈ। ਤੂੰ ਕਿਸੇ ਕੰਮ ਆਇਆ ਸੀ?" ਐਮਨਾ ਨੇ ਪੁੱਛਿਆ।

"ਹਾਂ, ਚਾਚੇ ਖੈਰ ਦੀਨ ਨੂੰ ਮਿਲਣਾ ਸੀ। ਘਰੇ ਈ ਆ ਉਹ?"

"ਹਾਂ ਘਰੇ ਈ ਆ। ਔਹ ਬਰਾਂਡੇ ਵਿਚ ਪਏ ਆ ਅੱਬਾ ਜਾਨ। ਪਰ ਕੀ ਕੰਮ ਪੈ ਗਿਆ? "

"ਚਾਚੇ ਤੋਂ ਤੇਰਾ ਹੱਥ ਮੰਗਣ ਆਇਆਂ।"

"ਸ਼ਾਬਾਸ਼ੇ, ਮੈਂ ਪਿੰਡ ਦੀ ਕੁੜੀ ਆਂ ਤੇ ਉਹ ਵੀ ਮੁਸਲਮਾਨ, ਜੇ ਆਪਾਂ ਇਕੱਠੇ ਹੋ ਗਏ ਤਾਂ ਪਿੰਡ ਦੇ ਲੋਕਾਂ ਨੇ ਆਪਣੇ ਗਲ ਕੱਟ ਕੇ ਚੁਰਸਤੇ 'ਚ ਟੰਗ ਦੇਣੇ ਆ।"



"ਉਹ ਤਾਂ ਫੇਰ ਦੇਖੀ ਜਾਊ, ਹਾਲੇ ਤਾਂ ਮੈਨੂੰ ਲਗਦਾ ਆ ਕਿ ਚਾਚੇ ਨੇ ਈ ਜੁੱਤੀ ਲਾਹ ਲੈਣੀ ਆ।"

"ਜੁੱਤੀ ਵੀ ਨਵੀਂ ਬਣਾਈ ਆ।" ਐਮਨਾ ਹੱਸ ਕੇ ਬੋਲੀ।

ਅਮਨ ਗੱਲਾਂ ਵਿਚ ਇੰਨਾ ਮਗਨ ਹੋ ਗਿਆ ਸੀ ਕਿ ਉਸ ਨੂੰ ਸ਼ਿਰਕ ਲਫਜ਼ ਭੁੱਲ ਗਿਆ। ਉਹ ਚਾਚੇ ਖੈਰ ਦੀਨ ਕੋਲ ਗਿਆ ਤੇ ਕਹਿੰਦਾ, "ਸਲਾਮ ਚਾਚਾ ਜੀ।"

"ਸਲਾਮ ਵਈ ਪੁੱਤਰਾ, ਕੀ ਹਾਲ ਆ?"

"ਚਾਚਾ ਜੀ ਵਧੀਆ। ਇਕ ਗੱਲ ਦਸੋ ਕਿ ਇਹ ਸ਼ਾਰਕ ਕਿਸ ਨੂੰ ਕਹਿੰਦੇ ਆ?"

"ਸ਼ਾਰਕ, ਇਹ ਇਕ ਪੰਛੀ ਹੁੰਦਾ ਆ, ਤੂੰ ਬਥੇਰੇ ਦੇਖੇ ਹੋਣੇ ਉਡਦੇ ਫਿਰਦੇ, ਤੂੰ ਮੈਨੂੰ ਸ਼ਾਰਕਾਂ ਬਾਰੇ ਪੁੱਛਣ ਆਇਆਂ?"

"ਨਹੀਂ ਇਹ ਪੰਛੀ ਨਹੀਂ, ਇਸਲਾਮ ਵਿਚ ਜੋ ਸ਼ਾਰਕ ਹੁੰਦੀ ਆ।"

"ਉਹ ਅੱਛਾ, ਉਹ ਸ਼ਾਰਕ ਨਹੀਂ ਹੁੰਦੀ, ਸ਼ਿਰਕ ਹੁੰਦੀ ਆ।"

ਐਮਨਾ ਹੱਸ ਕੇ ਬੋਲੀ, "ਬੁੱਧੂ।"

"ਅੱਛਾ ਉਹ ਸ਼ਿਰਕ ਕੀ ਹੁੰਦੀ ਆ?"

"ਉਹ ਪੁਤਰਾ ਇਹ ਨਿਯਮ ਹੈ ਕਿ ਤੁਸੀਂ ਕਿਸੇ ਹੋਰ ਰੱਬ ਨੂੰ ਅੱਲਾ ਦਾ ਸ਼ਰੀਕ ਨਹੀਂ ਬਣਾ ਸਕਦੇ। ਮਤਲਬ ਕਿ ਤੁਸੀਂ ਕਿਸੇ ਹੋਰ ਰੱਬ ਦੀ ਇਬਾਦਤ ਨਹੀਂ ਕਰ ਸਕਦੇ।"

"ਲੈ, ਇਹ ਤਾਂ ਤੈਨੂੰ ਮੈਂ ਈ ਦੱਸ ਦੇਣਾ ਸੀ।" ਐਮਨਾ ਬੋਲੀ।

"ਪੁੱਤਰਾ ਇਸਲਾਮ ਵਿਚ ਦੋ ਗੁਨਾਹ ਬਹੁਤ ਵੱਡੇ ਹਨ, ਸ਼ਿਰਕ ਅਤੇ ਕੁਫਰ। ਬੇਟਾ ਐਮਨਾ! ਜਾਹ ਮੁੰਡੇ ਲਈ ਚਾਹ ਬਣਾ ਕੇ ਲਿਆ।"

"ਨਹੀਂ ਚਾਚਾ ਜੀ, ਚਾਹ ਨਹੀਂ ਪੀਣੀ, ਜ਼ਰਾ ਜਲਦੀ ਆ।"

"ਪਰ ਤੈਨੂੰ ਕੀ ਲੋੜ ਪੈ ਗਈ ਸ਼ਿਰਕ ਬਾਰੇ ਜਾਨਣ ਦੀ?"

ਐਮਨਾ ਵਿਚੇ ਹੀ ਬੋਲ ਪਈ, "ਅੱਬਾ ਇਹ ਬਹਿਸ ਕਰਦੇ ਹੋਣੇ ਤੇ ਸ਼ਿਰਕ 'ਤੇ ਆ ਕੇ ਨੁਕਤਾ ਅੜ ਗਿਆ ਹੋਣਾ।"

"ਹੁਣ ਮੈਂ ਚਲਦਾਂ, ਤੁਹਾਨੂੰ ਪੂਰੀ ਕਹਾਣੀ ਫਿਰ ਕਿਸੇ ਵੇਲੇ ਦੱਸੂੰਗਾ।"

"ਚੰਗਾ ਪੁੱਤਰ ਰੱਬ ਰਾਖਾ।"

ਦਰਵਾਜ਼ੇ ਕੋਲ ਜਾ ਕੇ ਐਮਨਾ ਬੋਲੀ, "ਤੂੰ ਮੇਰੇ ਲਈ ਕਾਮੂ ਦਾ ਨਾਵਲ 'ਦਾ ਫਾਲ' ਲਿਆਉਣਾ ਸੀ।"

"ਉਹ ਮੈਂ ਕੱਲ੍ਹ ਪਹੁੰਚਾ ਦਊਂਗਾ।"

"ਠੀਕ ਆ, ਨਾਲੇ ਮੈਂ ਤੈਨੂੰ ਕੁਫਰ ਬਾਰੇ ਦੱਸ ਦੇਵਾਂਗੀ।"

"ਚੰਗਾ ਫਿਰ ਸੀ ਯੂ।"

ਅਮਨ ਉੱਥੋਂ ਤੁਰ ਪਿਆ ਪਰ ਉਸ ਦਾ ਮਨ ਉਡਾਰੀਆਂ ਮਾਰ ਰਿਹਾ ਸੀ।

"ਕੀ ਕਹਿੰਦਾ ਚਾਚਾ ਖੈਰਾ?" ਬਿੱਟੂ ਉਤਸੁਕ ਹੋ ਰਿਹਾ ਸੀ।

"ਓ ਯਾਰ ਇਹ ਗੱਲ ਠੀਕ ਆ ਕਿ ਕਿਸੇ ਮੁਸਲਮਾਨ ਨੂੰ ਇਜਾਜ਼ਤ ਨਹੀਂ ਅੱਲਾ ਤੋਂ ਬਿਨਾਂ ਕਿਸੇ ਹੋਰ ਰੱਬ ਅੱਗੇ ਮੱਥਾ ਟੇਕਣ ਦੀ।"

ਵਾਪਿਸ ਆ ਕੇ ਅਮਨ ਨੇ ਇਹ ਗੱਲ ਸਾਰਿਆਂ ਨੂੰ ਦੱਸੀ ਕਿ ਵਾਕਈ ਇਹ ਗੱਲ ਠੀਕ ਹੈ। "ਤੁਸੀਂ ਇਸ ਨੂੰ ਮੱਥਾ ਟੇਕਣ ਲਈ ਮਜਬੂਰ ਨਹੀਂ ਕਰ ਸਕਦੇ। ਇਹ ਇਸ ਦੇ ਧਰਮ ਦੀ ਉਲੰਘਣਾ ਹੈ।"

"ਬੜੀ ਪਰਾਬਲਮ ਬਣੀ ਆ। ਅਸੀਂ ਤਾਂ ਸ਼ਾਂਤਮਈ ਢੰਗ ਲੱਭਿਆ ਸੀ।"

ਅਕਾਲੀ ਤੇਜ਼ ਹੋ ਰਿਹਾ ਸੀ, "ਚਲੋ ਗੋਲੀ ਮਾਰੋ ਸ਼ਾਂਤੀ ਦੇ। ਚਾਰ ਛਿੱਤਰ ਮਾਰੋ ਇਹਦੇ ਤੇ ਇਹਨੂੰ ਤੋਰੋ ਇੱਥੋਂ।"

ਕਾਫੀ ਰੌਲਾ ਰੱਪਾ ਜਿਹਾ ਪੈਣ ਲੱਗ ਪਿਆ। ਸਭ ਲੋਕ ਆਪਣੀ ਆਪਣੀ ਰਾਏ ਦੇ ਰਹੇ ਸਨ। ਘੁੱਡੇ ਸ਼ਰਾਬੀ ਨੇ ਜੁੱਤੀ ਲਾਹ ਕੇ ਹੱਥ ਵਿਚ ਫੜੀ ਹੋਈ ਸੀ। ਉਹ ਬੋਲਿਆ, "ਇਸ ਸੇਵਾ ਦਾ ਮੌਕਾ ਮੈਨੂੰ ਦਿਓ।"

ਇੰਨੇ ਚਿਰ ਵਿਚ ਗੁਰਦੁਆਰੇ ਦਾ ਭਾਈ ਆ ਗਿਆ। ਉਸ ਦੇ ਨਾਲ ਤਾਇਆ ਜਗਤ ਸਿੰਘ ਵੀ ਸੀ। ਗੁਰਦੁਆਰੇ ਦੇ ਗ੍ਰੰਥੀ ਨੂੰ ਸਾਰਾ ਪਿੰਡ ਭਾਈ ਕਹਿੰਦਾ ਸੀ।

"ਕਿਉਂ ਵਈ ਕੀ ਹੋ ਰਿਹਾ?" ਭਾਈ ਨੇ ਪੁੱਛਿਆ।

"ਚੰਗਾ ਹੋਇਆ ਤੁਸੀਂ ਵੇਲੇ ਸਿਰ ਆ ਗਏ ਭਾਈ ਜੀ। ਐਸ ਬੰਦੇ ਨੇ ਗੁਰਦੁਆਰੇ ਦੇ ਉੱਤੇ ਚੜ੍ਹ ਕੇ ਨਮਾਜ਼ ਪੜ੍ਹੀ ਆ ਤੇ ਅਸੀਂ ਇਸ ਨੂੰ ਕਿਹਾ ਪਈ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਮੱਥਾ ਟੇਕ ਕੇ ਮਾਫੀ ਮੰਗ, ਪਰ ਇਹ ਮੰਨਦਾ ਨਹੀਂ। ਕਹਿੰਦਾ ਇਸਲਾਮ ਵਿਚ ਇਹ ਮਨ੍ਹਾ ਹੈ।" ਅਕਾਲੀ ਨੇ ਭਾਈ ਨੂੰ ਕਹਾਣੀ ਦੱਸੀ।

ਭਾਈ ਨੇ ਸਾਰੀ ਗੱਲ ਸੁਣੀ ਅਤੇ ਸ਼ਾਂਤੀ ਨਾਲ ਬੋਲਿਆ, "ਦੇਖੋ ਮੁੰਡਿਓ, ਇਹਨਾਂ ਦੇ ਆਪਣੇ ਅਸੂਲ ਹਨ ਤੇ ਸਾਡੇ ਆਪਣੇ। ਇੱਥੇ ਬਦਲੇਬਾਜ਼ੀ ਨਹੀਂ ਚੱਲਦੀ। ਇਹ ਬਾਬੇ ਨਾਨਕ ਦਾ ਦਰਬਾਰ ਹੈ। ਇੱਥੇ ਹਰ ਬੰਦਾ ਆ ਸਕਦਾ। ਹਰ ਧਰਮ ਦਾ ਅਤੇ ਹਰ ਜਾਤ ਦਾ। ਇੱਥੇ ਆ ਕੇ ਕੋਈ ਅੱਲਾ ਅੱਲਾ ਬੋਲ ਸਕਦਾ, ਰਾਮ ਰਾਮ ਬੋਲ ਸਕਦਾ ਜਾਂ ਫਿਰ ਵਾਹਿਗੁਰੂ ਨੂੰ ਯਾਦ ਕਰ ਸਕਦਾ। ਕੋਈ ਫਰਕ ਨਹੀਂ ਪੈਂਦਾ। ਸਾਡਾ ਰੱਬ ਬੇਪਰਵਾਹ, ਨਿਰਭਉ ਅਤੇ ਨਿਰਵੈਰ ਹੈ। ਉਸ ਦਾ ਕੋਈ ਸ਼ਰੀਕ ਨਹੀਂ ਹੋ ਸਕਦਾ ਕਿਉਂਕਿ ਉਹ ਸਰਵ ਸ਼ਕਤੀਮਾਨ ਹੈ।"

"ਹੈਂ?" ਅਕਾਲੀ ਹੈਰਾਨ ਸੀ ਜਿਵੇਂ ਗੁਰੂ ਨਾਨਕ ਦਾ ਫਲਸਫਾ ਪਹਿਲੀ ਵਾਰ ਸੁਣ ਰਿਹਾ ਹੋਵੇ।

ਭਾਈ ਨੇ ਕਿਹਾ, "ਇਹਨੂੰ ਰੋਟੀ ਪਾਣੀ ਦਿਓ ਅਤੇ ਸੌਣ ਲਈ ਮੰਜਾ ਦਿਓ।"

ਲੋਕਾਂ ਵਿਚ ਚੁੱਪ ਛਾ ਗਈ। ਫਿਰ ਘੁਸਰ ਮੁਸਰ ਜਹੀ ਸ਼ੁਰੂ ਹੋਈ।

ਕਬੱਡੀ ਵਾਲਾ ਦੇਬੀ ਬੋਲਿਆ, "ਯਾਰ ਬਾਬੇ ਨਾਨਕ ਦਾ ਰੱਬ ਤਾਂ ਬੜਾ ਘੈਂਟ ਆ।"

"ਜੇ ਸਾਡਾ ਰੱਬ ਇੰਨਾ ਈ ਘੈਂਟ ਆ ਤਾਂ ਉਹ ਸ਼ਾਮ ਨੂੰ ਘੁੱਟ ਕੁ ਲਾਉਂਦਾ ਵੀ ਹੋਣਾ ਆ।" ਘੁੱਡਾ ਸ਼ਰਾਬੀ ਬੋਲਿਆ।

ਤਾਏ ਜਗਤ ਸਿੰਘ ਨੇ ਘੁੱਡੇ ਨੂੰ ਦਬਕਾ ਮਾਰਿਆ, "ਚੁੱਪ ਉਏ ਸਾਲਿਆ, ਗੁਰਦੁਆਰੇ ਆ ਕੇ ਸ਼ਰਾਬ ਖੇੜਦਾਂ, ਜੁੱਤੀਆਂ ਤਾਂ ਤੇਰੇ ਪੈਣੀਆਂ ਚਾਹੀਦੀਆਂ।"

ਭਾਈ ਨੇ ਉਸ ਬੰਦੇ ਨੂੰ ਜ਼ਮੀਨ ਤੋਂ ਉਠਾਇਆ ਅਤੇ ਮੰਜੇ ਉੱਤੇ ਬਹਿਣ ਲਈ ਕਿਹਾ, "ਐਥੇ ਮੰਜੇ 'ਤੇ ਬੈਠ, ਮੈਂ ਬਿਸਤਰਾ ਲੈ ਕੇ ਆਉਨਾ। ਰੋਟੀ ਪਾਣੀ ਛਕੇਂਗਾ?"

"ਨਹੀਂ ਜੀ, ਮੈਂ ਰੋਟੀ ਖਾ ਚੁੱਕਾਂ।"

"ਚਲ ਠੀਕ ਆ, ਮੈਂ ਗਰਮ ਦੁੱਧ ਅਤੇ ਪਿੰਨੀ ਲਿਆਉਨਾਂ।"

ਭਾਈ ਨੇ ਬਿਸਤਰਾ ਲਿਆ ਕੇ ਮੰਜੇ ਉੱਤੇ ਵਿਛਾ ਦਿੱਤਾ। ਇੰਨੇ ਚਿਰ ਨੂੰ ਕੋਈ ਬੰਦਾ ਗਰਮ ਦੁੱਧ ਅਤੇ ਪਿੰਨੀ ਲੈ ਕੇ ਆ ਗਿਆ।

ਉਹ ਅਜਨਬੀ ਬੰਦਾ ਦੁੱਧ ਪੀ ਰਿਹਾ ਸੀ ਅਤੇ ਪਿੰਨੀਆਂ ਖਾ ਰਿਹਾ ਸੀ, ਪਰ ਉਸ ਦੀਆਂ ਅੱਖਾਂ ਡਰੇ ਹੋਏ ਜਾਨਵਰ ਵਾਂਗ ਅਜੇ ਵੀ ਡੌਰ ਭੌਰ ਸਨ। 000

***(670 Woolwich St. Guelph, Ontario N1H 3Z1 CANADA)***



# ਮੁਲਕ ਦੀ ਸਿਆਸੀ ਹਾਲਤ: ਸੁਰਜੀਤ ਹਾਂਸ

ਇਹ ਲੇਖ ਤਾਂ ਪਾਠਕਾਂ ਨੂੰ ਚੇਤਾਵਨੀ ਹੈ ਕਿ ਜੇ ਕੱਲ੍ਹ ਨੂੰ ਭਾਰਤੀ ਜਨਤਾ ਪਾਰਟੀ (ਗੁੱਝੀ ਰਾਸ਼ਟਰੀ ਸੇਵਕ ਸੰਘ) ਰਾਸ਼ਟਰੀ ਚੋਣ ਨਾ ਵੀ ਜਿੱਤ ਸਕੇ ਪਰ ਸਨ 1924 ਦੀ ਚੋਣ 'ਚ ਰ.ਸ.ਸ. ਦੀ ਜਿੱਤ ਹੋਈ ਹੈ। ਪ੍ਰਤੀ ਦਿਨ ਬਹੁਤਾ ਸਪਸ਼ਟ ਕਾਰਵਿਹਾਰ ਨਜ਼ਰ ਨਹੀਂ ਆਉਂਦਾ ਹੁੰਦਾ। ਭਾਜਪਾ ਦੇਸ਼ ਦੇ ਸੰਸਥਾਈ ਪਤਨ ਦੀ ਵਾਰਿਸ ਹੈ ਜਿਸ ਨੇ ਇਹਨੂੰ ਹੋਰ ਵੀ ਗਹਿਰਾ ਕੀਤਾ ਹੈ, ਜੋ ਦੇਣ ਤਾਂ ਕਾਂਗਰਸ ਦੀ ਸੀ।

ਸੰਵਿਧਾਨਕ ਅਸਾਮੀਆਂ ਲੈ ਲਉ। ਕਦੇ ਦੇਸ਼ ਦਾ ਪ੍ਰਧਾਨ ਉੱਚ ਰਾਸ਼ਟਰਵਾਦੀ ਰਾਜਿੰਦਰ ਪ੍ਰਸ਼ਾਦ ਜਾਂ ਉੱਤਮ ਵਿਦਵਾਨ ਰਾਧਾ ਕ੍ਰਿਸ਼ਨਨ ਹੁੰਦਾ ਸੀ। ਕੋਈ ਦਿਨ ਪਾ ਕੇ ਇਹਦੇ 'ਚ ਰਹਿਣ ਵਾਲਾ ਵਿਅਕਤੀ ਭੂਤਾਂ ਪ੍ਰੇਤਾਂ ਜਾਂ ਰੂਹਾਂ ਨਾਲ ਮੇਲ ਮਿਲਾਪ ਕਰਨ ਵਾਲਾ ਹੋ ਗਿਆ, ਜਿਸ ਦੇ ਪਤੀ ਨੇ ਪ੍ਰਧਾਨ ਮੰਤਰੀ ਨੂੰ ਉਹਦੇ ਕੋਲੋਂ ਉਠਾ ਦਿੱਤਾ, ਜਿਸ ਲਈ ਕਿਸੇ ਭੂਤ ਪ੍ਰੇਤ ਬੁਲਾਉਣ ਦੀ ਲੋੜ ਨਹੀਂ ਸੀ।

ਇਹ ਵੀ ਹੋਇਆ ਕਿ ਸੁਪਰੀਮ ਕੋਰਟ ਵਿਚ, ਬਾਹਰ ਨਹੀਂ, ਕੋਈ ਵਕੀਲ ਐਲਾਨੀਆ ਕਹਿੰਦਾ ਕਿ ਪਿਛਲੇ 12 ਚੀਫ਼ ਜਸਟਿਸਾਂ 'ਚ 6 ਭ੍ਰਿਸ਼ਟ ਸੀ, ਤਿੰਨ ਦਾ ਕੁਝ ਪਤਾ ਨਹੀਂ, ਪਾਠਕ ਨਯਾਯ ਪ੍ਰਣਾਲੀ ਦੀ ਕੁਸ਼ਲਤਾ ਦਾ ਆਪ ਹੀ ਅਨੁਮਾਨ ਲਾ ਸਕਦਾ ਹੈ। ਉਪਰੋਕਤ ਦਾ ਸਮਾਜਕ ਤੱਥ ਨਾਲ ਵੀ ਸੰਬੰਧ ਹੈ, ਜੋ ਸਾਡੇ 'ਚ ਹਰੇਕ 'ਅਪਣੇ' ਦੇ ਖ਼ਿਲਾਫ਼ ਸੱਚੀ ਗਵਾਹੀ ਦੇਣ ਨੂੰ ਗ਼ਲਤ ਸਮਝਦਾ ਹੈ। ਗੁਰਦੁਆਰਾ ਸੁਧਾਰ ਲਹਿਰ ਸਮੇਂ ਕਿਸੇ ਉਤਸ਼ਾਹੀ ਦੀ 'ਅਕਾਲੀ' ਅਖ਼ਬਾਰ 'ਚ ਚਿੱਠੀ ਛਪੀ - 'ਕਿਉਂ ਜੀ ਕਚਹਿਰੀ ਵਿਚ ਵੀ ਸੱਚ ਬੋਲਣਾ ਹੈ?'

ਚੋਣ ਕਮਿਸ਼ਨ ਦੀ ਨਿਰਪੱਖਤਾ 'ਤੇ ਸਿਆਸੀ ਆਸ ਲਾਉਣੀ ਥੋੜ੍ਹੀ ਜਨਤਕ ਹਾਮੀ ਨੂੰ ਹੋਰ ਵੀ ਹਲਕਾ ਕਰਨਾ ਹੁੰਦਾ ਹੈ। ਕੋਈ ਸੇਸ਼ਨ ਹੁੰਦਾ ਸੀ ਜਿਸ ਨੇ ਪੰਜਾਬ ਦੇ ਗਵਰਨਰ ਵੱਲੋਂ ਅੱਤਵਾਦ ਦੇ ਟਾਕਰੇ ਲਈ ਅਸੰਬਲੀ ਦੀ ਚੋਣ ਰੱਖੀ ਸੀ, ਜੋ 16 ਘੰਟੇ ਪਹਿਲਾਂ ਮੁਲਤਵੀ ਹੋ ਗਈ ਸੀ।

ਨਰਸਿਮ੍ਹਾ ਰਾਓ ਕਾਂਗਰਸੀ ਪ੍ਰਧਾਨ ਮੰਤਰੀ ਲੋਕ ਸਭਾ ਵਿਚ ਬੇ-ਭਰੋਸੇ ਦਾ ਮੁਕਾਬਲਾ ਕਰ ਰਿਹਾ ਸੀ ਜੋ ਸ਼ਿਬੂ ਸੋਰਨ ਨੂੰ ਲੱਖ ਜਾਂ ਕਰੋੜ ਰੁਪਿਆ ਦੇ ਕੇ ਆਪਣੇ ਹੱਕ 'ਚ ਵੋਟ ਪੁਆ ਲਈ, ਜੋ ਬੇ-ਭਰੋਸੇ ਦਾ ਮਤਾ ਇਕ ਵੋਟ 'ਤੇ ਫੇਲ੍ਹ ਹੋ ਗਿਆ। ਕਿਸੇ ਨੇ ਉਜ਼ਰ ਨਾ ਕੀਤਾ ਜੋ ਪਾਰਲੀਮੈਂਟ ਦੀ ਸਹਿਮਤੀ ਬਿਨਾਂ ਰਾਜ ਕਰਨਾ ਦੇਸ਼-ਧ੍ਰੋਹ ਹੈ। ਅੱਜ ਮੋਦੀ ਜੇ ਤ੍ਰਿਣਮੂਲ ਕਾਂਗਰਸ ਦੇ 28 ਜੇਤੂ ਮੈਂਬਰ 'ਆਪਣੇ' ਹੋਣ ਦਾ ਦਾਅਵਾ ਕਰਦਾ ਹੈ ਤਾਂ ਇਹ ਇਕ ਤਰ੍ਹਾਂ ਚੋਣ ਹੋਣ ਤੋਂ ਪਹਿਲਾਂ ਹੀ ਇਹਨੂੰ ਜਿੱਤਣ ਦਾ ਐਲਾਨ ਹੈ। ਅਣਹੋਣੀ 'ਤੇ ਕਾਮਯਾਬੀ ਦੀ ਕਰਾਮਾਤ ਕਿਸੇ ਧਰਮੀ ਦੇਸ਼ 'ਚ ਹੀ ਵਰਤ ਸਕਦੀ ਹੈ।

ਹਰਿਆਣਾ ਪ੍ਰਾਂਤ ਦੀ ਪ੍ਰਾਪਤੀ ਹੈ ਕਿ ਇੱਥੇ 'ਆਇਆ ਰਾਮ, ਗਿਆ ਰਾਮ' ਦੀ ਰਾਜਨੀਤਕ ਕਾਢ ਨਿਕਲੀ ਸੀ ਜੋ ਅਸੈਂਬਲੀ ਦੇ ਕੁਲ ਮੈਂਬਰ 'ਮਾਇਆ' ਹੋ ਗਏ ਸੀ ਜੋ ਕਦੇ, ਸੱਪ ਵਾਂਗੂੰ ਰੱਸੀ ਜਾਂ ਰੱਸੀ ਵਾਂਗੂੰ ਸੱਪ, ਸਰਕਾਰ ਦੇ ਹਮਾਇਤੀ ਵਿਰੋਧੀ ਨਜ਼ਰ ਆਉਂਦੇ ਸੀ, ਜਾਂ ਵਿਰੋਧੀ ਹਮਾਇਤੀ ਹੁੰਦੇ ਸੀ। ਆਇਆ ਰਾਮ ਗਿਆ ਰਾਮ ਦੀ ਮੁਕਲਤਾ (liberty) ਨੂੰ ਧੱਕਾ ਲੱਗਿਆ ਜੋ 1985 'ਚ ਸੰਵਿਧਾਨਕ ਸੰਸ਼ੋਧਨ ਰਾਹੀਂ ਵਿਅਕਤੀ ਦੀ ਥਾਉਂ ਚੁਣੇ ਮੈਂਬਰਾਂ ਦਾ 1/3 ਹਿੱਸਾ ਹੀ ਅਜਿਹਾ ਕਰ ਸਕਦਾ ਸੀ। ਦੇਸ਼ ਵਾਸੀਆਂ ਅਤੇ ਨੀਤਿਮਾਨਾਂ (expert ) ਨੇ ਢੀਠਾਂ ਵਾਂਗੂ ਸਮਝਿਆ ਨਾ,' ਜੋ ਪ੍ਰਤਿਨਿਧਾਂ ਦਾ ਕਾਰਜ ਪ੍ਰਤਿਨਿਧਤਾ ਦੀ ਥਾਉਂ ਹੋਰ ਕੋਈ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਜੋ

ਸਿਆਸਤ ਸ਼ੀਘਰ ਅਮੀਰ ਹੋਣ ਦਾ ਧੰਦਾ ਹੈ।

ਕੋਈ ਗੁੱਸੇ-ਖੋਰਾ ਕਹਿੰਦਾ ਮੈਂ ਤਾਂ ਮਾਲਕਾਂ ਦਾ ਭੱਠਾ ਬਿਠਾ ਦੇਊਂਗਾ! ਨਾਲ ਦੇ ਨੇ ਆਦਰ ਨਾਲ ਸਮਝਾਇਆ, ਨਾ ਉਏ ਭਰਾਵਾ, ਇਹ ਕੰਮ ਇਕੱਲੇ ਦੇ ਕਰਨ ਦਾ ਨਹੀਂ, ਜੋ ਰਲ ਮਿਲ ਕੇ ਬਿਠਾ ਹੁੰਦੈ। ਕਿਸੇ ਲੁਕਵੇਂ ਸਾਂਝੇ ਕਾਰਨ ਨੇ ਮੁਲਕ ਵਿਚ ਹਰ ਪਾਸੇ ਸੰਸਥਾਈ ਨਿਘਾਰ ਕਰਵਾਇਆ ਹੈ। ਸੰਨ 1920 ਵਿਚ ਪੰਜਾਬ ਅਸੈਂਬਲੀ ਦੀਆਂ ਚੋਣਾਂ ਹੋਣੀਆਂ ਸਨ। ਲੋਕਾਂ ਦੇ ਇਕੱਠ ਨੇ ਪਾਰਟੀਆਂ ਦੇ ਆਧਾਰ 'ਤੇ ਵੋਟਾਂ ਪਾਉਣੀਆਂ ਠੀਕ ਨਾ ਸਮਝਦਿਆਂ ਕਿਹਾ (1) ਪਾਰਟੀਆਂ ਅਨੁਸਾਰ ਵੋਟ ਇਲਾਕੇ ਵਿਚ ਖ਼ਾਹਮਖ਼ਾਹ ਦੀ ਵੰਡ ਪਾਊਗੀ (2) ਕਿਸੇ ਨੂੰ ਸਰਬ-ਸੰਮਤੀ ਨਾਲ ਇਲਾਕੇ ਦਾ ਪ੍ਰਤੀਨਿਧ ਬਣਨ ਨੂੰ ਕਹੋ ਤਾਂ ਰੀਟਾਇਰਡ ਸੂਬੇਦਾਰ ਦਾ ਨਾਂਉਂ ਮਨਜ਼ੂਰ ਹੁੰਦਾ ਲੱਗਿਆ। ਸੂਬੇਦਾਰ ਨੂੰ ਬੇਨਤੀ ਸੀ ਕਿ ਮੈਂਬਰੀ ਉਹਦੇ 'ਲਾਇਕ' ਨਹੀਂ, ਅਰਥਾਤ ਉਹਦੇ ਲਈ ਬਹੁਤ ਛੋਟੀ ਚੀਜ਼ ਹੈ। ਕੀ ਪਤਾ ਸੀ ਕਿ ਅੱਜ ਜਰਨੈਲ ਮੈਂਬਰੀ ਲਈ ਇਕ ਪਾਰਟੀ ਤੋਂ ਦੂਸਰੀ ਤਾਈਂ, ਇਕ ਇਲਾਕੇ ਤੋਂ ਦੂਸਰੇ ਇਲਾਕੇ 'ਚ ਟੱਕਰਾਂ ਮਾਰਨਗੇ।

ਕੁਝ ਦਹਾਕੇ ਪਹਿਲਾਂ ਦੱਖਣੀ ਅਮਰੀਕਾ ਮਹਾਂਦੀਪ ਦੇ ਦੇਸ਼ਾਂ 'ਚ ਫਾਸ਼ੀ (ਡਿਕਟੇਟਰੀ) ਰਾਜ ਸੀ। ਤਾਂ ਜਰਨੈਲਾਂ ਦੇ ਉਪ ਨਾਂ ਵਿਸਕੀ ਦੇ ਬਰਾਂਡ ਵਾਲੇ ਹੋ ਗਏ, ਜਿਹੜੇ ਉਹਨਾਂ ਵੇਚਣ ਦਾ ਕੰਮ ਫੜਿਆ ਸੀ, ਜਿਵੇਂ ਜਨਰਲ ਬੈਲਨਟਾਈਨ, ਜਨਰਲ ਹੇਗ। ਸਾਡੇ ਦੇਸ ਨੇ ਆਪਣੀ ਚੜ੍ਹਤ ਵਿਖਾਈ, ਜੋ ਲੋਕ-ਤੰਤਰ ਵਿਚ ਹੀ ਜਰਨੈਲ ਕੈਨਟੀਨਾਂ ਦੀ ਰੰਮ ਵੇਚਣ ਲੱਗ ਪਏ, ਪਰ ਜਰਨੈਲਾਂ ਨੂੰ ਸਜ਼ਾ-ਵਾਰ ਕਰਕੇ ਦੱਖਣੀ ਅਮਰੀਕਾ ਤੋਂ ਕਿਤੇ ਪਿੱਛੇ ਰਹਿ ਗਿਆ।

ਇਕ ਵਾਰ ਸੰਤ ਫ਼ਤਿਹ ਸਿੰਘ ਪੰਜਾਬ ਦੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਕੋਲ ਕਿਸੇ ਦੀ ਵਾਈਸ-ਚਾਂਸਲਰੀ ਲਈ ਸਿਫਾਰਸ਼ ਕਰਨ ਗਿਆ ਤਾਂ ਉਮੀਦਵਾਰ ਦਸ ਜਮਾਤਾਂ ਪਾਸ ਨਿਕਲਿਆ। ਜਸਟਿਸ ਗੁਰਨਾਮ ਸਿੰਘ ਦਾ ਕਹਿਣਾ ਸੀ, 'ਸੰਤ ਜੀ ਵਾਈਸ ਚਾਂਸਲਰ ਘੱਟੋ-ਘੱਟ ਐੱਮ.ਏ. ਪਾਸ ਹੋਣਾ ਚਾਹੀਦਾ ਹੈ।' ਸੰਤ ਜੀ ਕਹਿੰਦੇ, 'ਕੋਈ ਗੱਲ ਨਹੀਂ, ਇਹਦਾ ਬਾਬੂ ਪੜ੍ਹਿਆ ਲਿਖਿਆ ਬੰਦਾ ਲਾ ਦਿਉ।' ਮੇਰਾ ਕਈ ਵਾਈਸ-ਚਾਂਸਲਰਾਂ ਦਾ ਨਜ਼ਦੀਕੀ ਅਨੁਭਵ ਹੈ, ਜਿਹਨਾਂ ਦੇ ਬਾਬੂ ਵਾਕਈ ਪੜ੍ਹੇ ਲਿਖੇ ਸੀ।

ਕਿਸੇ ਵੇਲੇ ਅਕੈਡਮੀਆਂ, ਟੀਚਿੰਗ ਸ਼ਾਪਸ (teaching shops ) ਕਰਨ ਵਾਲਾ ਲੈਕਚਰਰ ਯੂਨੀਵਰਸਿਟੀ ਦੇ ਇਮਤਿਹਾਨਾਂ 'ਚ ਪਰੀਖਿਆਕਾਰ (examiner ) ਨਹੀਂ ਹੋ ਸਕਦਾ ਸੀ। ਇਹ ਸ਼ਰਤ ਅਜੇ ਵੀ ਵਿਸ਼ਵ-ਵਿਦਿਆਲਿਆਂ ਦੇ ਕਲੰਡਰਾਂ (ਕਾਨੂੰਨੀ ਕਿਤਾਬਾਂ) 'ਚ ਮੌਜੂਦ ਹੈ, ਪਰ ਅੱਜ ਇਲਮ-ਫ਼ਰੋਸ਼ ਅਕੈਡਮੀਆਂ ਯੂਨੀਵਰਸਿਟੀਆਂ ਬਣ ਗਈਆਂ, ਜੋ ਪਹਿਲੀਆਂ ਸਥਾਪਤ ਯੂਨੀਵਰਸਿਟੀਆਂ ਦੀ ਕੋਈ ਸ਼ੋਭਾ ਨਹੀਂ ਸੁਣੀਦੀ। ਏਸ ਕਰਾਮਾਤ ਦਾ ਵੀ ਕੋਈ ਸੰਸਥਾਈ ਕਾਰਨ ਹੋਣਾ ਹੈ, ਬਹੁਤ ਦੂਰ ਦੀ ਗੱਲ ਨਹੀਂ। ਪਟਿਆਲਾ ਕਾਲਿਜ ਵਿਚ ਲੈਕਚਰਾਰ ਹੁੰਦਾ ਜਿਹੜਾ ਕਦੇ ਕਲਾਸ ਨਹੀਂ ਲੈਂਦਾ ਸੀ। ਕਈ ਮਹੀਨਿਆਂ ਮਗਰੋਂ ਪ੍ਰਿੰਸੀਪਲ ਨੂੰ ਖ਼ਬਰ ਹੋਈ। ਉਹਨੇ ਲੈਕਚਰਰ ਨੂੰ ਬੁਲਾ ਕੇ ਪੁੱਛ ਪੜਤਾਲ ਕੀਤੀ। ਲੈਕਚਰਰ ਦਾ ਮਾਅਕੂਲ (ਠੀਕ, ਅਕਲ) ਵਾਲਾ ਜਵਾਬ ਸੀ ਕਿ ਮੈਂ ਕਲਾਸ ਤਾਂ ਲੈ ਲਿਆ ਕਰੂੰਗਾ, ਫੇਰ ਮੈਂ ਨਤੀਜੇ ਦਾ ਜ਼ਿੰਮੇਵਾਰ ਨਹੀਂ ਹੋਣਾ।

ਮੇਰਾ ਯੂਨੀਵਰਸਿਟੀ ਇਮਤਿਹਾਨਾਂ ਦਾ ਤਜਰਬਾ ਹੈ। ਇਮਤਿਹਾਨੀ ਟੀਮ ਕਾਲਿਜ ਪਹੁੰਚੀ ਤਾਂ ਇਮਤਿਹਾਨੀ ਹਾਲ ਦੇ ਬਾਹਰ ਖੜ੍ਹੇ ਚਪੜਾਸੀ ਨੇ ਬੰਦੂਕ ਦਾ ਫ਼ਾਇਰ ਕੀਤਾ। ਅਸੀਂ ਗੱਲ ਨਾ ਸਮਝੀ। ਅਗਲੀ ਵਾਰ ਗਏ ਤਾਂ ਉਂਝੇ ਫਾਇਰ ਹੋਇਆ, ਨਾਲੇ ਟੀਮ ਇਹਦਾ ਕਾਰਜ ਸਮਝ ਗਈ ਜੋ ਇਮਤਿਹਾਨੀ ਉਮੀਦਵਾਰਾਂ ਨੂੰ ਤੰਬੀਹ ਸੀ ਕਿ ਆਪਣੀਆਂ ਨਕਲ ਦੀਆਂ ਪਰਚੀਆਂ ਲੁਕਵੇਂ ਥਾਈਂ ਏਧਰ ਓਧਰ ਕਰ ਦਿਓ ਜੋ ਇਮਤਿਹਾਨੀ ਟੀਮ ਛਾਪਾ ਮਾਰਨ ਲੱਗੀ ਹੈ। ਟੀਮ ਨੇ ਚਪੜਾਸੀ ਨੂੰ ਕਿਹਾ ਜੋ ਸਾਡੇ ਆਉਣ 'ਤੇ ਬੰਦੂਕ ਨਹੀਂ ਚਲਾਉਣੀ। ਉਹਦਾ ਜਵਾਬ ਸੀ ਕਿ ਇਹ



ਤਾਂ ਤੁਹਾਡੀ ਇਜ਼ਤ ਵਿਚ ਫਾਇਰ ਹੁੰਦਾ, ਜੋ ਸਾਨੂੰ ਤੁਹਾਡੀ ਇਜ਼ਤ ਕਰਨ ਤੋਂ ਕੌਣ ਰੋਕ ਸਕਦਾ ਹੈ? ਪਿੱਛੇ ਜਿਹੇ ਖਬਰ ਪੜ੍ਹੀ, ਏਸ ਘਟਨਾ ਤੋਂ ਕੋਈ ਤੀਹ ਸਾਲ ਬਾਅਦ ਯੂਨੀਵਰਸਿਟੀ ਨੇ ਕਾਲਿਜ ਨੂੰ ਆਪਣੇ ਤੋਂ ਇਲੈਹਦਾ ਕਰ ਲਿਆ ਹੈ, ਡਿਸ-ਅਫਿਲੀਏਟ (dis-affiliate) ।

ਅੱਜ ਹਿੰਦੋਸਤਾਨ 'ਚ ਕਿਤੇ ਵੀ ਕੋਈ ਇਮਤਿਹਾਨ ਨਕਲ ਤੋਂ ਬਿਨਾਂ ਨਹੀਂ ਹੋ ਸਕਦਾ।

ਦੇਸ਼ ਵਿਚ ਭ੍ਰਿਸ਼ਟਾਚਾਰ ਦੀ ਮਾਤਰਾ ਜਾਂ ਪਸਾਰ ਦਾ ਕੋਈ ਅੰਦਾਜ਼ਾ ਨਹੀਂ। ਇਹਦੇ ਮਰਨੀਯ (ਮੁਹਲਕ) ਅਸਰ ਦਾ ਖਾਬ-ਉ ਖ਼ਿਆਲ ਨਹੀਂ ਜਿਹੜਾ ਪ੍ਰਸ਼ਾਸਨ ਨੂੰ ਵਰਮੀ (ਵਲਮੀ, ਸਿਓਂਕ ਦਾ ਘਰ) ਬਣਾ ਦਿੰਦਾ ਹੈ, ਜਿਸ ਦਾ ਆਕਾਰ ਤਾਂ ਦਿਸਦਾ ਰਹਿੰਦਾ ਹੈ ਪਰ ਬਣਤਰ ਖ਼ਤਮ ਹੋ ਜਾਂਦੀ ਹੈ, ਜੋ ਮਾਮੂਲੀ ਠੋਕਰ ਨਾਲ ਡਿੱਗ ਪੈਂਦੀ ਹੈ। ਕਿਸੇ ਨੇ ਫੌਜ ਦੇ ਅਫ਼ਸਰਾਂ ਅਤੇ ਸਿਪਾਹੀਆਂ ਦੇ ਮੁਠਭੇੜ ਦੀ ਨਹੀਂ ਸੁਣੀ ਹੋਣੀ ਜਿਸ ਦੀ ਮੁੱਢਲੀ ਅਤੇ ਆਖ਼ਰੀ ਸਿਖਿਆ ਆਗਿਯਾ-ਪਾਲਣ ਦੀ ਹੈ। ਕਿਸੇ ਪੁਲਿਸ ਅਫਸਰ ਦਾ ਕਥਨ ਸੀ ਕਿ ਸਿਪਾਹੀ ਤੋਂ ਪਿਆਰ ਨਾਲ ਭਾਵੇਂ ਕੰਮ ਲੈ ਲਉ, ਹੁਕਮ ਨਾਲ ਨਹੀਂ। ਇਹ ਡਿਪਟੀ ਕਮਿਸ਼ਨਰ ਨੂੰ ਕਹਿੰਦਾ, ਕਿਉਂ ਓਏ 'ਫਲਾਨਿਆਂ', ਪਬਲਿਕ ਸਰਵਿਸ ਕਮਿਸ਼ਨ ਦਾ ਮੈਂਬਰ ਬਣਨ ਲਈ ਕਿੰਨੇ ਪੈਸੇ ਦਿੱਤੇ? ਉਸ ਦੀ ਸਿਆਣਪ ਵੇਖੋ ਜੋ ਕਹਿੰਦਾ, 'ਜੀ ਕਿਤੇ ਗਿਣੇ ਜਾਂਦੇ ਹਨ?' ਜੋ ਦੱਸ ਕੇ ਵੀ ਦੱਸਿਆ ਨਹੀਂ।

ਪਿੱਛੇ ਜਿਹੇ ਨਾਇਬ ਤਹਿਸੀਲਦਾਰਾਂ ਸਰਕਾਰ ਨੂੰ ਕਿਹਾ ਸੀ ਕਿ ਸਾਡੀ ਤਰੱਕੀ ਨਾ ਕਰੋ!

ਦੂਸਰੇ ਭ੍ਰਿਸ਼ਟਾਚਾਰ ਦਾ ਅਦਕਸ਼ਤਾ (inefficiency ) ਨਾਲ ਸੰਬੰਧ ਅਣਗੌਲਿਆ ਹੀ ਰਿਹਾ ਹੈ। ਪਿੱਛੇ ਜਿਹੇ ਮਾਲ ਮਹਿਕਮੇ 'ਚ ਦੋ ਦੋ ਪਟਵਾਰੀ ਹੁੰਦੇ ਸੀ। ਇਕ ਤਨਖ਼ਾਹ, ਰਿਸ਼ਵਤ ਲੈਣ ਵਾਲਾ, ਦੂਸਰਾ ਪੁਰਾਣਾ ਸੇਵਾ ਮੁਕਤ ਜਿਹੜਾ ਪੁਰਾਣੇ ਰਿਕਾਰਡ ਉਠਾ ਸਕਦਾ, ਪਟਵਾਰ ਦਾ ਕੰਮ ਕਰਦਾ ਸੀ। ਉਂਨੀ ਸੌ ਸੱਠਾਂ ਵਿਚ ਗੁਨਾਰ ਮਿਰਡਲ, ਸਵੀਡਨ ਦੇ ਪ੍ਰਧਾਨ ਮੰਤਰੀ ਨੇ ਦੱਖਣ-ਉੱਤਰ ਏਸ਼ੀਆ ਦੇ ਮੁਲਕਾਂ ਦੀ ਆਰਥਿਕਤਾ ਬਾਰੇ ਲਿਖਦਿਆਂ ਸਾਡੇ ਦੇਸ਼ ਬਾਰੇ ਕਿਹਾ ਸੀ ਕਿ ਇੱਥੋਂ ਦੀ 'ਨਰਮ ਰਿਆਸਤ' ਹੈ ਜੋ ਲੀਡਰ ਭਾਵੇਂ ਜਾਣਦੇ ਹਨ ਕਿ ਕਿਹੜੀਆਂ ਪਾਲਸੀਆਂ ਲੋੜੀਂਦੀਆਂ ਹਨ ਪਰ ਉਹਨਾਂ 'ਤੇ ਅਮਲ ਨਹੀਂ ਕਰਵਾ ਸਕਦੇ। ਅਮਲ ਦੀ ਗੱਲ ਛੱਡੋ, ਹੁਣ ਪ੍ਰਸ਼ਾਸਨ ਕੁਝ ਵੀ ਨਹੀਂ ਕਰ ਸਕਦਾ, ਬੱਸ ਗੰਢਤੁਪ ਕਰਕੇ vendatta ਲਈ ਤਿਆਰ ਕੀਤਾ ਜਾ ਸਕਦਾ।

ਮੇਰਾ ਆਪਣਾ ਅਨੁਭਵ ਹੈ ਜੋ ਯਥਾਰਥ ਲਤੀਫੇ (joke) ਦੇ ਪੱਧਰ 'ਤੇ ਜਾ ਕੇ ਮੰਦਹਾਲੀ ਨੂੰ ਪਹੁੰਚਦਾ ਹੈ।

ਦੂਸਰੇ ਸਾਡਾ ਸੈਕੂਲਰਿਜ਼ਮ ਪੱਛਮ ਵਾਲਾ ਨਹੀਂ, ਦੇਸੀ ਕਾਢ ਹੈ। ਉਹਨਾਂ ਦਾ ਸੈਕੂਲਰਿਜ਼ਮ ਪ੍ਰਲੋਕ ਦਾ ਖਹਿੜਾ ਛੱਡ ਕੇ ਦੁਨਿਆਵੀ ਹੋਣਾ ਹੈ। ਪ੍ਰਗਤੀ ਦਾ ਲਕਸ਼ ਅਪਨਾਉਣਾ ਹੈ। ਸਾਡਾ ਸੈਕੂਲਰਿਜ਼ਮ ਈਸ਼ਵਰ, ਅੱਲਾ, ਰਾਮ ਨੂੰ ਬਰਾਬਰ ਰੱਖਣਾ ਹੈ ਜੋ 'ਸਭ ਕੋ ਸਨਮਤੀ ਦੇ ਭਗਵਾਨ'। ਅੱਗੇ ਸੱਚੇ ਪਾਤਸ਼ਾਹ 'ਇਲਾਕਾ ਤਾਰਦੇ' ਲੰਘ ਜਾਂਦੇ ਸੀ। ਹੁਣ ਇਲਾਕੇ ਦੀ ਖ਼ੁਸ਼ਹਾਲੀ ਲਈ ਯੋਜਨਾ, ਕਾਰਵਿਹਾਰ, ਸ਼੍ਰਮ ਦੀ ਸਫਲਤਾ ਲਈ ਭਵਿੱਖ ਦੀ ਝਾਕ ਬਣਾਉਣੀ ਪੈਂਦੀ ਹੈ। ਸਾਗਰੀ ਵਪਾਰ 'ਤੇ ਸਿਰਜੇ ਪੱਛਮੀ ਸਾਮਰਾਜ ਨੇ ਸਾਡੀ ਸਰਕਾਰ ਖੋਹ ਲਈ, ਧੰਦੇ ਕਾਰੀਗਰੀ ਖੋਹ ਲਈ, ਕਿਉਂ ਜੋ ਸਾਨੂੰ ਗਿਆਨ ਨਹੀਂ ਸੀ (ਵਿਗਿਆਨਕ, ਆਰਥਿਕ) ਅਸੀਂ ਜ਼ਮਾਨਾ-ਦਾਨ ਖ਼ਬਰਦਾਰ ਨਹੀਂ ਸੀ। ਅਸੀਂ ਪੂਰੇ ਸੂਰੇ ਨਾ ਧਰਮੀ, ਨਾ ਦੁਨਿਆਵੀ ਰਹੇ। ਅਫਰੀਕਾ ਏਸ਼ੀਆ ਦੇ ਦੇਸ਼ਾਂ ਵਿਚ ਜਦੋਂ ਸੰਕਟ ਆਉਂਦਾ ਹੈ ਤਾਂ ਇੱਥੋਂ ਦੇ ਦੁਨੀਆਦਾਰ ਆਗੂ ਅਤੇ ਉਹਨਾਂ ਦੇ ਪ੍ਰਸੰਸਕ ਆਦਿ ਧਰਮਾਂ ਦਾ ਝੰਡਾ ਝੁਲਦਾ ਕਰ ਦਿੰਦੇ ਹਨ।

ਕਾਂਗਰਸ ਅਧਿਆਪਕਾਂ, ਡਾਕਟਰਾਂ, ਵਕੀਲਾਂ, ਅਖਬਾਰ ਨਵੀਸਾਂ ਦੀ ਜਮਾਤ ਸੀ, ਜਿਹਨਾਂ ਨੂੰ ਪੈਸੇ ਦੀ ਪੇਸ਼ਵਰਾਨਾ ਕਦਰ ਹੁੰਦੀ ਹੈ। ਕਫਾਇਤ - ਬਚ ਬਚਾ ਕੇ ਖ਼ਰਚ ਕਰਨਾ - ਖ਼ੁਸ਼ਹਾਲੀ ਦਾ ਰਾਹ ਹੈ, ਜਿਨ੍ਹਾਂ ਨੂੰ ਨਿੱਜੀ ਜਾਇਦਾਦ (private property) ਸੁਭਾਵਕ ਲਗਦੀ ਹੈ। Lawrence

of Arabia ਅਨੁਸਾਰ ਗ਼ੁਲਾਮ ਹਿੰਦੂ ਆਪਣੇ ਨੂੰ ਸਾਮਰਾਜੀ ਹੁਕਮਰਾਨ ਤੋਂ ਉੱਤਮ ਸਮਝਦਾ ਹੈ। ਲਾਲਾ ਲਾਜਪਤ ਰਾਏ ਦਾ ਬਿਆਨ ਸੀ ਕਿ ਅਸੀਂ ਸਾਂਝੇ ਮਤਦਾਨ ਦੇ ਖਿਲਾਫ਼ ਨਹੀਂ; ਜੇ ਪੰਜਾਬ ਦੀ ਆਬਾਦੀ ਅਨੁਸਾਰ ਅਸੈਂਬਲੀ 'ਚ ਇਕ ਮੁਸਲਮਾਨ ਮੈਂਬਰ ਵੱਧ ਚਲਿਆ ਜਾਂਦਾ ਹੈ ਤਾਂ ਕਿਸੇ ਇਕ ਨੂੰ ਖਰੀਦ ਕੇ ਬਰਾਬਰ ਹੋ ਜਾਣਾ ਹੈ।

ਆਜ਼ਾਦੀ ਤੋਂ ਪਹਿਲਾਂ ਹੀ ਬੰਗਾਲ 'ਚ ਮੁਸਲਿਮ ਬਹੁ-ਸੰਖਯਾ ਸੀ। ਸੁਹਰਾਵਰਦੀ ਦਾ ਸੁਝਾਉ ਸੀ ਕਿ ਆਜ਼ਾਦ ਹੋਇਆਂ ਜੇ ਤੁਸੀਂ ਸਾਨੂੰ ਅਸੈਂਬਲੀ ਦੀਆਂ ਅੱਧੀਆਂ ਸੀਟਾਂ ਦੇ ਦਿਉ ਤਾਂ ਕ੍ਰਿਸ਼ਕ ਲੋਕ ਪਾਰਟੀ ਕਾਂਗਰਸ ਦਾ ਸਾਥ ਦੇਵੇਗੀ। ਬੰਗਾਲ ਕਾਂਗਰਸ ਦੇ ਆਗੂ ਚਿਤਰੰਜਨ ਦਾਸ ਦੀ ਅਜਿਹੀ ਉੱਤਮਤਾ ਸੀ ਕਿ ਨਾਂਹ ਕਰ ਦਿੱਤੀ।

ਮਹਾਤਮਾ ਗਾਂਧੀ ਨੇ ਨਾ-ਮਿਲਵਰਤਨ ਅਤੇ ਸਿਵਲ ਨਾ-ਫਰਮਾਨੀ ਦੀ ਤਹਿਰੀਕ ਖ਼ਲਾਫ਼ਤ ਦੇ ਆਗੂਆਂ ਦੀ ਸਹਿਮਤੀ 'ਚ ਕੀਤੀ ਸੀ। ਭਾਵੇਂ ਪ੍ਰਤੀਕਰਮ ਤਾਂ ਚੌਰਾ ਚੌਰੀ, ਉੱਤਰ ਪ੍ਰਦੇਸ਼ ਵਿਚ ਹਜੂਮ ਵੱਲੋਂ ਥਾਣੇ ਨੂੰ ਅੱਗ ਲਾਉਣ ਅਤੇ ਪੁਲਸੀਆਂ ਨੂੰ ਮਾਰਨ ਦਾ ਸੀ, ਪਰ ਮਹਾਤਮਾ ਨੂੰ ਹਿੰਸਾ ਨੂੰ ਨਿੰਦਣ ਅਤੇ ਅੰਦੋਲਨ ਨੂੰ ਖ਼ਤਮ ਕਰਨ ਲਈ ਖ਼ਲਾਫ਼ਤ ਦੇ ਲੀਡਰਾਂ ਨਾਲ ਸਲਾਹ ਮਸ਼ਵਰੇ ਲਈ ਵਕਤ ਹੀ ਨਹੀਂ ਸੀ।

ਬਹੁਮਤ ਦੀ ਵਿਚਾਰਧਾਰਾ ਭਾਵੇਂ ਸੰਪਰਦਾਇਕ ਨਾ ਵੀ ਹੋਵੇ, ਫੇਰ ਵੀ ਇਹਦੀ ਭਾ' ਮਾਰਦੀ ਰਹਿੰਦੀ ਹੈ। ਪਰ ਹਿੰਦੂ ਸੰਪਰਦਾਇਕਤਾ ਕਾਂਗਰਸ ਦਾ ਸਵੀਕਾਰਤ ਭਾਗ ਸੀ, ਮਦਨ ਮੋਹਨ ਮਾਲਵੀਆ ਦੀ, ਲਾਜਪਤ ਰਾਏ ਦੀ, ਆਰੀਆ ਸਮਾਜ ਦੀ। ਸੈਕੂਲਰਿਜ਼ਮ ਦੇ ਚੌਕੀਦਾਰ 'ਚ ਕੁਝ ਕਮੀ ਸੀ।

ਜਾਤੀ-ਪ੍ਰਬੰਧ ਦੀ ਅਚਾਰਕ ਪੜਚੋਲ ਜਾਂ ਆਪਸੀ ਸਹਾਨੁਭੂਤੀ ਦੀ ਅਪੀਲ ਨਾਲ ਕਈ 'ਬਿਲਾ ਖਰਚ ਬਾਲਾ ਨਸੀਂ' ਫਰਾਖ਼ਦਿਲ ਅਤੇ ਰੌਸ਼ਨ ਜ਼ਮੀਰ ਹੋ ਜਾਂਦੇ ਹਨ। ਪਰ ਇਹਦਾ ਬਣਤਰਕ (structural) ਸਕਾਰਮਕ ਵਿਰੋਧ ਦਲਿਤ ਸ਼੍ਰੇਣੀਆਂ ਨੇ ਹੀ ਕੀਤਾ ਹੈ, ਜੋ ਪਹਿਲਾਂ ਮੁਸਲਮਾਨ ਹੋ ਗਈਆਂ, ਫੇਰ ਈਸਾਈ ਹੋਣ ਲੱਗੀਆਂ। ਅੱਜ ਵੀ ਭਾਰਤ ਦੇ ਸੈਕੂਲਰਿਜ਼ਮ ਨੂੰ ਏਹੀ ਬਚਾ ਸਕਦੀਆਂ ਹਨ। ਕੀ ਹਰੀਜਨ, ਕੀ ਮਸੱਲੀ। ਮੱਧ-ਸ਼੍ਰੇਣੀ ਸੰਪਰਦਾਇਕਤਾ 'ਚ ਖੁਸ਼ੀ ਖੁਸ਼ੀ ਹਿੱਸਾ ਲੈਂਦੀ ਹੈ, ਨਾਲੇ ਆਪਣੇ ਪ੍ਰਸ਼ਾਸਕੀ ਅੰਸ਼ ਰਾਹੀਂ ਫਿਰਕਾਪ੍ਰਸਤੀ ਦੀ ਮਦਦ ਕਰਦੀ ਹੈ ਜੋ 2019 ਦੀ ਚੋਣ ਮੁਹਿੰਮ 'ਚ ਰਾਜਨੀਤੀ ਦਾ ਪ੍ਰਵਚਨ ਅਤੇ ਸਿਆਸੀ ਕਿਰਦਾਰ ਹੋਰ ਹੋਰ ਘਟੀਆ ਕਰਨ ਦਾ ਮੁਕਾਬਲਾ ਚੱਲ ਰਿਹਾ ਹੈ। ਆਪਣੇ ਬੇਗਾਨਿਆਂ ਨੂੰ ਅਤੇ ਬੇਗਾਨੇ ਆਪਣਿਆਂ ਨੂੰ ਚੇਤਾਵਨੀ ਹੈ ਕਿ ਮਹਿਮੂਦ ਗਜ਼ਨਵੀ ਦਾ ਇਕ ਜਰਨੈਲ ਹਿੰਦੂ ਨਾਈ ਸੀ।

ਸਾਡੀ ਵਿਧਾਰਮਿਕਤਾ (ਸੈਕੂਲਰਿਜ਼ਮ) ਲੀਡਰਾਂ ਦੇ ਬਿਆਨਾਂ ਤਕ ਹੀ ਰਹੀ, ਜਾਤੀ-ਸੁਧਾਰ ਤਕ ਨਹੀਂ ਪਹੁੰਚੀ। ਮਧਕਾਲੀ ਭਗਤ ਇਹਦੇ ਸਿਰਜਕ ਅਤੇ ਕਰਤੇ ਜਿਸ ਪੱਧਰ ਦੇ ਸੀ, ਉਹਦੇ ਬਰਾਬਰ ਆਧੁਨਿਕ ਵਿਧਰਮੀ ਨਹੀਂ ਹੋ ਸਕੇ। ਭਗਤਾਂ ਦਾ ਵਿਧਾਰਮਿਕ ਪ੍ਰਵਚਨ (discourse) ਆਧੁਨਿਕ ਬੁੱਧੀਮਾਨਤਾ ਤੋਂ ਉਪਰੰਤ ਭਾਵਕ-ਬੌਧਿਕ ਹੈ:

*ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥*
*ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥* -ਕਬੀਰ, ਸੋਰਠਿ।

ਨਾਮਦੇਵ ਨੂੰ ਅੱਜ ਦੇ ਦਲਿਤਾਂ ਵਾਂਗੂ ਨਿਤਪ੍ਰਤੀ ਹਤਕ ਅਤੇ ਹਿੰਸਾ ਪੀੜਤ ਹੋਣ ਦਾ ਅਨੁਭਵ ਹੈ:

*ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥*
*ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥* -ਨਾਮਦੇਵ, ਮਲ੍ਹਾਰ।

ਨਾਮਦੇਵ ਮੁਕਤੀ ਦੇ ਲਕਸ਼ ਦਾ ਸੰਦਿਹਵਾਦੀ ਹੁੰਦਾ ਲੋਕਿਕ ਹੋਈ ਜਾਂਦਾ ਹੈ।

ਪੰਜਵੇਂ ਗੁਰੂ ਅਰਜਨ ਸਾਹਿਬ ਭਗਤਾਂ ਦਾ ਬਿਓਰਾ ਦਿੰਦੇ ਹਨ:



*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ਰਹਾਉ॥*
*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥1॥*
*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥2॥*
*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥3॥*
*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥4॥* ਮ. 5 ਆਸਾ (487-88)

ਭਗਤ ਦਲਿਤਾਂ ਦਾ ਦਰਦ ਜਾਣਦੇ ਹਨ। ਰਵਿਦਾਸ ਦਾ 'ਬੇਗ਼ਮਪੁਰਾ' ਨਾਂ ਦਾ ਆਦਰਸ਼ਕ ਕਲਪ-ਲੋਕ (Utopia) ਹੈ। ਕਬੀਰ ਸਾਹਿਬ 'ਮਾਇਆ' ਦੇ ਵਿਚਾਰ ਦੀ ਨੀਂਹ ਪੇਟ ਦੀ ਲੋੜ ਕਹਿੰਦੇ ਹਨ: *ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥* ਭੈਰੋ 13 (1160) ਜੋ ਸੱਪ-ਰੱਸੀ ਰੱਸੀ-ਸੱਪ ਦੇ ਵਿਚਾਰ ਤੋਂ ਅੱਗੇ ਜਾਂਦਾ ਹੈ। ਪਾਠਕ ਨੇ ਵੇਖਿਆ ਹੋਣਾ, ਕਈ ਵੇਰ ਕਾਂ ਲੋਹੇ ਦੀ ਤਾਰ ਨੂੰ ਪਸ਼ੂ ਦੀ ਨਾੜ ਸਮਝਦਾ ਚੁੱਕੀ ਫਿਰਦਾ ਹੁੰਦਾ ਹੈ। 'ਪੇਟ' ਦਾ ਵਿਕਲਪ ਆਰਥਿਕ ਨੀਤੀ ਤਕ ਜਾਂਦਾ ਹੈ। ਹੇਟੀ (Haiti) ਦੇਸ ਨੇ ਅਜਿਹਾ ਬਣਤਰਕ ਸੁਧਾਰ ਕੀਤਾ ਕਿ ਕੁਝ ਸਾਲਾਂ 'ਚ ਆਪ ਆਪਣਾ 80 ਫੀਸਦੀ ਅੰਨ ਉਪਜਾਉਂਦਾ। ਦੇਸ ਏਨੇ ਫੀਸਦੀ ਹੀ ਆਯਾਤ ਕਰਨ ਲੱਗਾ, ਜੋ ਭੁੱਖੇ ਬੰਦੇ ਮਿੱਟੀ ਦੀਆਂ ਮੱਠੀਆਂ ਪਕਾ ਖਾਣ ਲੱਗੇ। ਆਪਣੇ ਜੱਟਾਂ ਦੀਆਂ ਖ਼ੁਦਕੁਸ਼ੀਆਂ ਕਬੀਰ ਸਾਹਿਬ ਵਾਲੀ ਮਾਯਾ ਦਰਸਾਉਂਦੀਆਂ ਹਨ। ਨਾਮਦੇਵ ਮਾਯਾ ਦੇ ਵਿਕਲਪ ਦਾ ਹੋਰ ਧਿਰ ਵਿਸਤਾਰ ਕਰਦਾ ਹੈ:

*ਮਾਇਆ ਨਾਮੁ ਗਰਭ ਜੋਨਿ ਕਾ* -ਧਨਾਸਰੀ 2 (690)

*'ਕਈ ਜਨਮ ਭਏ ਕੀਟ ਪਤੰਗਾ'*। ਜੇ ਕਿਸੇ ਨੇ ਮਰ ਕੇ ਪਤੰਗਾ ਹੋ ਜਾਣਾ ਹੈ ਤਾਂ ਮਾਣਸ-ਪਤੰਗੇ ਦਾ ਭੁਲੇਖਾ ਰੱਸੀ-ਸੱਪ ਨਾਲੋਂ ਵਧੇਰੇ ਹੈ। Indian Philosphy 'ਚ ਲਿਖਿਆ ਮਿਲਦਾ ਹੈ ਕਿ ਇਕ ਵਾਰ ਮਾਰਨ-ਖੁੰਡੀ ਗਾਂ ਸ਼ੰਕਰਾਚਾਰਯਾ ਦੇ ਮਗਰ ਪੈ ਗਈ ਜੋ ਸ਼ੰਕਰ ਉਹਦੇ ਅੱਗੇ ਭੱਜਿਆ ਜਾਵੇ। ਕੋਈ ਵੇਖਦਾ ਜੱਟ ਕਹਿੰਦਾ, 'ਸ਼ੰਕਰਾ! ਭੱਜਿਆ ਕਿਓਂ ਜਾਂਦੈਂ? ਇਹ ਤਾਂ ਮਾਯਾ'। ਖਹਿੜੇ ਛੁੱਟੇ ਮਗਰੋਂ ਮੁੜਦਾ ਸ਼ੰਕਰ ਜੱਟ ਨੂੰ ਕਹਿੰਦਾ, 'ਅੱਗੇ ਅੱਗੇ ਭੱਜਣ ਵਾਲਾ ਵੀ ਤਾਂ ਮਾਯਾ ਸੀ।'

ਕਬੀਰ ਸਾਹਿਬ ਕਹਿੰਦੇ ਹਨ: *ਜਪੀਐ ਨਾਮੁ ਜਪੀਐ ਅੰਨੁ॥* ਗੋਂਡ (873)

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਜੋ ਵਿਧਾਰਮਿਕ ਸਰਕਾਰਾਂ ਭਗਤਾਂ ਨੂੰ ਕਿਉਂ ਨਹੀਂ ਅਪਨਾ ਸਕੀਆਂ, ਜਿਹੜੇ ਧਰਮਾਂ ਅਤੇ ਜਾਤਾਂ ਦਾ ਵੈਰ ਵਿਰੋਧ ਮੁਕਾ ਚੁੱਕੇ ਸਨ, ਮੁਕਾ ਸਕਦੇ ਹਨ। ਆਂਸ਼ਕ ਉਦਮ ਵੀ ਨਹੀਂ ਕੀਤਾ ਜੋ ਕਬੀਰ ਸਾਹਿਬ ਜੁਲਾਹਿਆ ਤਾਈਂ, ਰਵਿਦਾਸ ਚਮਾਰਾਂ ਤਾਈਂ, ਨਾਮਦੇਵ ਛੀਂਬਿਆਂ, ਨਗੰਦੇ ਛਾਪਣ ਵਾਲਿਆਂ ਤਾਈਂ, ਧੰਨਾ ਜੱਟਾਂ ਦੇ ਘਰੋ ਘਰੀ ਅੱਪੜਦਾ ਕਰ ਦਿੰਦੀਆਂ। ਸ਼ਾਇਦ ਉਹ ਵੀ ਵਿਧਾਰਮਿਕਤਾ ਦੀ ਅਗਵਾਈ ਵਿਚ ਹਿੱਸਾ ਲੈਣ ਲੱਗ ਜਾਂਦੇ। ਪਿਛਲੇ 50 ਸਾਲਾਂ ਤੋਂ ਉਹ ਵਿਧਾਰਮਿਕਤਾ ਦਾ ਨਾਅਰਾ ਤਾਂ ਸੁਣਦੇ ਆਏ ਹਨ ਪਰ ਇਹਦਾ ਕਾਰ ਵਿਹਾਰ ਕਿਤੇ ਨਹੀਂ ਵੇਖਿਆ। ਪ੍ਰਸ਼ਾਸਨ ਦੀ ਪੱਛਮੀ ਵਿਦਿਆ ਪ੍ਰਾਪਤ ਮੱਧ ਸ਼੍ਰੇਣੀ ਨੂੰ ਦਲਿਤਾਂ ਵੱਲੋਂ ਅੰਨ ਨੂੰ ਧਰਮ ਬਣਾ ਲੈਣਾ ਖ਼ਤਰਨਾਕ ਲਗਦਾ ਹੈ। ਪ੍ਰਸ਼ਾਸਨੀ ਮੱਧ ਸ਼੍ਰੇਣੀ 'ਚ ਉੱਚੀਆਂ ਜਾਤਾਂ ਦੀ ਚੜ੍ਹਤ ਹੈ। ਜੇ ਕਿਸੇ ਦੀ ਦਲਿਤਾਂ ਨਾਲ ਤਾਰਕਿਕ ਰੂਪ 'ਚ ਹਮਦਰਦੀ ਹੈ ਵੀ, ਉਹਦੀ ਇਹਨਾਂ ਨਾਲ ਸੁਭਾਵਕ ਸਾਂਝ ਦੀ ਨਾ ਸੂਝ ਹੈ ਨਾ ਕਿਸੇ ਕਿਸਮ ਦੀ ਸਿਖਲਾਈ ਹੈ। ਹੁਣ ਦੀ ਗੱਲ ਨਾ ਸਹੀ ਪਰ ਨਿਕਟ ਭੂਤਕਾਲ 'ਚ ਵਿਹਾਰ ਸੀ ਜੋ ਬ੍ਰਾਹਮਣ ਪਿੱਪਲ ਵੱਢਣ ਦਾ ਪਾਪ ਨਹੀਂ ਕਰ ਸਕਦਾ,

ਇਹ ਕੰਮ ਉਹ ਰੰਘਰੇਟੇ ਤੋਂ ਕਰਾਉਂਦਾ ਹੈ ਅਤੇ ਪਿੱਪਲ ਬਾਲ ਸਕਦਾ ਹੈ। ਅਜਿਹਾ ਸੰਸਕਾਰ ਗਿਆ ਨਹੀਂ। ਸਾਡੀ ਰਾਜ ਸ਼੍ਰੇਣੀ ਦਲਿਤਾਂ ਤੋਂ ਵੋਟ ਪਾਉਣ ਦਾ ਪੁੰਨ ਤਾਂ ਕਰਵਾ ਲੈਂਦੀ ਪਰ ਉਹਨਾਂ ਨੂੰ ਵੋਟਾਂ ਪਾਉਣ ਦਾ ਕੋਈ ਫਲ ਨਹੀਂ ਮਿਲ ਸਕਦਾ। ਪਿਛਲੀ ਚੋਣ 'ਚ ਮੇਰੇ ਵੇਖਣ ਦੀ ਗੱਲ ਹੈ ਕਿ ਝੁੱਗੀ ਝੌਂਪੜੀ ਵਾਲਿਆਂ ਤੋਂ ਵੋਟਾਂ ਤਾਂ ਪੁਆ ਲਈਆਂ ਪਰ ਅਗਲੇ ਦਿਨ ਹੀ ਇਨ੍ਹਾਂ ਨੂੰ ਢਾਹ ਦਿੱਤਾ।

ਅੰਨ ਦੇ ਧਰਮ ਦੀ ਮਾਯਾ ਵੀ ਸਾਨੂੰ ਨਜ਼ਰ ਨਹੀਂ ਆਉਂਦੀ ਜੋ ਧੰਨਾ ਰੱਬ ਨੂੰ ਸਵਾਲ ਪਾਉਂਦਾ ਹੈ:

*ਗੋਪਾਲ ਤੇਰਾ ਆਰਤਾ ॥ ਜੋ ਜਨ ਤੇਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥ ਰਹਾਉ ॥*
*ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥*
*ਪਨੀਆ ਛਾਦਨੁ ਨੀਕਾ ॥ ਅਨਾਜੁ ਮਾਗਉ ਸਤ ਸੀ ਕਾ ॥ 1 ॥*
*ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰਿ ਚੰਗੇਰੀ ॥*
*ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥ 2 ॥* ਧਨਾਸਰੀ (695)

(ਸੀਧਾ - ਰਸੋਈ ਦਾ ਸਾਮਾਨ, ਪਨੀਆ - ਜੁੱਤੀ, ਸਤ ਸੀ ਕਾ- ਸਤ ਵਾਰ ਵਾਹੀ ਜ਼ਮੀਨ, ਤਾਜਨਿ ਤੁਰਿ - ਨਸਲੀ ਘੋੜੀ, ਗੀਹਨਿ - ਇਸਤ੍ਰੀ)

ਦੇਸ਼ ਦੀ ਸਿਆਸਤ ਨੇ ਆਜ਼ਾਦੀ ਲਈ ਵਿਧਾਰਮਿਕਤਾ (secularism) ਅਤੇ ਸਮਾਜਕ ਸੁਧਾਰ ਦਾ ਆਦਰਸ਼ ਤਾਂ ਅਪਨਾ ਲਿਆ ਪਰ ਕਾਂਗਰਸ ਪਾਰਟੀ ਨੇ ਵਿਧਾਰਮਿਕ ਹਲਕੇ (constituency) ਦੀ ਸੁਣੀ ਨਹੀਂ ਸਗੋਂ ਮੱਧ ਸ਼੍ਰੇਣੀ 'ਤੇ ਅਤੇ ਦੇ ਪ੍ਰਚਾਰ 'ਤੇ ਨਿਰਭਰ ਰਹੀ ਜੋ ਸੰਭਵ ਅਸੰਭਵ ਸਰਦੀ ਕਾਰਗੁਜ਼ਾਰੀ ਉਦਯੋਗੀ ਵਿਕਾਸ ਦੀ  ਸੀ। ਆਰਕਸ਼ਨ (reservation) ਦੇ ਖ਼ਿਲਾਫ਼ ਸਮੇਂ ਨਾਲ ਵਧਦੇ ਵਿਰੋਧ ਤੋਂ ਸਮਝ ਆਉਂਦੀ ਹੈ ਜੋ ਦੇਸ਼ ਦੇ petty-intelligentsia ਨੇ ਸਮੂਹ ਦੇ ਹਿਤ ਦੀ ਤਾਂ ਕੀ ਸੋਚਣੀ ਸੀ, ਦਲਿਤਾਂ ਨੂੰ ਦਿੱਤੀ ਹੀਣੀ ਰਿਆਇਤ ਖੋਹਣ ਨੂੰ ਕਮਰਕਸੇ ਕਰ ਰਿਹਾ ਹੈ। ਨਾਲੇ ਆਰਕਸ਼ਨ ਨਾਲ ਦਲਿਤਾਂ ਦਾ ਕੀ ਸਰਦਾ ਹੈ, ਕੇਵਲ ਉਹਨਾਂ ਦੀ ਸੰਭਾਵੀ ਅਗਵਾਈ ਕਰਨ ਵਾਲੇ ਸਿਖਸ਼ਤ ਬੰਦੇ ਹੀ ਨਜ਼ਰ ਨਹੀਂ ਆਉਂਦੇ।

ਬੈਲਜੀਅਮ ਦੋ-ਭਾਸ਼ੀ ਦੇਸ ਹੈ, ਇਕ ਪਾਸਾ ਡੱਚ ਬੋਲਦਾ ਹੈ, ਦੂਜਾ ਫਰਾਂਸੀਸੀ। ਫਰਾਂਸੀਸੀ ਪਾਸੇ ਦਾ ਨਵ-ਉਦਾਰਵਾਦ (neo-liberalism) ਕਾਰਨ ਅਪ-ਉਦਯੋਗਨ (de-industrialization) ਹੋਇਆ ਹੈ। ਇੱਥੋਂ ਦੀ ਪਾਰਟੀ ਦਾ ਕਹਿਣਾ ਹੈ ਕਿ ਸਾਡੇ ਲਈ ਤਾਂ ਬਣਤਰਕ ਸੁਧਾਰ (structural reform) ਪੁਨਰ-ਉਦਯੋਗ ਦਾ ਹੋਣਾ ਚਾਹੀਦਾ ਹੈ। ਦੂਸਰੇ ਸ਼੍ਰਮਕ ਸ਼੍ਰੇਣੀ ਦੇ ਹਿਤ ਮੰਗ ਕਰਦੇ ਹਨ ਕਿ ਇਹਦੀ ਏਨੀ ਹੀ ਲੋਕਤੰਤਰੀ ਪ੍ਰਤੀਨਿਧਤਾ ਹੋਣੀ ਚਾਹੀਦੀ ਹੈ, ਅਰਥਾਤ ਵਿਧਾਨ ਸਭਾ 'ਚ ਮੈਂਬਰਾਂ ਦੀ ਆਰਕਸ਼ਤ ਗਿਣਤੀ ਹੋਵੇ।

ਦਲਿਤਾਂ ਨੂੰ ਆਪਣੀ ਆਬਾਦੀ ਦੀ ਗਿਣਤੀ ਅਨੁਸਾਰ ਵਿਧਾਨਕ ਆਰਕਸ਼ਨ ਦੀ ਪੂਰਤੀ ਕਰਵਾਉਣੀ ਚਾਹੀਦੀ ਹੈ, ਫੇਰ ਵੇਖੋ ਉਨ੍ਹਾਂ ਦਾ, ਦੇਸ਼ ਦਾ ਅਤੇ ਵਿਧਾਰਮਿਕਤਾ ਦਾ ਕੀ ਬਣਦਾ ਹੈ! ਜੇ ਅੱਜੋਕਾ ਹਾਲ ਰਿਹਾ ਤਾਂ ਜਿਵੇਂ ਦੁਖੀ ਬੰਦੇ ਨੂੰ ਆਮ ਕਿਹਾ ਜਾਂਦਾ ਹੈ, "ਆਪਣੇ ਜਣਦਿਆਂ ਨੂੰ ਰੋ", ਦਲਿਤ ਆਪਣੇ ਪ੍ਰਤਿਨਿਧੀਆਂ ਨੂੰ ਰੋਣ।

ਪਾਠਕ ਨੂੰ ਮੁੜ ਦੱਸਣ ਦਾ ਹਰਜ ਨਹੀਂ ਜੋ ਮੇਰੀ ਦਲੀਲ ਸ਼੍ਰੈਣਿਕ, ਸਮਾਜਕ ਹੈ, ਵਿਅਕਤਕ ਨਹੀਂ। ਬ੍ਰਾਹਮਣ ਰਾਮਾਨੰਦ ਦੇ ਸ਼ਾਗਿਰਦ ਕਬੀਰ, ਸੇਨ, ਪੀਪਾ ਭਗਤ ਸਨ ਜੋ ਗ੍ਰੰਥ ਸਾਹਿਬ 'ਚ ਦਰਜ ਹਨ। 000

***(144, ਸੈਕਟਰ 65, ਫੇਜ਼ 11, ਐੱਸ ਏ ਐੱਸ ਨਗਰ, ਮੁਹਾਲੀ 160 062)***



# ਮਸਨੂਈ ਬੁੱਧੀ, ਡਿਜੀਟਲਾਈਜ਼ੇਸ਼ਨ ਅਤੇ ਮਾਨਵਤਾ ਦਾ ਭਵਿੱਖ: ਲੇਖ: ਰਾਜਿੰਦਰ ਪਾਲ ਸਿੰਘ ਬਰਾੜ

ਸੋਸ਼ਲ-ਇੰਜੀਨੀਅਰਿੰਗ ਦਾ ਸਮਾਸੀ ਸ਼ਬਦ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ। ਭਾਰਤੀ ਮੀਡੀਆ ਵਿਚ ਇਸ ਦਾ ਸਿਆਸੀ ਅਰਥ ਵੱਖ ਵੱਖ ਸਮਾਜਕ ਸਮੂਹਾਂ ਦੇ ਆਪਸੀ ਵਿਰੋਧਤਾਈਆਂ ਘਟਾ ਕੇ ਤਤਕਾਲੀ ਹਿਤਾਂ ਅਨੁਸਾਰ ਗੱਠਜੋੜ ਕਰ ਕੇ ਸੱਤਾ ਹਾਸਲ ਕਰਨ ਲਈ ਵਰਤਿਆ ਜਾਂਦਾ ਰਿਹਾ ਹੈ, ਜਿਵੇਂ ਯੂ ਪੀ ਵਿਚ ਦਲਿਤਾਂ/ਬ੍ਰਾਹਮਣਾਂ, ਯਾਦਵਾਂ/ਮੁਸਲਮਾਨਾਂ ਦਾ ਗੱਠਜੋੜ ਅਕਸਰ ਚਰਚਾ ਵਿਚ ਰਹਿੰਦਾ ਹੈ। ਪਰ ਡਿਜੀਟਲ ਸਾਈਬਰ ਸੰਸਾਰ ਵਿਚ ਇਸ ਦਾ ਅਰਥ ਕਿਸੇ ਵਿਅਕਤੀ ਦੀ ਨਿੱਜੀ ਜਾਂ ਅਦਾਰੇ ਦੀ ਅੰਦਰੂਨੀ ਗੁਪਤ ਜਾਣਕਾਰੀ ਨੂੰ ਗ਼ੈਰ ਕਾਨੂੰਨੀ ਤਰੀਕੇ ਨਾਲ ਭਰੋਸੇ/ਧੋਖੇ ਦੀ ਤਕਨੀਕ ਵਰਤਕੇ ਹਾਨੀ ਪਹੁੰਚਾਉਣ ਦਾ ਲਿਆ ਜਾਂਦਾ ਹੈ। ਕੇਂਦਰੀ ਵਿਸ਼ਾਲ ਵਿਉਂਤਬੰਦੀ ਰਾਹੀਂ ਮਨੁੱਖੀ ਸਮਾਜ ਦੀ ਭਵਿੱਖੀ ਦਿਸ਼ਾ ਤਹਿ ਕਰਨ ਲਈ ਵੀ ਇਸ ਸੰਕਲਪ ਨੂੰ ਵਰਤਿਆ ਜਾਂਦਾ ਰਿਹਾ ਹੈ। ਵਿਗਿਆਨ ਦੇ ਸਿਧਾਂਤਾਂ ਨੂੰ ਸਮਾਜ 'ਤੇ ਲਾਗੂ ਕਰਨਾ ਵੀ ਸੋਸ਼ਲ ਇੰਜੀਨੀਅਰਿੰਗ ਹੈ। ਵਿਗਿਆਨ ਦੀਆਂ ਕਾਢਾਂ/ਯੰਤਰਾਂ ਦੀ ਵਰਤੋਂ ਵੀ ਸਮਾਜ ਨੂੰ ਪ੍ਰਭਾਵਤ ਕਰਦੀ ਹੈ। ਵਿਗਿਆਨ ਰਾਹੀਂ ਮਾਨਵ ਦੇ ਮਨ ਨੂੰ ਕਾਬੂ ਕਰਨਾ ਵੀ ਸੋਸ਼ਲ ਇੰਜੀਨੀਅਰਿੰਗ ਹੈ। ਮਨ ਜਿੱਤਣਾ ਵੱਡੀ ਗੱਲ ਹੈ ਪਰ ਜੇ ਮਨ ਸਵੈ ਵੱਲੋਂ ਨਾ ਜਿੱਤਿਆ ਜਾਵੇ, ਕਿਸੇ ਹੋਰ ਵੱਲੋਂ ਪਿਆਰ ਨਾਲ ਨਹੀਂ ਸਗੋਂ ਕੋਈ ਹੋਰ ਇੱਛਿਆ ਦੇ ਉਲਟ ਜਿੱਤ ਜਾਵੇ ਤਾਂ ਇਹ ਵੀ ਸਮੱਸਿਆ ਹੈ।  ਅਤੇ ਅੱਗੋਂ ਇਹ ਵੀ ਹੋ ਸਕਦੈ ਕਿ ਮਨ ਦੀ ਪਰਛਾਈ ਹੀ ਮਨ ਨੂੰ ਜਿੱਤ ਲਵੇ। ਗੁਰਮੁਖ, ਮਨਮੁਖ ਦੀਆਂ ਜਾਣੀਆਂ ਪਛਾਣੀਆਂ ਕੋਟੀਆਂ ਥਾਵੇਂ ਮਸ਼ੀਨਮੁਖ ਵੀ ਨਵਾਂ ਮਨੁੱਖ ਹੋ ਸਕਦਾ ਹੈ। ਇਹ ਸਭ ਸਮੱਸਿਆਵਾਂ ਉੱਤਰ ਆਧੁਨਿਕ ਉੱਤਰ ਸਨਅਤੀ ਡਿਜੀਟਲ  ਯੁੱਗ ਦੀਆਂ ਹਨ, ਇਸ ਨਾਲ ਵਿਗਿਆਨੀ, ਧਰਮ ਸ਼ਾਸਤਰੀ ਅਤੇ ਚਿੰਤਕ ਜੂਝ ਰਹੇ ਹਨ।

ਐਲਡਸ ਹਕਸਲੇ (1884-1963) ਨੇ ਆਪਣੇ ਇਕ ਨਾਵਲ *'ਬਰੇਵ ਨਿਊ ਵਰਲਡ'* Brave New World (1931) ਵਿਚ ਭਵਿੱਖੀ ਸੰਸਾਰ ਦੀ ਕਲਪਨਾ ਕਰਦਿਆਂ ਲਿਖਿਆ ਸੀ ਕਿ ਆਉਣ ਵਾਲੇ ਸਮੇਂ ਵਿਚ ਜੈਨੇਟੀਕਲੀ  ਤਿਆਰ ਕੀਤੇ ਅਲਫਾ, ਬੀਟਾ, ਗਾਮਾ ਕਿਸਮ ਦੇ ਸ਼ਹਿਰੀ ਪੈਦਾ ਹੋਣਗੇ ਅਤੇ ਸਮਾਜ ਵਿਚ ਬੁੱਧੀ ਆਧਾਰਤ ਸਮਾਜਕ ਦਰਜਾਬੰਦੀ ਹੋਂਦ ਵਿਚ ਆਵੇਗੀ। ਇਸ ਵਿਚ ਮਨੋਵਿਗਿਆਨ ਦੇ "ਸਲੀਪ ਲਰਨਿੰਗ"(sleep learning) "ਕੰਡੀਸ਼ਨਿੰਗ"(conditioning) ਵਰਗੇ ਸੰਕਲਪਾਂ ਦੀ ਵਰਤੋਂ ਕੀਤੀ ਗਈ ਸੀ। ਹਕਸਲੇ ਨੇ ਹੀ ਲਗਪਗ ਤੀਹ ਸਾਲਾਂ ਬਾਅਦ ਬਰੇਵ ਨਿਊ ਵਰਲਡ ਬਾਰੇ ਵਾਰਤਕ ਪੁਸਤਕ ਲਿਖਦਿਆਂ ਸਿੱਟਾ ਕੱਢਿਆ ਕਿ ਸਮਾਜ ਤਾਂ ਉਸ ਦੀ ਕਲਪਨਾ ਤੋਂ ਵੀ ਵੱਧ ਤੇਜ਼ੀ ਨਾਲ ਬਦਲ ਰਿਹਾ ਹੈ। ਇਹ ਕਿਤਾਬ ਛਪਦਿਆਂ ਹੀ ਉੱਨੀ ਸੌ ਬੱਤੀ ਵਿਚ ਆਇਰਲੈਂਡ ਅੰਦਰ ਇਸ ਉੱਤੇ ਧਰਮ ਵਿਰੋਧੀ ਅਤੇ ਪਰਿਵਾਰ ਵਿਰੋਧੀ ਹੋਣ ਦਾ ਦੋਸ਼ ਲਾ ਕੇ ਪਾਬੰਦੀ ਲਗਾ ਦਿੱਤੀ ਗਈ ਸੀ। ਇਹ ਨਾਵਲ ਡੀ ਐੱਨ ਏ ਅਤੇ ਇੰਟਰਨੈੱਟ ਯੁੱਗ ਤੋਂ ਪਹਿਲਾਂ ਦਾ ਹੈ ਪਰ ਇਹ ਸਮਕਾਲੀ ਪੂੰਜੀਵਾਦੀ ਸਮਾਜ ਦੇ ਫੋਰਡੀ ਉਤਪਾਦਨੀ ਢੰਗਾਂ ਖਾਸ ਕਰਕੇ ਅਸੈਂਬਲੀ ਲਾਈਨ ਤੇ ਮਾਨਵੀ ਸੰਬੰਧਾਂ ਅਤੇ ਦਰਜਾਬੰਦੀ ਵਾਲੀ ਸਮਾਜਕ ਸੰਰਚਨਾ, ਦੋਹਾਂ ਤੋਂ  ਪ੍ਰਭਾਵਤ ਸੀ। ਇਸ ਨਾਵਲ ਉੱਪਰ ਬਹੁਤ ਸਾਰੇ ਡਰਾਮੇ/ਫਿਲਮਾਂ/ਸੀਰੀਅਲ ਬਣੇ ਅਤੇ ਇਸ ਨੇ ਸਮਾਜ 'ਤੇ ਵਿਆਪਕ ਪ੍ਰਭਾਵ ਪਾਇਆ। ਐੱਚ ਜੀ ਵੈੱਲਜ਼ (1866-1946) ਦਾ 'ਫਸਟ ਮੈਨ ਇਨ ਦਾ ਮੂਨ' First man in the moon, 'ਦਾ ਇਨਵਿਜ਼ੀਬਲ ਮੈਨ' The invisible man,, ਟਾਈਮ

ਮਸ਼ੀਨ Time Machine, ਅਤੇ ਜੂਲ ਵਰਨ (1828) ਦਾ 'ਏ ਟਰਿੱਪ ਟੂ ਮੂਨ' A trip to moon (1865) ਵਰਗੀਆਂ ਰਚਨਾਵਾਂ ਭਵਿੱਖੀ ਵਿਗਿਆਨਕ ਗਲਪ ਲੇਖਕਾਂ ਦੀਆਂ ਕਈ ਗੱਲਾਂ ਉਨ੍ਹਾਂ ਦੀ ਕਲਪਨਾ ਤੋਂ ਵੀ ਪਹਿਲਾਂ ਅਤੇ ਕਈ ਵੱਧ ਅਚੰਭਾਜਨਕ ਢੰਗ ਨਾਲ ਹੋ ਗਈਆਂ ਜਾਂ ਹੋ ਰਹੀਆਂ ਹਨ ਤਾਂ ਇਸ ਸਥਿਤੀ ਵਿਚ ਮੌਜੂਦਾ ਸਾਇੰਸ ਫਿਕਸ਼ਨ ਰਾਈਟਿੰਗ ਜਾਂ ਭਵਿੱਖ ਬਾਰੇ ਅਨੁਮਾਨ ਲਗਾਉਂਦੀਆਂ ਕਿਤਾਬਾਂ/ਫ਼ਿਲਮਾਂ ਅਤੇ ਟੈਲੀਵਿਜ਼ਨ ਸਾਨੂੰ ਕਈ ਪ੍ਰਸ਼ਨਾਂ ਦੇ ਸਾਹਮਣੇ ਕਰਦੇ ਹਨ। ਪਰ ਉਨ੍ਹਾਂ ਵਿਚੋਂ ਕੁਝ ਸਵਾਲ ਬੁਨਿਆਦੀ ਹਨ। ਇਨ੍ਹਾਂ ਬੁਨਿਆਦੀ ਸਵਾਲਾਂ ਵਿਚ ਇਕ ਪ੍ਰਸ਼ਨ ਹੈ ਕਿ ਕੀ ਤਕਨੀਕ ਰਾਹੀਂ ਇਕ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਦੂਸਰਿਆਂ 'ਤੇ ਮੁਕੰਮਲ ਕਾਬੂ ਕਰ ਸਕਦਾ ਹੈ, ਜਾਂ ਕੇਵਲ ਸਰੀਰਕ ਤੌਰ 'ਤੇ ਨਹੀਂ ਸਗੋਂ ਮਾਨਸਿਕ ਤੌਰ 'ਤੇ ਵੀ ਇਹ ਕਾਬੂ ਕਿਸ ਹੱਦ ਤਕ ਕਰ ਸਕਦਾ ਹੈ। ਦੂਜਾ ਪ੍ਰਸ਼ਨ ਇਸ ਤੋਂ ਵੀ ਖ਼ਤਰਨਾਕ ਹੈ, ਕੀ ਤਕਨੀਕ ਜਾਂ ਮਸ਼ੀਨ ਸਾਰੇ ਮਨੁੱਖਾਂ ਸਮੇਤ ਆਪਣੇ ਮਾਲਕ ਉੱਪਰ ਕਾਬੂ ਪਾ ਸਕਦੀ ਹੈ। ਪਹਿਲੇ ਪ੍ਰਸ਼ਨ ਦਾ ਉੱਤਰ ਹੈ ਕਿ ਬਿਨਾਂ ਸ਼ੱਕ ਪਹਿਲੇ ਯੁੱਗਾਂ ਵਿਚ ਸਰੀਰਕ ਤਾਕਤ ਦੇ ਨਾਲੋ ਨਾਲ, ਬਾਅਦ ਵਿਚ ਹਥਿਆਰਾਂ ਦੇ ਜ਼ੋਰ ਨਾਲ, ਕੁਦਰਤ ਸਮੇਤ ਜਾਨਵਰ ਅਤੇ ਮਾਨਵਾਂ ਨੂੰ ਵੀ ਕਾਬੂ ਕੀਤਾ ਜਾਂਦਾ ਰਿਹਾ ਹੈ। ਪਹਿਲਾਂ ਸਰੀਰਕ ਤਾਕਤ ਉੱਪਰ ਜ਼ੋਰ ਸੀ, ਪਿੱਛੋਂ ਤਕਨੀਕ ਭਾਵ ਹਥਿਆਰਾਂ/ਸੰਦਾਂ 'ਤੇ ਜ਼ੋਰ ਵਧ ਗਿਆ। ਪਰ ਛੇਤੀ ਹੀ ਮਨੁੱਖ ਨੂੰ ਮਾਨਸਿਕ ਪੱਧਰ 'ਤੇ ਕਾਬੂ ਕਰਨ ਦਾ ਦੌਰ ਸ਼ੁਰੂ ਹੋ ਗਿਆ। ਇਸ ਲਈ ਛਲ/ਕਪਟ ਅਤੇ ਵਿਚਾਰਧਾਰਾ ਹਾਵੀ ਹੋ ਗਈ। ਇਸ ਵਿਚ ਧਰਮ ਨੇ ਵੀ ਇਕ ਸੰਸਥਾ ਵਜੋਂ ਰੋਲ ਨਿਭਾਇਆ ਹੈ। ਧਰਮ ਦੇ ਇਕ ਰੂਪ ਨਾਲ ਹਾਕਮ ਜਮਾਤਾਂ ਨੇ ਆਪਣੇ ਲੋਕਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ, ਖਾਸ ਕਰਕੇ ਜਦੋਂ ਰਾਜੇ ਨੇ ਇਹ ਭਰਮ ਪਾ ਦਿੱਤਾ ਕਿ ਮੈਂ ਪਰਮਾਤਮਾ ਦਾ ਭੇਜਿਆ ਦੂਤ ਹਾਂ ਜਾਂ ਮੈਂ ਪਰਮਾਤਮਾ ਦਾ ਹੀ ਪੁੱਤਰ ਹਾਂ। ਪਰ ਮਾਨਵੀ ਸਮਾਜ ਦੇ ਵਿਕਾਸ ਦੇ ਅਗਲੇ ਪੜਾਅ ਉਪਰ ਤਾਂ ਤਕਨੀਕ ਸਾਧਨ ਸੀ। ਉੱਤਰ ਆਧੁਨਿਕ ਯੁੱਗ ਵਿਚ ਇਹ ਡਰ ਪੈਦਾ ਹੋ ਗਿਆ ਕਿ ਨਵੀਆਂ ਡਿਜੀਟਲ/ਟੈਲੀ/ਜੈਨੇਟਿਕ/ਨੈਨੋ ਤਕਨੀਕਾਂ ਨਾਲ ਮਨੁੱਖ ਦੇ ਜੀਨ ਤਕ ਕੰਟਰੋਲ ਕੀਤੇ ਜਾ ਸਕਦੇ ਹਨ। ਉਸ ਦੇ ਸਰੀਰ ਨੂੰ ਕਾਬੂ ਕਰਨ ਤੋਂ ਅਗਾਂਹ ਦਿਮਾਗ਼ ਦੀ ਨਿਗਰਾਨੀ ਵੀ ਕੀਤੀ ਜਾ ਸਕਦੀ ਹੈ। ਬਾਇਓ ਕੈਮੀਕਲ ਚਿਪਸ ਨਾਲ ਵਿਵਹਾਰ ਬਦਲਿਆ ਜਾ ਸਕਦਾ ਹੈ ਅਤੇ ਇਸ ਤੋਂ ਵੀ ਅੱਗੇ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਮਾਨਵ ਅਤੇ ਮਾਨਵੀ ਸਮੂਹਾਂ ਨੂੰ ਕਾਬੂ ਕੀਤਾ ਜਾ ਸਕਦਾ ਹੈ। ਇਹ ਸਰੀਰਕ ਤਾਕਤ ਜਾਂ ਮਾਨਸਿਕ ਭਰਮ ਵਾਲੀ ਗ਼ੁਲਾਮੀ ਤੋਂ ਅਗਲਾ ਪੜਾਅ ਹੈ। ਪਰ ਇਸ ਤੋਂ ਵੀ ਅੱਗੇ ਇਸ ਸੰਬੰਧੀ ਬਹੁਤ ਸਾਰਾ ਸਾਹਿਤ ਲਿਖਿਆ ਗਿਆ ਅਤੇ ਫ਼ਿਲਮਾਂ ਬਣਾਈਆਂ ਗਈਆਂ ਹਨ, ਜਿੱਥੇ ਮਨੁੱਖ ਦੇ ਲੈਬ ਵਿਚ ਬਣਾਏ ਜਾਂ ਅਣਜਾਣੇ ਵਿਚ ਬਣ ਗਏ ਮਾਨਵਾਂ ਦਾਨਵਾਂ ਦੇ ਨਵੇਂ ਸੁਪਰਮੈਨਾਂ ਅਤੇ ਮਸਨੂਈ ਬੁੱਧ ਵਾਲੇ ਰੋਬੋਟਾਂ ਨੇ ਮਨੁੱਖ ਉੱਤੇ ਕਾਬੂ ਪਾ ਲਿਆ ਹੈ। ਭਾਵੇਂ ਅੱਜੋਕੀਆਂ ਫ਼ਿਲਮਾਂ ਵਿਚ ਅਜਿਹੇ ਖਲਨਾਇਕ ਅੰਤ ਵਿਚ ਹਾਰ ਜਾਂਦੇ ਹਨ ਪਰ ਅੱਜੋਕੇ ਸਮੇਂ ਦਾ ਗਿਆਨ ਕਹਿੰਦਾ ਹੈ ਕਿ ਮਸਨੂਈ ਬੁੱਧ ਮਾਨਵ ਦੀ ਬਣਾਈ ਹੋਣ ਕਰਕੇ ਅਤੇ ਗਣਿਤਕ ਗਣਨਾਵਾਂ 'ਤੇ ਆਧਾਰਤ ਹੋਣ ਕਰਕੇ ਮਾਨਵ ਉੱਤੇ ਕਾਬੂ ਨਹੀਂ ਪਾ ਸਕਦੀ। ਪਰ ਉਸ ਦੇ ਉਲਟੇ ਰੁਖ ਪ੍ਰਸ਼ਨ ਵੀ ਹਨ ਕਿ ਸ਼ਤਰੰਜ ਵਿਚ ਕੰਪਿਊਟਰ ਮਨੁੱਖ ਨੂੰ ਹਰਾ ਚੁੱਕਿਆ ਹੈ। ਏਡਜ਼ ਦਾ ਵਾਇਰਸ ਕਾਬੂ ਹੋਣ ਤੋਂ ਇਨਕਾਰੀ ਹੈ, ਇਹ ਵੀ ਇਕ ਮਿੱਥ ਹੈ ਕਿ ਏਡਜ਼ ਦਾ ਵਾਇਰਸ ਲੈਬ ਵਿਚ ਪੈਦਾ ਹੋਇਆ ਸੀ। ਇਹ ਪ੍ਰਸ਼ਨ ਕੇਵਲ ਵਿਗਿਆਨਕ ਭਾਈਚਾਰੇ ਵਿਚ ਹੀ ਨਹੀਂ, ਸਗੋਂ ਸਮੁੱਚੀ ਮਾਨਵ ਜਾਤੀ ਦੇ ਪ੍ਰਸ਼ਨ ਬਣ ਚੁੱਕੇ ਹਨ।

ਧਰਮ ਸ਼ਾਸਤਰ ਦਾ ਪ੍ਰਸ਼ਨ ਹੋਰ ਵੀ ਗੰਭੀਰ ਹੈ ਕਿ ਕੀ ਮਾਨਵ ਰੱਬ ਦਾ ਸ਼ਰੀਕ ਬਣ ਚੁੱਕਿਆ ਹੈ ਜਾਂ ਬਣ ਸਕਦਾ ਹੈ। ਇਸ ਤੋਂ ਵੀ ਅੱਗੇ ਆਧੁਨਿਕ ਮਾਨਵਵਾਦੀਆਂ ਅੱਗੇ ਪ੍ਰਸ਼ਨ ਹੈ ਕਿ ਕੀ ਮਾਨਵ ਸਿਰਜਤ ਕੋਈ ਚੀਜ਼, ਜਿਸਨੇ ਆਪਣਾ ਨਾਂ ਧਰਾਉਣਾ ਹੈ, ਮਾਨਵ ਦੀ ਵੀ ਸ਼ਰੀਕ ਬਣ



ਸਕਦੀ ਹੈ। ਅਜਿਹੇ ਪ੍ਰਸ਼ਨ ਜਦੋਂ ਤਕ ਤਾਂ ਸਾਇੰਸ ਫਿਕਸ਼ਨ ਸੀ ਤਾਂ ਮਨੋਰੰਜਕ ਸੀ ਪਰ ਜਦੋਂ ਹਕੀਕਤ ਦਾ ਰੂਪ ਧਾਰਦੇ ਦਿਖਾਈ ਦਿੰਦੇ ਹਨ ਤਾਂ ਡਰਾਉਣੇ ਹੋ ਗਏ ਹਨ। ਅਸਲ ਵਿਚ ਅੱਜ ਅਸੀਂ ਜਿਸ ਯੁੱਗ ਵਿਚ ਜੀਅ ਰਹੇ ਹਾਂ, ਇਸ ਵਿਚ ਮਾਨਵ ਦੀਆਂ ਦੋ ਜਾਤਾਂ ਤਾਂ ਬਣ ਹੀ ਗਈਆਂ ਹਨ। ਕੁਝ ਸੱਜਣ ਆਖ ਸਕਦੇ ਹਨ ਕਿ ਭਾਰਤ ਵਿਚ ਤਾਂ ਪਹਿਲਾਂ ਹੀ ਸਨ। ਇਕ ਉਹ ਜਿਨ੍ਹਾਂ ਕੋਲ ਧਰਤੀ/ਸਾਧਨ/ਕਾਰਖਾਨੇ/ਗਿਆਨ ਤਕ ਰਸਾਈ ਹੈ ਅਤੇ ਦੂਸਰੇ ਪੈਰਾਂ ਹੇਠਲੀ ਜ਼ਮੀਨ ਦੀ ਮਾਲਕੀ ਤੋਂ ਸੱਖਣੇ, ਸਾਧਨਹੀਨ, ਨਿਹੱਥੇ, ਗਿਆਨ ਵਿਹੂਣੇ, ਸੰਦਾਂ ਹਥਿਆਰਾਂ ਤਕਨੀਕਾਂ ਤੋਂ ਵਿਰਵੇ ਹਨ। ਇਨ੍ਹਾਂ ਦੋਹਾਂ ਦਰਮਿਆਨ ਇਕ ਯੁੱਧ ਤਾਂ ਚੱਲ ਹੀ ਰਿਹਾ ਹੈ। ਇਹ ਪੁਰਾਣੀ ਜਾਤ/ ਜਮਾਤ/ ਨਸਲੀ ਵੰਡ ਦਾ ਹੀ ਨਵਾਂ ਰੂਪ ਹੈ, ਜਾਂ ਇਹ ਉਸ ਤੋਂ ਵੀ ਵਧੇਰੇ ਭਿਅੰਕਰ ਹੈ। ਮਸ਼ੀਨ ਤਕਨੀਕ ਵੱਲੋਂ ਮਾਨਵ ਨੂੰ ਕਾਬੂ ਕਰਨ ਦਾ ਪ੍ਰਸ਼ਨ ਭਵਿੱਖ ਦੀਆਂ ਪੀੜ੍ਹੀਆਂ ਲਈ ਛੱਡਦੇ ਹੋਏ ਸਾਡਾ ਵੱਡਾ ਪ੍ਰਸ਼ਨ ਅੱਜ ਦੇ ਮਾਨਵ ਨੂੰ ਮਾਨਵ ਵੱਲੋਂ ਹੀ ਕਾਬੂ ਕਰਨ ਦੀਆਂ ਤਕਨੀਕਾਂ ਬਾਰੇ ਹੈ। ਇਕ ਸਾਧਾਰਨ ਵਿਅਕਤੀ ਵੀ ਮੋਬਾਈਲ/ਸੀ ਸੀ ਟੀਵੀ ਕੈਮਰੇ/ਸੋਸ਼ਲ ਮੀਡੀਆ/ਬਾਇਓਮੀਟਰਕ ਹਾਜ਼ਰੀ/ਆਧਾਰ ਕਾਰਡ ਅਤੇ ਬੈਂਕ ਅਕਾਊਂਟ ਨਾਲ ਐਨਾ ਕਾਬੂ ਵਿਚ ਆ ਗਿਆ ਹੈ ਕਿ ਅੱਜ ਦੇ ਯੁੱਗ ਵਿਚ ਇਨ੍ਹਾਂ ਚੀਜ਼ਾਂ ਬਗ਼ੈਰ ਨਾ ਜਿਉਂ ਸਕਦਾ ਹੈ ਤੇ ਨਾ ਹੀ ਭੱਜ ਸਕਦਾ ਹੈ। ਮਾਇਆਵੀ/ ਹਾਈਪਰ ਰੀਅਲ/ਰੀਲ/ਵਰਚੁਅਲ ਰਿਐਲਿਟੀ ਦਾ ਸੰਸਾਰ ਇੰਨਾ ਫੈਲ ਗਿਆ ਹੈ ਕਿ ਮਾਨਵੀ ਸੂਝ ਰੀਅਲ ਅਤੇ ਰੀਲ, ਯਥਾਰਥ ਅਤੇ ਭਰਮ, ਅਸਲ ਅਤੇ ਨਕਲ ਵਿਚ ਫਰਕ ਕਰਨ ਤੋਂ ਅਸਮਰੱਥ ਹੋ ਰਹੀ ਹੈ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਦੁਨੀਆ ਤੇਜ਼ੀ ਨਾਲ ਬਦਲ ਰਹੀ ਹੈ। ਤਕਨੀਕ ਨਾਲ ਵਿਅਕਤੀ ਨੂੰ ਵਿਅਕਤੀ ਵੱਲੋਂ ਕਾਬੂ ਕਰਨਾ, ਸੋਸ਼ਣ ਕਰਨਾ ਜਾਂ ਗ਼ੈਰ ਪ੍ਰਸੰਗਕ ਕਰਨਾ ਅੱਜ ਵੀ ਅਹਿਮ ਮਸਲਾ ਹੈ। ਇਸ ਦਾ ਸਿੱਧਾ ਸਾਦਾ ਹੱਲ ਤਾਂ ਤਕਨੀਕ ਦਾ ਸਰਵਵਿਆਪੀ ਕਰਨਾ ਹੈ ਪਰ ਦੂਜਾ ਪ੍ਰਸ਼ਨ, ਜੇ ਤਕਨੀਕ ਮਨੁੱਖ 'ਤੇ ਕਾਬੂ ਪਾ ਲਵੇਗੀ, ਦਾ ਹੱਲ ਕੱਢਣ ਦੀ ਜ਼ਰੂਰਤ ਪੈ ਰਹੀ ਹੈ। ਗਿਆਨ ਵਿਹੂਣੀ ਅੰਧੀ ਰਈਅਤ ਗਿਆਨਵਾਨ ਕਿਵੇਂ ਬਣੇ? ਕੂੜ ਦੀ ਕੰਧ ਕਿਵੇਂ ਟੁੱਟੇ, ਵੱਢੀ ਲੈ ਕੇ ਹੱਕ ਗਵਾ ਦੇਣ ਵਾਲਿਆਂ ਦਾ ਅਧਿਕਾਰ ਕਿਵੇਂ ਖੋਹਿਆ ਜਾਵੇ, ਘਾਲਿ ਖਾਣ ਵਾਲਿਆਂ ਕੋਲ ਹੱਥੋਂ ਦੇਣ ਦੀ ਸ਼ਕਤੀ ਕਿਵੇਂ ਆਵੇ ਕਿ ਕਿਰਤ ਵਿਚੋਂ ਵੰਡਣ ਦੀ ਥਾਂ ਬਚੇ? ਇਹ ਪ੍ਰਸ਼ਨ ਸਾਡੇ ਅੱਗੇ ਹਨ ਅਤੇ ਇਨ੍ਹਾਂ ਪ੍ਰਸ਼ਨਾਂ ਨੂੰ ਹੀ ਸਮਝਣ ਦੀ ਕੋਸ਼ਿਸ਼ ਵਿਚ ਹਾਂ ।

ਇਸ ਸਮੇਂ ਸੂਚਨਾ ਉੱਤੇ ਕੰਟਰੋਲ ਦਾ ਅਰਥ ਦੋ ਧਾਰੀ ਹੈ। ਇਕ ਪਾਸੇ ਤਾਂ ਨਿੱਜੀ ਅਤੇ ਸਮੂਹਕ ਸੰਸਥਾਵਾਂ, ਜਿਨ੍ਹਾਂ ਵਿਚ ਸਰਕਾਰੀ ਸੰਸਥਾਵਾਂ ਵੀ ਸ਼ਾਮਲ ਹਨ, ਦੇ ਡੈਟਾ ਚੋਰੀ ਹੋਣ ਅਤੇ ਚੋਰੀ ਹੋਏ ਡਾਟੇ ਨੂੰ ਹੋਰ ਗ਼ੈਰ ਕਾਨੂੰਨੀ ਕੰਮਾਂ ਢੰਗਾਂ ਨਾਲ ਵਰਤਣ ਦੀਆਂ ਅਪਰਾਧਕ ਕਾਰਵਾਈਆਂ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਇਸ ਦੇ ਬਿਲਕੁਲ ਉਲਟ ਸੂਚਨਾ ਅਤੇ ਗਿਆਨ ਉੱਪਰ ਕੁਝ ਕੰਪਨੀਆਂ, ਸੰਸਥਾਵਾਂ ਅਤੇ ਸਰਕਾਰਾਂ ਨੇ ਕਬਜ਼ਾ ਕਰ ਰੱਖਿਆ ਹੈ ਅਤੇ ਉਹ ਸੂਚਨਾ ਤੇ ਗਿਆਨ ਤਕ ਕਿਸੇ ਦੀ ਰਸਾਈ ਨਹੀਂ ਹੋਣ ਦੇ ਰਹੀਆਂ ਹਨ। ਉਹ ਗਿਆਨ ਦੀ ਇਜਾਰੇਦਾਰੀ ਬਣਾਈ ਬੈਠੇ ਹਨ ਅਤੇ ਇਸ ਗਿਆਨ ਨੂੰ ਆਪਣੇ ਨਿੱਜੀ ਸਿਆਸੀ ਅਤੇ ਵਪਾਰਕ ਹਿੱਤਾਂ ਲਈ ਵਰਤ ਰਹੇ ਹਨ। ਇਸ ਸਾਰੀ ਖੇਡ ਨੂੰ ਸਮਝਣ ਲਈ ਠੋਸ ਮਿਸਾਲਾਂ ਦੀ ਬਹੁਤ ਜ਼ਰੂਰਤ ਹੁੰਦੀ ਹੈ ਕਿਉਂਕਿ ਅਮੂਰਤ ਸੰਕਲਪੀ ਧਾਰਨਾਵਾਂ ਸਪੱਸ਼ਟ ਨਹੀਂ ਹੁੰਦੀਆਂ, ਅਤੇ ਇਹ ਪਤਾ ਨਹੀਂ ਚਲਦਾ ਕਿ ਗਿਆਨ ਖੇਡ ਕਿਵੇਂ ਚੱਲਦੀ ਹੈ। ਸਭ ਤੋਂ ਪਹਿਲਾਂ ਨਿੱਜੀ ਡਾਟਾ ਚੋਰੀ ਹੋਣ ਦੀ ਸਿੱਧੀ ਛੋਟੀ ਉਦਾਹਰਨ ਕਿ ਤੁਹਾਡਾ ਏ ਟੀ ਐਮ ਦਾ ਪਾਸਵਰਡ ਤੁਹਾਡੇ ਤੋਂ ਵਿਸ਼ਵਾਸ ਨਾਲ ਜਾਂ ਧੋਖੇ ਨਾਲ ਜਾਂ ਜ਼ਬਰਦਸਤ ਪ੍ਰਾਪਤ ਕਰ ਲਿਆ ਜਾਵੇ, ਜਿਵੇਂ ਤੁਹਾਡਾ ਹੀ ਘਰ ਦਾ ਜੀਅ ਜਾਂ ਕਰਮਚਾਰੀ ਜਾਂ ਨੌਕਰ ਵਿਸ਼ਵਾਸ ਨਾਲ ਪਾਸਵਰਡ ਲੈ ਲਵੇ। ਇਹ ਵੀ ਹੋ ਸਕਦੈ ਕਿ ਤੁਹਾਡਾ ਕਾਰਡ ਕੋਈ ਚੋਰੀ

ਕਰ ਲਵੇ, ਤੁਹਾਡੇ ਏਟੀਐਮ ਕਾਰਡ ਦੀ ਕਾਪੀ ਕਲੋਨ ਡੁਪਲੀਕੇਟ ਬਣਾ ਲਵੇ ਅਤੇ ਵਿਸ਼ਵਾਸ ਵਿਚ ਲੈ ਕੇ ਧੋਖਾ ਦੇ ਦੇਵੇ ਆਦਿ। ਇਸੇ ਪ੍ਰਕਾਰ ਸਰਕਾਰੀ ਸੰਸਥਾਵਾਂ ਦੀ ਅੰਦਰੂਨੀ ਕੰਪਿਊਟਰਾਂ ਵਿਚ ਪਈ ਜਾਣਕਾਰੀ ਇੰਟਰਨੈੱਟ ਨੈੱਟਵਰਕ ਰਾਹੀਂ ਹੈਕ ਭਾਵ ਪਕੜ ਜਾਂ ਚੋਰੀ ਕਰ ਲਈ ਜਾਵੇ। ਮੰਨ ਲਓ ਜਿਵੇਂ ਬਿੱਡ ਜਾਂ ਟੈਂਡਰ ਸਮੇਂ ਕੁਟੇਸ਼ਨਾਂ ਦੀ ਜਾਣਕਾਰੀ ਲੀਕ ਹੋ ਜਾਵੇ। ਸਰਕਾਰ ਦੀ ਅੰਦਰਲੀ ਜਾਣਕਾਰੀ ਅਪਰਾਧੀ ਵਰਤਣ ਲੱਗ ਪੈਣ। ਸੋਸ਼ਲ ਨੈੱਟਵਰਕ (ਫੇਸਬੁੱਕ, ਵਟਸਐਪ, ਟਵਿੱਟਰ) ਉੱਪਰ ਕੋਈ ਵਿਅਕਤੀ ਵਿਸ਼ੇਸ਼ ਜਾਂ ਆਮ ਲੋਕ ਜਾਂ ਵਿਸ਼ੇਸ਼ ਸਮਾਜਕ ਸਮੂਹ ਕੀ ਕਰਦੇ ਹਨ, ਇਸ ਬਾਰੇ ਜਾਣਕਾਰੀ ਨੂੰ ਵਪਾਰਕ ਕੰਪਨੀਆਂ ਅਤੇ ਸਿਆਸੀ ਲੋਕ ਦੋ ਪੱਧਰਾਂ 'ਤੇ ਵਰਤਦੇ ਹਨ। ਇਕ ਵਿਅਕਤੀ ਵਿਸ਼ੇਸ਼ ਦੀ ਨਿੱਜੀ ਜਾਣਕਾਰੀ ਲੈ ਕੇ ਉਸ ਨੂੰ ਨੁਕਸਾਨ ਪਹੁੰਚਾਉਣ ਲਈ ਜਿਵੇਂ ਤੁਸੀਂ ਫੇਸਬੁੱਕ ਉੱਪਰ ਜਾਣਕਾਰੀ ਪਾ ਦਿੱਤੀ ਕਿ ਅਸੀਂ ਸਾਰਾ ਟੱਬਰ ਸੱਤ ਦਿਨਾਂ ਲਈ ਪਹਾੜਾਂ 'ਤੇ ਸੈਰ ਲਈ ਜਾ ਰਹੇ ਹਾਂ, ਪਿੱਛੋਂ ਚੋਰਾਂ ਨੇ ਚੋਰੀ ਕਰ ਲਈ, ਇਹ ਜਾਣਕਾਰੀ ਦੀ ਇਕ ਕੁਵਰਤੋਂ ਹੈ। ਦੂਜਾ ਅਸਿੱਧੇ ਢੰਗ ਨਾਲ ਫੇਸਬੁੱਕ ਤੋਂ ਜਾਣ ਲਿਆ ਜਾਵੇ ਕਿ ਕਿਹੜੀ ਉਮਰ, ਲਿੰਗ ਅਤੇ ਇਲਾਕੇ ਦੇ ਕਿੰਨੇ ਲੋਕ ਪਿਛਲੇ ਹਫਤੇ, ਮਹੀਨੇ ਜਾਂ ਸਾਲ ਕਿੱਥੇ ਗਏ, ਕਦੋਂ ਗਏ, ਜਾਣ ਲਿਆ ਜਾਵੇ, ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਟੂਰ ਪੈਕੇਜਾਂ, ਹੋਟਲਾਂ, ਟੈਕਸੀਆਂ ਦੀ ਇਸ਼ਤਿਹਾਰਬਾਜ਼ੀ ਕੀਤੀ ਜਾਵੇ। ਪਹਿਲਾਂ ਲੋਕਾਂ ਦੀਆਂ ਰੁਚੀਆਂ ਰੁਝਾਨਾਂ ਵਿਚੋਂ ਨਾਅਰੇ ਫੁੱਟਦੇ ਸਨ। ਹੁਣ ਪ੍ਰਸ਼ਾਂਤ ਕਿਸ਼ੋਰ ਵਰਗੇ ਸਿਆਸੀ ਪੈਂਤੜੇਬਾਜ਼ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਨਾਅਰੇ ਤਿਆਰ ਕਰਦੇ ਹਨ। ਉਨ੍ਹਾਂ ਦੀਆਂ ਭਾਵਨਾਵਾਂ ਨੂੰ ਆਪਣੇ ਸਿਆਸੀ ਮੁਫ਼ਾਦਾਂ ਲਈ ਵਰਤਣ ਦੀ ਜੁਗਤ ਲੜਾਉਂਦੇ ਹਨ।

ਇਸ ਦਾ ਇਕ ਹੋਰ ਪਾਸਾਰ ਹੈ ਕਿ ਸਰਕਾਰ ਤੁਹਾਡੇ ਡੈਟੇ 'ਤੇ ਕਬਜ਼ਾ ਕਰ ਬੈਠ ਜਾਂਦੀ ਹੈ। ਕੰਪਨੀਆਂ ਅਤੇ ਸੰਸਥਾਵਾਂ ਤੁਹਾਡੇ ਵੱਲੋਂ ਉਤਪਾਦਤ ਕੀਤੇ ਗਿਆਨ 'ਤੇ ਕਬਜ਼ਾ ਕਰ ਕੇ ਤੁਹਾਨੂੰ ਹੀ ਉਸ ਤੋਂ ਮਹਿਰੂਮ ਕਰ ਦਿੰਦੀਆਂ ਹਨ। ਮਿਸਾਲ ਵਜੋਂ ਤੁਸੀਂ ਕੋਈ ਗੀਤ ਲਿਖਿਆ ਗਾਇਆ ਹੈ, ਗੀਤ ਗਾਉਣ ਤੋਂ ਪਹਿਲਾਂ ਤੁਹਾਡੇ ਤੋਂ ਅਹਿਦਨਾਮੇ ਉੱਪਰ ਦਸਤਖ਼ਤ ਕਰਵਾ ਲਏ ਜਾਂਦੇ ਹਨ ਕਿ ਗੀਤ ਦੇ ਸਾਰੇ ਅਧਿਕਾਰ ਕੰਪਨੀ ਕੋਲ ਰਹਿਣਗੇ। ਇਕ ਵਾਰੀ ਗਾਉਣ ਤੋਂ ਬਾਅਦ ਤੁਸੀਂ ਉਹ ਗਾਣਾ ਆਪਣੀ ਮਰਜ਼ੀ ਨਾਲ ਦੁਬਾਰਾ ਨਾ ਰਿਕਾਰਡ ਕਰਾ ਸਕਦੇ ਹੋ, ਨਾ ਗਾ ਸਕਦੇ ਹੋ। ਇਸ ਦੇ ਉਲਟ ਕੰਪਨੀ ਉਸ ਗੀਤ ਨੂੰ ਮੰਡੀ ਵਿਚ ਵੇਚਦੀ ਹੈ ਫ਼ਿਲਮਾਂ ਵਿਚ ਚਲਾਉਂਦੀ ਹੈ, ਰੇਡੀਓ 'ਤੇ ਵਜਾਉਂਦੀ ਹੈ, ਟੀਵੀ ਨੂੰ ਦਿੰਦੀ ਹੈ ਪਰ ਤੁਹਾਨੂੰ ਜੇ ਆਪਣੇ ਹੀ ਗੀਤ ਦੀ ਲੋੜ ਪੈ ਜਾਵੇ ਤਾਂ ਕੰਪਨੀ ਪੈਸੇ ਲੈ ਕੇ ਦਿੰਦੀ ਹੈ। ਸਰਮਾਏਦਾਰੀ ਮੰਡੀ ਦੇ ਕਾਨੂੰਨ ਅਨੁਸਾਰ ਕੰਪਨੀ ਦਾ ਤਰਕ ਹੈ ਕਿ ਅਸੀਂ ਵਸਤ ਤਿਆਰ ਕੀਤੀ, ਇਸ਼ਤਿਹਾਰਬਾਜ਼ੀ ਕੀਤੀ ਅਤੇ ਸਭ ਕੁਝ 'ਤੇ ਪੈਸਾ ਖਰਚਿਆ ਗਿਆ ਹੈ ਇਸ ਲਈ ਮੁਨਾਫ਼ਾ ਕਮਾਉਣਾ ਸਾਡਾ ਹੱਕ ਹੈ। ਰਿਕਾਰਡ ਤੋਂ ਪਹਿਲਾਂ ਹਰ ਗਾਇਕ ਮਨਮਰਜ਼ੀ ਨਾਲ ਗਾਉਂਦਾ ਸੀ ਜਾਂ ਵਰਤੋਂ ਵੱਧ ਧਨ ਦੌਲਤ ਦੇ ਲਾਲਚ ਵਿਚ ਵਾਰ ਵਾਰ ਗੁਆਇਆ ਜਾ ਸਕਦਾ ਸੀ ਪਰ ਹਰ ਵਾਰ ਲਾਲਚ ਜਾਂ ਧਮਕਾ ਕੇ ਹੀ ਗਵਾਇਆ ਜਾ ਸਕਦਾ ਸੀ। ਪਰ ਅੱਜ ਗਾਣਾ ਗਾਉਂਦਿਆਂ ਅਤੇ ਕਰਾਰਨਾਮਾ ਭਰਦਿਆਂ ਹੀ ਤੁਹਾਡੇ ਹੱਥ ਹੀ ਨਹੀਂ ਗਲਾ ਵੀ ਕੱਟਿਆ ਜਾਂਦਾ ਹੈ। ਬਹੁਤ ਵੱਡੀਆਂ ਧੜਵੈਲ ਕੰਪਨੀਆਂ ਲੋਕਾਂ ਦੀ ਖੋਜ ਉਪਰ ਇਉਂ ਹੀ ਡਾਕਾ ਮਾਰਦੀਆਂ ਹਨ। ਮਿਸਾਲ ਵਜੋਂ ਅੱਜ ਕੋਈ ਵਿਗਿਆਨੀ ਕਿਸੇ ਬੀਮਾਰੀ ਲਈ ਦਵਾਈ ਖੋਜਦਾ ਹੈ ਤਾਂ ਇਸ ਲਈ ਉਸ ਨੂੰ ਇਕੱਲੇ ਨੂੰ ਜਾਂ ਸਮੁੱਚੀ ਟੀਮ ਨੂੰ ਮਹਿੰਗੀ ਪ੍ਰਯੋਗਸ਼ਾਲਾ ਅਤੇ ਖੋਜ ਦੌਰਾਨ ਜੀਵਨ ਨਿਰਬਾਹ ਕਰਨ ਲਈ ਪੈਸਾ ਚਾਹੀਦਾ ਹੈ। ਕੰਪਨੀ ਉਸ ਦੀ ਖੋਜ ਉੱਪਰ ਪੈਸਾ ਤਾਂ ਖਰਚਦੀ ਹੈ ਪਰ ਖੋਜ ਉੱਪਰ ਕਬਜ਼ਾ ਕਰ ਲੈਂਦੀ ਹੈ। ਉਹ ਵਿਅਕਤੀ ਆਪਣੀ ਬੌਧਿਕ ਕਿਰਤ ਨਿਗੂਣੇ ਭਾਅ 'ਤੇ ਵੇਚਣ ਲਈ ਮਜਬੂਰ ਹੁੰਦਾ ਹੈ। ਸਭ ਤੋਂ ਹਾਸੋਹੀਣੀ ਗੱਲ ਹੈ ਕਿ ਖੁਦ ਬੌਧਿਕ ਕਿਰਤ ਦੇ ਕਾਮੇ ਸਰਮਾਏਦਾਰੀ ਦੇ ਜਾਲ ਵਿਚ ਫਸਕੇ ਇੰਟਲੈਕਚੁਅਲ ਪ੍ਰਾਪਰਟੀ ਰਾਈਟ ਦੇ ਰਾਖੇ ਬਣ ਜਾਂਦੇ ਹਨ।



ਉਨ੍ਹਾਂ ਨੂੰ ਲੱਗਦਾ ਹੈ ਕਿ ਸ਼ਾਇਦ ਇਹ ਸਾਡੀ ਬੌਧਿਕ ਕਿਰਤ ਦੀ ਰਾਖੀ ਲਈ ਬਣਾਇਆ ਗਿਆ ਕਾਨੂੰਨ ਹੈ, ਜਦੋਂ ਕਿ ਅਸਲ ਵਿਚ ਤਾਂ ਇਹ ਐਕਟ ਸਰਮਾਏਦਾਰੀ ਦੀਆਂ ਤਜੌਰੀਆਂ ਭਰਨ ਅਤੇ ਆਮ ਲੋਕਾਂ ਨੂੰ ਖੋਜ ਤੋਂ ਹੋਣ ਵਾਲੇ ਫਾਇਦਿਆਂ ਤੋਂ ਉਨੀ ਦੇਰ ਮਹਿਰੂਮ ਰੱਖਣ ਦਾ ਢੰਗ ਹੈ ਜਿੰਨੀ ਦੇਰ ਉਹ ਮਹਿੰਗੇ ਭਾਅ ਖਰੀਦਣ ਲਈ ਤਿਆਰ ਨਹੀਂ ਹੁੰਦੇ। ਮਿਸਾਲ ਵਜੋਂ ਅੱਜ ਜੇਕਰ ਕੋਈ ਵਿਅਕਤੀ ਕੈਂਸਰ ਰੋਕਣ ਦੀ ਨਵੀਂ ਗੋਲੀ ਬਣਾਉਂਦਾ ਹੈ ਅਤੇ ਇਸ ਖੋਜੀ ਕੋਲ ਕਿਉਂਕਿ ਕੋਈ ਪ੍ਰਯੋਗਸ਼ਾਲਾ ਅਤੇ ਜੀਵਨ ਨਿਰਬਾਹ ਦਾ ਤਰੀਕਾ ਨਹੀਂ ਹੁੰਦਾ ਇਸ ਲਈ ਉਹ ਕਿਸੇ ਕੰਪਨੀ ਵਿਚ ਨੌਕਰੀ ਕਰਦਾ ਹੈ, ਪਰ ਕੰਪਨੀ ਖੋਜ ਉੱਪਰ ਲਾਏ ਪੈਸੇ ਨੂੰ ਰੋਗੀਆਂ ਤੋਂ ਮਹਿੰਗੇ ਭਾਅ ਗੋਲੀ ਦੇ ਕੇ ਵਸੂਲਦੀ ਹੈ। ਇੱਥੇ ਕੰਪਨੀ ਕਿਸੇ ਬੁੱਧੀਜੀਵੀ ਦੀ ਕਿਰਤ ਦਾ ਸਨਮਾਨ ਨਹੀਂ ਕਰ ਰਹੀ ਸਗੋਂ ਉਸ ਦੀ ਕਿਰਤ ਦਾ ਸ਼ੋਸ਼ਣ ਕਰ ਰਹੀ ਹੈ, ਨਾਲ ਹੀ ਰੋਗੀਆਂ ਦਾ ਵੀ ਸ਼ੋਸ਼ਣ ਕਰ ਰਹੀ ਹੈ। ਇਕ ਹੋਰ ਮਿਸਾਲ ਨਾਲ ਸਥਿਤੀ ਨੂੰ ਸਮਝਿਆ ਜਾ ਸਕਦਾ ਹੈ।ਅੱਜ ਇਕ ਅਧਿਆਪਕ ਨੂੰ ਵੱਧ ਜਾਂ ਘੱਟ ਨਿਸਚਤ ਤਨਖਾਹ ਮਿਲਦੀ ਹੈ ਪਰ ਹੋ ਸਕਦਾ ਹੈ ਭਵਿੱਖ ਵਿਚ ਕੁਝ ਯੂਨੀਵਰਸਿਟੀਆਂ ਜਾਂ ਗਿਆਨ ਦਾ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਬਹੁਤ ਹੀ ਪ੍ਰਤਿਭਾਸ਼ੀਲ ਵਿਅਕਤੀਆਂ ਦੇ ਬਹੁਤ ਹੀ ਤਿਆਰੀ ਨਾਲ ਦਿੱਤੇ ਲੈਕਚਰਾਂ ਨੂੰ ਨਾ ਕੇਵਲ ਰਿਕਾਰਡ ਹੀ ਕਰ ਲੈਣ ਸਗੋਂ ਉਨ੍ਹਾਂ ਦੇ ਲਿਖਤੀ ਰੂਪ ਵੀ ਤਿਆਰ ਕਰ ਲੈਣ ਅਤੇ ਬਾਅਦ ਵਿਚ ਉਨ੍ਹਾਂ ਨੂੰ ਵੇਚਣ। ਇਸ ਨਾਲ ਜੇ ਇਕ ਪਾਸੇ ਕੋਈ ਇਕ ਦੋ ਅਧਿਆਪਕਾਂ ਨੂੰ ਆਮ ਨਾਲੋਂ ਵਧੇਰੇ ਤਨਖਾਹ ਜਾਂ ਭੱਤੇ ਦੇ ਕੇ ਖੁਸ਼ ਕਰ ਦਿੱਤਾ ਜਾਵੇਗਾ,ਤਾਂ ਇਸ ਦੇ ਨਾਲ ਹੀ ਬਾਕੀ ਅਧਿਆਪਕਾਂ ਵਿਚ ਬੇਰੁਜ਼ਗਾਰੀ ਆਵੇਗੀ ਅਤੇ ਵਿਦਿਆਰਥੀਆਂ ਤੋਂ ਵੀ ਵਧੇਰੇ ਪੈਸੇ ਵਸੂਲੇ ਜਾਣਗੇ।

ਮਸ਼ੀਨ ਇਕ ਪਾਸੇ ਵਿਤਕਰੇ ਘਟਾਉਂਦੀ ਹੈ ਪਰ ਦੂਜੇ ਪਾਸੇ ਇਹ ਮਾਨਵੀ ਭਾਵਨਾਵਾਂ ਤੋਂ ਅਣਜਾਣ ਹੋਣ ਕਾਰਨ ਬੇਕਿਰਕ ਵੀ ਹੁੰਦੀ ਹੈ। ਮਿਸਾਲ ਵਜੋਂ ਮੰਨ ਲਵੋ ਇਕ ਆਟੋਮੈਟਿਕ ਮਸ਼ੀਨ ਸਿਰਫ ਡਾਲਰ ਪਾਇਆਂ ਹੀ ਪੀਣ ਵਾਲਾ ਪਾਣੀ ਦਿੰਦੀ ਹੈ। ਇਸ ਨਾਲ ਪਾਣੀ ਦੀ ਬੱਚਤ ਹੁੰਦੀ ਹੈ, ਮਸ਼ੀਨ ਕਾਲੇ-ਗੋਰੇ, ਹਿੰਦੂ-ਸਿੱਖ, ਸੁਬਹ-ਸ਼ਾਮ ਦਾ ਕੋਈ ਵਿਤਕਰਾ ਨਹੀਂ ਕਰਦੀ, ਕੇਵਲ ਪੈਸੇ ਦੀ ਭਾਸ਼ਾ ਸਮਝਦੀ ਹੈ। ਇਹ ਇਸ ਦੀ ਚੰਗੀ ਗੱਲ ਹੈ। ਪਰ ਆਦਮੀ ਪਿਆਸ ਨਾਲ ਸਾਹਮਣੇ ਮਰ ਜਾਵੇ ਮਸ਼ੀਨ ਬਿਨਾਂ ਪੈਸੇ ਤੋਂ ਪਾਣੀ ਨਹੀਂ ਦੇਵੇਗੀ, ਜਦੋਂ ਕਿ ਕਰੂਰ ਤੋਂ ਕਰੂਰ ਜਲਾਦ ਵੀ ਕਤਲ ਤੋਂ ਪਹਿਲਾਂ ਮਕਤੂਲ ਦੀ ਆਖਰੀ ਇੱਛਿਆ ਪੁੱਛ ਹੀ ਲੈਂਦਾ ਹੈ ।

ਅੱਜ ਨਸ਼ੇ ਅਤੇ ਦਵਾਈਆਂ ਦੇ ਪ੍ਰਭਾਵ ਨਾਲ ਸੋਚ ਖੁੰਢੀ ਕੀਤੀ ਜਾ ਸਕਦੀ ਹੈ ਜਾਂ ਬਦਲੀ ਜਾ ਸਕਦੀ ਹੈ। ਮਿਸਾਲ ਵਜੋਂ ਪੋਲੀਗ੍ਰਾਫ ਲਾਈਡੀਟੈਕਟਰ ਟੈੱਸਟ ਸਮੇਂ ਨਸ਼ੇ ਦੇ ਟੀਕੇ ਦੇ ਪ੍ਰਭਾਵ ਅਧੀਨ ਵਿਅਕਤੀ ਤੋਂ ਸੱਚ ਅਖਵਾਇਆ ਜਾਣ ਦਾ ਦਾਅਵਾ ਕੀਤਾ ਜਾਂਦਾ ਹੈ। ਉਸ ਦੇ ਮਨ ਅਤੇ ਜ਼ੁਬਾਨ ਦਰਮਿਆਨ ਚੱਲ ਰਹੇ ਸੰਘਰਸ਼ ਨੂੰ ਹੋਰ ਫਿਜ਼ੀਕਲ ਟੈੱਸਟ ਜਿਵੇਂ ਦਿਲ ਦੀ ਧੜਕਨ, ਸਾਹਾਂ ਦੇ ਤੇਜ਼ ਮੱਠਾ ਚੱਲਣ, ਬਲੱਡ ਪ੍ਰੈਸ਼ਰ ਆਦਿ ਨਾਲ ਮੇਲਿਆ ਤੇ ਮਾਪਿਆ ਜਾਂਦਾ ਹੈ । ਇਸ ਤੋਂ ਸਿੱਧ ਹੁੰਦਾ ਹੈ ਕਿ ਕੇਵਲ ਕੰਪਿਊਟਰ ਵਿਚ ਜਮ੍ਹਾਂ ਜਾਣਕਾਰੀ ਚੋਰੀ ਨਹੀਂ ਹੁੰਦੀ ਸਗੋਂ ਦਿਮਾਗ਼ ਵਿਚ ਸਟੋਰ ਮੈਮਰੀ ਤਕ ਵੀ ਰਸਾਈ ਸ਼ੁਰੂ ਹੋ ਗਈ ਹੈ। ਇਹ ਤਾਂ ਸਿਰਫ਼ ਸਿੱਧ ਪੱਧਰੀ ਮਿਸਾਲ ਸੀ, ਬ੍ਰੇਨ ਮੈਪਿੰਗ ਲਈ ਇਸ ਤੋਂ ਕਿਤੇ ਵਧੇਰੇ ਸੂਖਮ ਯੰਤਰ ਹੋਂਦ ਵਿਚ ਆ ਰਹੇ ਹਨ ਜਾਂ ਆ ਜਾਣਗੇ। ਦਿਮਾਗ਼ ਦੇ ਵੱਖ ਵੱਖ ਹਿੱਸਿਆਂ ਵਿਚ ਇਲੈਕਟਰੋਡ ਲਾ ਕੇ ਸੂਚਨਾ ਨਿਕਾਲਣ ਦਾ ਕੰਮ ਲੈਬ ਪੱਧਰ 'ਤੇ ਕਾਫੀ ਹੱਦ ਤਕ ਹੋ ਰਿਹਾ ਹੈ ਅਤੇ ਹੋ ਚੁੱਕਿਆ ਹੈ। ਇਸ ਨਵੇਂ ਬਦਲ ਰਹੇ ਸੰਸਾਰ ਵਿਚ ਸੂਚਨਾ ਮਸਨੂਈ ਬੁੱਧ ਅਤੇ ਮਸ਼ੀਨਾਂ ਦਾ ਸੰਸਾਰ ਕਿਸ ਦਿਸ਼ਾ ਵੱਲ ਵਧੇਗਾ, ਮਨੁੱਖ ਮੁਕਤ ਕਿਵੇਂ ਹੋਵੇਗਾ, ਸਿਰਜਣਾਤਮਕ ਮਾਨਵੀ ਬੁੱਧ ਮਸ਼ੀਨ ਦੀ ਗਣਿਤਕ ਬੁੱਧ ਤੋਂ ਕਿਵੇਂ ਜਿੱਤੇਗੀ, ਸੂਚਨਾ ਸਭ ਲਈ ਸਾਂਝੀ ਕਿਵੇਂ ਹੋਵੇਗੀ-- ਇਹ ਸਵਾਲ ਭਵਿੱਖ ਵਿਚ ਸਮੁੱਚੇ ਸਮਾਜ ਦੇ ਬਣਨ ਵਾਲੇ ਹਨ ।

ਬਾਇਓਮੀਟ੍ਰਿਕ ਆਧਾਰ ਕਾਰਡ ਜਾਂ ਇਸੇ ਪ੍ਰਕਾਰ ਦਾ ਕੋਈ ਹੋਰ ਕਾਰਡ, ਮੋਬਾਈਲ ਫੋਨ ਜਾਂ ਇੰਟਰਨੈੱਟ ਕਨੈਕਸ਼ਨ ਲਾਗਿਨ, ਬੈਂਕ ਅਕਾਊਂਟ ਅਤੇ ਸੀਸੀਟੀਵੀ ਕੈਮਰਿਆਂ ਨਾਲ ਲਗਪਗ ਕੋਈ ਵੀ ਸਰੀਰਕ, ਆਰਥਿਕ ਅਤੇ ਮਾਨਸਿਕ ਹਰਕਤ ਸੂਚਨਾ ਦੇ ਨੈੱਟਵਰਕ ਕੋਲੋਂ ਗੁੱਝੀ ਨਹੀਂ ਹੈ। ਤੁਹਾਡੀ ਨਿੱਜਤਾ ਸਰਵਵਿਆਪੀ ਨਹੀਂ ਪਰ ਤਾਕਤਵਰ ਸਾਧਨ ਸੰਪੰਨ ਸੱਤਾਧਾਰੀਆਂ ਕੋਲ ਹੈ। ਅਜੇ ਵੀ ਸਮੂਹਕ ਅਵਚੇਤਨ ਕੰਟਰੋਲ ਤੋਂ ਬਾਹਰ ਹੈ।

ਡਿਜੀਟਲਾਈਜ਼ੇਸ਼ਨ ਦੀ ਸੂਚਨਾ ਕ੍ਰਾਂਤੀ ਇਕੱਲੀ ਨਹੀਂ ਹੈ, ਸਗੋਂ ਨੈਨੋ ਤਕਨਾਲੋਜੀ ਨਾਲ ਜੁੜ ਕੇ ਫਿਜ਼ਿਕਸ ਕਮਿਸਟਰੀ ਅਤੇ ਜੀਨ ਮੋਡੀਫਿਕੇਸ਼ਨ ਵੀ ਇਸ ਵਿਚ ਸ਼ਾਮਲ ਹੈ। ਪੋਸਟਮਾਡਰਨ ਸਾਇੰਸ ਵਿਚ ਨਵੀਆਂ ਲੱਭਤਾਂ ਨਾਲ ਮਨੁੱਖੀ ਕੰਟਰੋਲ ਦੇ ਨਵੇਂ ਰੂਪ ਪੈਦਾ ਹੋਏ ਹਨ। ਇਹ ਬੇੜੀਆਂ, ਕੈਦ, ਹਥਿਆਰਾਂ ਵਰਗੇ ਭੌਤਿਕ ਰੂਪ ਅਤੇ ਵਿਚਾਰਧਾਰਾ ਦੇ ਮਾਨਸਿਕ ਰੂਪਾਂ ਤੋਂ ਅਗਾਂਹ ਦੀ ਗੱਲ ਹੈ। ਮਨ ਅਤੇ ਸਰੀਰ ‘ਤੇ ਕੰਮ ਕਰਨ ਵਾਲੀਆਂ ਦਵਾਈਆਂ, ਸਰੀਰਕ ਹਰਕਤਾਂ ਨੂੰ ਨਿਗਰਾਨੀ ਹੇਠ ਲਿਆਉਣ ਵਾਲੇ ਯੰਤਰ ਅਤੇ ਮਾਨਸਿਕ ਕਿਰਿਆਵਾਂ ਦੇ ਰੂਪਾਂ ਨੂੰ ਪਕੜਨ ਵਾਲੀਆਂ ਡਿਵਾਇਸਾਂ ਦਾ ਨਵਾਂ ਜਮ੍ਹਾਂ ਜੋੜ ਹੈ। ਇਸ ਵਿਚ ਮਾਨਸਿਕ ਪ੍ਰਕਿਰਿਆਵਾਂ ਨੂੰ ਪ੍ਰਭਾਵਤ ਕਰਨ ਵਾਲਾ ਬਾਹਰਮੁਖੀ ਮੀਡੀਆ ਹੀ ਨਹੀਂ, ਅੰਤਰ ਮੁਖੀ ਪ੍ਰਭਾਵਤ ਕਰਨ ਵਾਲੇ ਹਾਰਮੋਨ ਅਤੇ ਜੀਨ ਥੈਰਾਪੀ ਵੀ ਸ਼ਾਮਲ ਹੈ।

ਅੱਜ ਵਿਅਕਤੀ ਦੀ ਵਿਅਕਤੀ ਵਜੋਂ ਅਹਿਮੀਅਤ ਘਟਦੀ ਜਾ ਰਹੀ ਹੈ। ਵਿਅਕਤੀ ਦਾ ਮਸ਼ੀਨੀ ਬਦਲ ਵਧੇਰੇ ਪ੍ਰਵਾਨ ਹੋ ਰਿਹਾ। ਵਿਅਕਤੀ ਦਾ ਸਮਾਜਕ ਮੁੱਲ ਉਸ ਦੀ ਕਿਰਤ ਕਰਕੇ ਸੀ, ਅੱਜ ਇਸ ਪੱਖੋਂ ਉਹ ਖ਼ਾਲੀ ਹੋ ਗਿਆ ਹੈ। ਆਟੋਮੇਸ਼ਨ ਨਾਲ ਕਿਰਤ ਗ਼ੈਰ ਪ੍ਰਸੰਗਕ ਹੋ ਗਈ ਹੈ। ਇਸ ਸਥਿੱਤੀ ਵਿਚ ਸੱਤਾਧਾਰੀ ਸਿਰਫ ਵਿਅਕਤੀ ਨੂੰ ਮੈਨੇਜ ਕਰਨ ‘ਤੇ ਲੱਗੇ ਹੋਏ ਹਨ। ਇਹ ਮੈਨੇਜਮੈਂਟ ਜਿਉਂਦੇ ਰਹਿਣ ਜੋਗਾ ਖਾਣਾ, ਅੰਗ ਢੱਕਣ ਜੋਗਾ ਪਹਿਰਾਵਾ, ਸਿਰ ‘ਤੇ ਸਾਧਾਰਨ ਛੱਤ ਤੋਂ ਇਲਾਵਾ ਮਾਨਸਿਕ ਪੱਧਰ ਉੱਤੇ ਸਿਰਫ ਨਸ਼ੇ ਅਤੇ ਮਨੋਰੰਜਨ ਦੇ ਰਿਹਾ ਹੈ। ਮਾਨਵਤਾ ਅੰਦਰ ਹੀ ਦੋ ਨਸਲਾਂ ਪੈਦਾ ਹੋ ਗਈਆਂ ਹਨ।

ਅੱਜ ਦੀ ਸਭ ਤੋਂ ਵੱਡੀ ਸਮੱਸਿਆ ਗਿਆਨ ਸੰਪਤੀ ਦੀ ਵਰਤੋਂ ਦੀ ਹੈ। ਨਵਾਂ ਗਿਆਨ ਪ੍ਰਬੰਧ ਗਿਆਨ ਨੂੰ ਮੁਨਾਫ਼ੇ ਲਈ, ਸੱਤਾ ਸੁੱਖ ਲਈ, ਵਰਤ ਰਿਹਾ ਹੈ ਜਾਂ ਸਭ ਦੇ ਕਲਿਆਣ ਲਈ ਵਰਤਿਆ ਜਾ ਰਿਹਾ ਹੈ। ਪਹਿਲੇ ਯੁੱਗਾਂ ਨਾਲੋਂ ਵੱਡਾ ਫਰਕ ਹੈ ਕਿ ਪਹਿਲਾਂ ਤਾਕਤਵਰ ਤੋਂ ਤਾਕਤਵਰ ਬਾਦਸ਼ਾਹ ਵੀ ਮਰਨਾ ਕਬੂਲ ਕਰਨ ਵਾਲੇ ਨੂੰ ਗੁਲਾਮ ਨਹੀਂ ਬਣਾ ਸਕਦਾ ਸੀ। ਸਰਮਾਏਦਾਰੀ ਯੁੱਗ ਵਿਚ ਅਥਾਹ ਧਨ ਦੌਲਤ ਦੇ ਮਾਲਕ ਵਿਅਕਤੀ ਦੇ ਸਰੀਰ ਨੂੰ ਖ਼ਤਮ ਕਰ ਸਕਦੇ ਸਨ ਪਰ ਉਸ ਦੇ ਵਿਚਾਰਾਂ ਨੂੰ ਮਾਰ ਨਹੀਂ ਸਕਦੇ ਸੀ। ਉੱਤਰ ਅਧੁਨਿਕ ਯੁੱਗ ਵਿਚ ਸੰਭਵ ਹੋ ਗਿਆ ਹੈ ਕਿ ਸਰੀਰ ਕਾਬੂ ਕਰ ਲਿਆ ਜਾਵੇ ਅਤੇ ਮਨ ਮਾਰ ਦਿੱਤਾ ਜਾਵੇ। ਇਹ ਕੰਮ ਵੱਡੀ ਪੱਧਰ ‘ਤੇ ਵਿੱਦਿਅਕ ਅਦਾਰੇ, ਹਸਪਤਾਲ ਅਤੇ ਮਨੋਰੰਜਨ ਸਨਅਤ ਕਰ ਰਹੀ ਹੈ। ਪਰ ਉਨ੍ਹਾਂ ਦੀ ਸਹਾਇਤਾ ਲਈ ਹਥਿਆਰਬੰਦ ਪੁਲੀਸ ਫੌਜ ਦੇ ਨਾਲ ਨਾਲ ਗਿਆਨ ਪ੍ਰਬੰਧਨ ਦੀ ਨਵੀਂ ਕਲਾ ਆ ਗਈ ਹੈ।

ਹੁਣ ਸਮੱਸਿਆ ਇਹ ਹੈ ਕਿ ਇਸ ਤੋਂ ਬਚਿਆ ਕਿਵੇਂ ਜਾਵੇ। ਹਮਲਾ ਬਹੁ ਪਾਸਾਰੀ, ਬਹੁ ਦਿਸ਼ਾਵੀ ਅਤੇ ਬਹੁਤ ਤਾਕਤਵਰ ਹੈ। ਇਸ ਦਾ ਮੁਕਾਬਲਾ ਵੀ ਉਸੇ ਤਰ੍ਹਾਂ ਹੀ ਕਰਨਾ ਪਵੇਗਾ। ਸਭ ਤੋਂ ਪਹਿਲਾਂ ਸਿੱਖਿਆ ਅਤੇ ਨਵੀਂ ਤਕਨੀਕ ਵਿਚ ਮੁਹਾਰਤ ਹਾਸਲ ਕਰਨੀ ਪਵੇਗੀ। ਦੂਸਰਾ ਨਿਰੋਲ ਟੈਕਨਾਲੋਜੀ ‘ਤੇ ਨਿਰਭਰ ਰਹਿਣ ਦੇ ਨਾਲੋ ਨਾਲ ਕੁਦਰਤੀ ਜੀਵਨ ਢੰਗ ਜੀਣ ਦੀ ਮੁਹਾਰਤ ਹਾਸਲ ਕਰਨੀ ਪਵੇਗੀ। ਇਹ ਟੈਕਨਾਲੋਜੀ ਦੇ ਵਿਰੋਧ ਦੀ ਗੱਲ ਨਹੀਂ ਅਤੇ ਨਾ ਹੀ ਬਦਲ ਵਜੋਂ ਹੈ, ਸਗੋਂ ਇਹ ਕੁਦਰਤ ਅਤੇ ਤਕਨਾਲੋਜੀ ਦੇ ਰਿਸ਼ਤੇ ਨੂੰ ਸਜੀਵ ਕਰਨ ਲਈ ਹੈ। ਆਟੋਮੇਸ਼ਨ ਨਾਲ



ਵਾਧੂ ਹੋਈ, ਜਾਂ ਕਹਿ ਲਓ ਕਿ ਗ਼ੈਰ ਪ੍ਰਸੰਗਕ ਹੋਈ, ਆਬਾਦੀ ਨੂੰ ਜੀਣ ਥੀਣ ਦੇ ਜੈਵਿਕ ਰੂਪ ਜੀਵਤ ਰਹਿਣ ਨਾਲੋਂ ਵੱਡੇ ਸਰੋਕਾਰਾਂ ਬਾਰੇ ਸਿਰਜਣਾਤਮਕ ਕਾਰਜਾਂ ਵਿਚ ਰੁੱਝੇ ਰਹਿਣਾ ਪਵੇਗਾ। ਹੁਣ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸਿੱਖਿਆ, ਤਕਨਾਲੋਜੀ, ਕੁਦਰਤੀ ਜੀਵਨ ਜੀਣ ਲਈ ਆਮ ਸਾਧਨ ਅਤੇ ਸਿਰਜਣਾਤਮਕ ਰੁਚੀਆਂ ਪ੍ਰਫੁੱਲਤ ਕਰਨ ਦਾ ਕੰਮ ਪਰਿਵਾਰ ਅਤੇ ਵਿੱਦਿਅਕ ਸੰਸਥਾਵਾਂ ਨੇ ਕਰਨਾ ਹੁੰਦਾ ਹੈ। ਪਰਿਵਾਰ ਸੰਸਥਾ ਖਤਮ ਹੋ ਰਹੀ ਹੈ ਅਤੇ ਵਿੱਦਿਅਕ ਸੰਸਥਾਵਾਂ ਵਪਾਰ ਦੀਆਂ ਗ਼ੁਲਾਮ ਬਣ ਗਈਆਂ ਹਨ।

ਇਸ ਸਥਿਤੀ ਵਿਚ ਕਾਰਜ ਮੁੱਢਲੇ ਪੱਧਰ ‘ਤੇ ਪਰਿਵਾਰ ਨੂੰ ਅਤੇ ਦੂਜੇ ਪੱਧਰ ‘ਤੇ ਸਮਾਜ ਦੇ ਰੋਣਵੇਂ ਸੰਵੇਦਨਸ਼ੀਲ ਗਰੁੱਪਾਂ ਨੂੰ ਹੱਥ ਵਿੱਚ ਲੈਣਾ ਪਵੇਗਾ। ਇਸ ਤੋਂ ਬਗ਼ੈਰ ਕੋਈ ਚਾਰਾ ਨਹੀਂ, ਜੇ ਅਸੀਂ ਸਭਿਅਤਾ ਨੂੰ ਬਚਾਉਣਾ ਹੈ ਤਾਂ ਅਜਿਹਾ ਕਰਨਾ ਪਵੇਗਾ। ਮੇਰੀ ਅੱਜ ਦੀ ਸਮਝ ਅਨੁਸਾਰ ਮਸਨੂਈ ਬੁੱਧੀ ਵਾਲੀਆਂ ਮਸ਼ੀਨਾਂ ਵੱਲੋਂ ਮਨੁੱਖ ਨੂੰ ਆਪਣੇ ਆਪ ਕਾਬੂ ਕਰ ਲੈਣਾ ਸੰਭਵ ਨਹੀਂ ਜਾਪਦਾ। ਪਰ ਇਨ੍ਹਾਂ ਮਸ਼ੀਨਾਂ ਰਾਹੀਂ ਤਾਕਤਵਰ ਸਾਧਨਵੰਤ ਲੋਕਾਂ ਵੱਲੋਂ ਆਮ ਲੋਕਾਂ ਨੂੰ ਕਾਬੂ ਕਰਨ ਦੀ ਪੂਰੀ ਸੰਭਾਵਨਾ ਹੈ, ਅਤੇ ਅਜਿਹਾ ਆਂਸ਼ਿਕ ਤੌਰ ‘ਤੇ ਸੰਭਵ ਵੀ ਹੋ ਚੁੱਕਿਆ ਹੈ। ਇਸ ਨਾਲ ਸ਼ੋਸ਼ਣਕਾਰੀ, ਗ਼ੁਲਾਮੀ ਅਤੇ ਨਿਆਂ ਦਾ ਮਸਲਾ ਪਹਿਲਾਂ ਨਾਲੋਂ ਵੀ ਗੰਭੀਰ ਹੋ ਗਿਆ ਹੈ। ਸੋ ਮਾਨਵਤਾ ਨੂੰ ਬਚਾਉਣ ਦੀ ਲੜਾਈ ਦੋ ਧਾਰੀ ਹੈ। ਇਕ ਪਾਸੇ ਤਾਂ ਮਸ਼ੀਨ ਨਾਲ ਲੜਾਈ ਲੜਨੀ ਪੈਣੀ ਹੈ, ਦੂਜੇ ਪਾਸੇ ਉਸ ਮਸ਼ੀਨ ਨੂੰ ਵਰਤ ਕੇ ਤੁਹਾਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰ ਰਹੇ ਸੱਤਾਧਾਰੀਆਂ ਨਾਲ ਲੜਾਈ ਲੜਨੀ ਪੈਣੀ ਹੈ। ਮਨੁੱਖ ਮਸ਼ੀਨ ਤੋਂ ਲੜਾਈ ਤਾਂ ਜਿੱਤ ਜਾਵੇਗਾ, ਕਿਉਂਕਿ ਬੇਪਨਾਹ ਸਰੀਰਕ ਸ਼ਕਤੀ ਅਤੇ ਗਣਿਤਕ ਯੋਗਤਾ ਦੇ ਮੁਕਾਬਲੇ ਵਿਅਕਤੀਗਤ ਅਵਚੇਤਨ ਅਤੇ ਚੇਤਨਾ ਦਾ ਜੋੜ ਸ਼ਕਤੀਸ਼ਾਲੀ ਸਿੱਧ ਹੋਵੇਗਾ। ਮਸ਼ੀਨ ਦਾ ਹੋਰ ਮਸ਼ੀਨਾਂ ਨਾਲ ਤਾਲਮੇਲ ਬਣਾਉਣ ਦੀ ਸਮਰੱਥਾ ਦੇ ਮੁਕਾਬਲੇ ਸਮੂਹਕ ਅਵਚੇਤਨ ਤਾਕਤਵਰ ਹੋਵੇਗਾ ਕਿਉਂਕਿ ਇਹ ਸਦੀਆਂ ਦੇ ਅਨੁਭਵ ਅਤੇ ਭਾਸ਼ਾ ਨਾਲ ਸਿਰਜਿਆ ਹੁੰਦਾ ਹੈ। ਬਾਹਰੀ ਅਤੇ ਅੰਦਰੂਨੀ ਆਟੋਮੈਟਿਕ ਅਪਡੇਟਿੰਗ ਦੇ ਮੁਕਾਬਲੇ ਮਾਨਵ ਦੀ ਸਿਰਜਣਾਤਮਕ ਬੁੱਧੀ, ਖਾਸ ਕਰਕੇ ਜਦੋਂ ਉਹ ਜੀਣ ਮਰਨ ਦੇ ਅਨੁਭਵੀ ਦਬਾਉ ਅਧੀਨ ਵਿਕਸਿਤ ਹੋਈ ਹੋਵੇ, ਮਸ਼ੀਨ ‘ਤੇ ਭਾਰੂ ਹੋ ਜਾਵੇਗੀ। ਇਕ ਮਸ਼ੀਨ ਵਿਅਕਤੀ ਤੋਂ ਵੱਡੀ ਹੋ ਸਕਦੀ ਹੈ ਪਰ ਸਮੂਹ ਵਿਅਕਤੀਆਂ ਤੋਂ ਵੱਡੀ ਨਹੀਂ ਹੋ ਸਕਦੀ। ਪਰ ਜੇ ਮਸ਼ੀਨ ਖੁਦ ਕਿਸੇ ਦਾ ਹੱਥ ਠੋਕਾ ਹੋਈ ਤਾਂ ਉਹ ਮਾਨਵਤਾ ਲਈ ਭਿਆਨਕ ਖਤਰਾ ਹੋ ਸਕਦੀ ਹੈ। ਇਸ ਦਾ ਹੱਲ ਸਿੱਖਿਆ ਅਤੇ ਤਕਨੀਕ ਵਿੱਚ ਮੁਹਾਰਤ ਹਾਸਲ ਕਰਨਾ ਅਤੇ ਨਾਲ ਦੀ ਨਾਲ ਜ਼ਿੰਦਗੀ ਜੀਣ ਦਾ ਸਹਿਜ ਮਾਰਗ ਤਲਾਸ਼ਣਾ ਹੈ।

ਗਿਆਨ ਨੂੰ ਵਿਅਕਤੀਗਤ ਸੰਪਤੀ ਸਮਝਣ ਦੀ ਥਾਂ ਸਰਬਸਾਂਝੀ ਸੰਪਤੀ ਮੰਨਣਾ ਚਾਹੀਦਾ ਹੈ, ਅਤੇ ਇਸ ਲਈ ਕਾਨੂੰਨ ਬਣਾਉਣ ਦੀ ਜ਼ਰੂਰਤ ਹੈ। ਇਸ ਦੇ ਨਾਲ ਹੀ ਜਨਤਾ ਨੂੰ ਵਡੇਰੇ ਸਿਰਜਣਾਤਮਕ ਕੰਮਾਂ ਵਿਚ ਲਗਾਉਣਾ ਪਵੇਗਾ। ਇਸ ਲਈ ਵਿਸ਼ਾਲ ਕੇਂਦਰੀ ਯੋਜਨਾਬੰਦੀ, ਸਥਾਨਕ ਬਹੁਵਾਦ ਅਤੇ ਮਾਨਵੀ ਸੰਵੇਦਨਾ ਦਰਮਿਆਨ ਸੰਤੁਲਨ ਬਣਾਉਣਾ ਪਵੇਗਾ। ਤਾਂ ਹੀ ਮਨੁੱਖਤਾ ਦਾ ਭਵਿੱਖ ਬਚ ਸਕੇਗਾ।000

***(ਪ੍ਰੋਫੈਸਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ***
***ਫੋਨ: 98150-50617)***

# ਜਲ੍ਹਿਆਂ ਵਾਲਾ ਬਾਗ਼ ਦੀ ਖ਼ੂਨੀ ਵਿਸਾਖੀ ਦੇ ਸੌ ਵਰ੍ਹੇ

**ਚਮਨ ਲਾਲ**

13 ਅਪਰੈਲ  2019 ਨੂੰ ਅੰਮ੍ਰਿਤਸਰ ਦੇ ਜਲਿਆਂ ਵਾਲਾ ਬਾਗ਼ ਵਿਚ ਸੌ ਵਰ੍ਹੇ ਪਹਿਲਾਂ ਜੋ ਖ਼ੂਨੀ ਵਿਸਾਖੀ ਮਨਾਈ ਗਈ ਸੀ, ਜਿਸ ਵਿਚ ਜਨਰਲ ਡਾਇਰ ਨੇ ਹਿੰਦੁਸਤਾਨੀਆਂ ਦਾ ਖ਼ੂਨ ਜਿਸ ਬੇਰਹਿਮੀ ਨਾਲ ਵਹਾਇਆ ਸੀ, ਉਸ ਭਿਆਨਕ ਕਾਂਡ ਦੇ ਸੌ ਸਾਲ ਪੂਰੇ ਹੋ ਕੇ ਲੰਘ ਵੀ ਗਏ। ਜਿਸ ਕਤਲੇਆਮ ਵਿਚ ਅੰਗਰੇਜ਼ੀ ਬਸਤੀਵਾਦੀ ਹਕੂਮਤ ਮੁਤਾਬਕ 379 ਅਤੇ ਹਿੰਦੁਸਤਾਨੀਆਂ ਦੇ ਵੱਖ ਵੱਖ ਅੰਦਾਜ਼ਿਆਂ ਮੁਤਾਬਕ ਇਕ ਹਜ਼ਾਰ ਤੋਂ ਵੱਧ ਹਿੰਦੁਸਤਾਨੀ,ਜਿਨ੍ਹਾਂ ਵਿਚ ਹਿੰਦੂ, ਸਿੱਖ ਅਤੇ ਮੁਸਲਿਮ ਭਾਈਚਾਰੇ-ਤਿੰਨਾਂ ਨੇ ਮਿਲ ਕੇ ਕੁਰਬਾਨੀਆਂ ਦਿੱਤੀਆਂ ਅਤੇ ਜੋ ਕਾਂਡ ਸਾਡੀ ਜੰਗੇ ਆਜ਼ਾਦੀ ਦਾ ਸਰਬ ਉੱਚ ਚਿੰਨ੍ਹ ਬਣ ਕੇ ਇਤਿਹਾਸ ਵਿਚ ਦਰਜ ਹੋ ਗਿਆ ਸੀ। ਜਿਸ ਕਾਂਡ ਨੇ ਊਧਮ ਸਿੰਘ ਵਰਗੇ ਇਨਕਲਾਬੀ ਦੇਸ਼ ਭਗਤ ਪੈਦਾ ਕੀਤੇ, ਜਿਨ੍ਹਾਂ ਇਸ ਕਤਲੇਆਮ ਦਾ ਬਦਲਾ 21 ਵਰ੍ਹੇ ਬਾਅਦ ਲੈਫਟੀਨੈਂਟ ਓਡਵਾਇਰ ਜੋ ਉਸ ਸਮੇਂ ਪੰਜਾਬ ਦਾ ਹੁਕਮਰਾਨ ਸੀ, ਨੂੰ ਮਾਰ ਕੇ ਚੁਕਾਇਆ। ਜਨਰਲ ਡਾਇਰ ਕਈ ਵਰ੍ਹੇ ਪਹਿਲਾਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਮਰ ਚੁੱਕਾ ਸੀ। ਅਫ਼ਸੋਸ ਇਸ ਗੱਲ ਦਾ ਰਿਹਾ ਕਿ ਇਸ ਭਿਆਨਕ ਕਾਂਡ ਦੇ ਸੌ ਵਰ੍ਹੇ ਪੂਰੇ ਹੋਣ ‘ਤੇ ਹਿੰਦੁਸਤਾਨੀਆਂ ਨੇ ਉਸ ਸੋਗ ਤੇ ਰੋਸ ਨਾਲ ਇਸ ਦਿਨ ਨੂੰ ਯਾਦ ਨਹੀਂ ਕੀਤਾ, ਜਿਸ ਸੋਗ ਤੇ ਰੋਸ ਦਾ ਇਹ ਦਿਨ ਹੱਕਦਾਰ ਸੀ। ਪੰਜਾਬੀਆਂ ਨੇ ਜ਼ਰੂਰ ਇਸ ਦਿਨ ਰੋਸ ਮੁਜ਼ਾਹਰਿਆਂ, ਮੀਟਿੰਗਾਂ ਅਤੇ ਹੋਰ ਤਰੀਕਿਆਂ ਨਾਲ ਇਸ ਇਤਿਹਾਸਿਕ ਦਿਨ ਦੀ ਯਾਦ ਨਾਲ ਨਿਆਂ ਕੀਤਾ ਅਤੇ ਪੰਜਾਬ ਦੇ ਅਖ਼ਬਾਰਾਂ, ਖ਼ਾਸ ਕਰ ‘ਟ੍ਰਿਬਿਊਨ’ ਅਤੇ ‘ਪੰਜਾਬੀ ਟ੍ਰਿਬਿਊਨ’ ਨੇ ਇਸ ਦਿਨ ਦੇ ਗੌਰਵਮਈ ਇਤਿਹਾਸ ਨੂੰ ਵਾਜਬ ਤਰੀਕੇ ਨਾਲ ਯਾਦ ਕੀਤਾ, ਪਰ ਪੰਜਾਬ ਤੋਂ ਬਾਹਰ ਦੇ ਹਿੰਦੁਸਤਾਨੀਆਂ ਨੇ ਇਸ ਦਿਨ ਨਾਲ ਉਹ ਇਕਜੁਟਤਾ ਅਤੇ ਸਨਮਾਨ ਨਹੀਂ ਦਿਖਾਇਆ, ਜਿਸ ਦਾ ਇਹ ਦਿਨ ਮੰਗ ਕਰਦਾ ਸੀ। ਭਾਰਤੀ ਆਜ਼ਾਦੀ ਸੰਗਰਾਮ ਦੇ ਇਸ ਸਰਬ ਉੱਚ ਚਿੰਨ੍ਹ ਦੇ ਵਾਜਬ ਸਨਮਾਨ  ਲਈ ਮੁਲਕ ਦੇ ਰਾਸ਼ਟਰਪਤੀ ਯਾ ਪ੍ਰਧਾਨ ਮੰਤਰੀ ਤੋਂ ਏਨਾ ਵੀ ਨਹੀਂ ਸਰਿਆ ਕਿ ਉਹ ਇਸ ਦਿਹਾੜੇ ਦੀ ਪਵਿੱਤਰਤਾ ਨੂੰ ਬਣਦਾ ਸਨਮਾਨ ਦੇਣ ਲਈ ਕੁਝ ਘੰਟੇ ਦਾ ਵਕਤ ਕੱਢ ਕੇ ਉਸ ਥਾਂ ਹਾਜ਼ਰ ਹੀ ਹੋ ਜਾਂਦੇ। ਮੁਲਕ ਅੰਦਰ ਵੋਟਾਂ ਦੇ ਜਾਲ਼ ਵਿਚ ਉਲਝੀਆਂ ਪਾਰਟੀਆਂ ਤੇ ਨੇਤਾਵਾਂ ਨੂੰ ਵੀ ਇਸ ਦਿਨ ਦੀ ਕੋਈ ਪਰਵਾਹ ਨਹੀਂ ਸੀ, ਜਿਸ ਕਰਕੇ ਅੱਜ ਉਹ ਵੋਟਾਂ ਦੀ ਖੇਡ ਖੇਡਣ ਜੋਗੇ ਹੋਏ ਹਨ।

ਅੰਗਰੇਜ਼ ਬਸਤੀਵਾਦੀਆਂ ਨੇ 1757 ਤੋਂ 1857 ਤਕ ਈਸਟ ਇੰਡੀਆ ਕੰਪਨੀ ਰਾਹੀਂ ਹਿੰਦੁਸਤਾਨ ‘ਤੇ ਹਕੂਮਤ ਕੀਤੀ, ਬੇਸ਼ੱਕ ਇਹ ਇਕ ਵਪਾਰਕ ਕੰਪਨੀ ਸੀ, ਪਰ ਇਸ ਦੇ ਹਿੰਦੁਸਤਾਨ ‘ਤੇ ਹਕੂਮਤ ਸੰਬੰਧੀ ਕਾਨੂੰਨ ਬਰਤਾਨਵੀ ਪਾਰਲੀਮੈਂਟ ਹੀ ਬਣਾਉਂਦੀ ਸੀ। ਕੰਪਨੀ ਰਾਜ ਦੌਰਾਨ ਅਨੇਕ ਰਿਆਸਤਾਂ ਨੂੰ ਜ਼ਬਰਦਸਤੀ ਕੰਪਨੀ ਕਾਨੂੰਨ ਅਧੀਨ ਲਿਆਂਦਾ, ਜਿਸ ਦੇ ਖਿਲਾਫ਼ 1857 ਵਿਚ ਸਰਬ ਭਾਰਤੀ ਵਿਦਰੋਹ ਉਠ ਖੜ੍ਹਾ ਹੋਇਆ। ਹਾਲਾਂਕਿ ਪਹਿਲਾਂ ਵੀ ਬਗ਼ਾਵਤਾਂ ਹੁੰਦੀਆਂ ਰਹੀਆਂ, ਖ਼ਾਸ ਕਰ ਮੈਸੂਰ ਦੇ ਹੁਕਮਰਾਨ ਟੀਪੂ ਸੁਲਤਾਨ ਦੀ ਅੰਗਰੇਜ਼ੀ ਹਕੂਮਤ ਨਾਲ ਜ਼ਬਰਦਸਤ ਜੰਗ, ਜਿਸ ਵਿਚ ਟੀਪੂ ਨੇ 1799 ਵਿਚ ਸ਼ਾਨ ਨਾਲ ਸ਼ਹਾਦਤ ਹਾਸਲ ਕੀਤੀ। 1857 ਦੀ ਬਗ਼ਾਵਤ ਨੂੰ ਹਿੰਦੁਸਤਾਨ ਦੀ ਪਹਿਲੀ ਜ਼ੰਗੇ ਆਜ਼ਾਦੀ ਦਾ ਮਾਣ ਹਾਸਲ ਹੋਇਆ, ਜਿਸ ਵਿਚ ਝਾਂਸੀ ਦੀ ਰਾਣੀ ਅਤੇ ਹੋਰ ਅਨੇਕਾਂ ਭਾਰਤੀ ਰਿਆਸਤਾਂ ਦੇ ਹੁਕਮਰਾਨ ਸ਼ਹੀਦ ਹੋਏ। 1858 ਤੋਂ ਬਰਤਾਨਵੀ ਮਹਾਰਾਣੀ ਨੇ ਹਿੰਦੁਸਤਾਨ ਦੀ ਹਕੂਮਤ ਖ਼ੁਦ ਆਪਣੇ ਹੱਥਾਂ ਵਿਚ ਲਈ ਅਤੇ ਬਰਤਾਨਵੀ ਪਾਰਲੀਮੈਂਟ ਹਿੰਦੁਸਤਾਨ ਲਈ ਕਾਨੂੰਨ ਘੜਨੀ ਸੰਸਥਾ ਬਣੀ।



1885 ਵਿਚ ਭਾਰਤੀ ਰਾਸ਼ਟਰੀ ਕਾਂਗਰਸ ਪਾਰਟੀ ਹੋਂਦ ਵਿਚ ਆਈ ਅਤੇ 1897 ਤੋਂ ਅੰਗਰੇਜ਼ੀ ਹਕੂਮਤ ਖਿਲਾਫ਼ ਇਨਕਲਾਬੀ ਸੰਗਠਨ ਬਣਨੇ ਸ਼ੁਰੂ ਹੋਏ। ਮਹਾਰਾਸ਼ਟਰ, ਬੰਗਾਲ ਅਤੇ ਪੰਜਾਬ ਇਨਕਲਾਬੀ ਲਹਿਰਾਂ ਵਿਚ ਮੋਹਰੀ ਰਹੇ। 1913 ਵਿਚ ਅਮਰੀਕਾ ਵਿਚ ਬਣੀ ਗ਼ਦਰ ਪਾਰਟੀ ਨੇ 1857 ਵਾਂਗ 1914 ਵਿਚ ਫਿਰ ਬਗ਼ਾਵਤ ਦਾ ਜਤਨ ਕੀਤਾ, ਜੋ ਨਾ ਕਾਮਯਾਬ ਰਿਹਾ, ਪਰ ਇਸ ਨੇ ਹਿੰਦੁਸਤਾਨੀਆਂ ਨੂੰ United States Of India ਅਮਰੀਕੀ ਜਮਹੂਰੀ ਨਿਜ਼ਾਮ ਦਾ ਸੰਕਲਪ ਦਿੱਤਾ, ਜੋ ਬਾਅਦ ਵਿਚ 1917 ਦੇ  ਰੂਸੀ ਸਮਾਜਵਾਦੀ ਇਨਕਲਾਬ ਦੇ ਅਸਰ ਹੇਠ ਸਮਾਜਵਾਦੀ ਨਿਜ਼ਾਮ ਸਥਾਪਤ ਕਰਨ ਦੇ ਸੰਕਲਪ ਵਿਚ ਬਦਲ ਗਿਆ।

ਬਸਤੀਵਾਦੀ ਅੰਗਰੇਜ਼ ਹੁਕਮਰਾਨ ਇਹਨਾਂ ਇਨਕਲਾਬੀ ਲਹਿਰਾਂ ਤੋਂ ਡਰੇ ਹੋਏ ਸਨ ਅਤੇ ਕੁਝ ਰੂਸ ਦੇ 1917 ਦੇ ਰੂਸੀ ਇਨਕਲਾਬ ਦੇ ਬਸਤੀਵਾਦ ਦੀ ਮਾਰ ਵਿਚ ਆਏ ਏਸ਼ੀਆ ਅਤੇ ਅਫਰੀਕੀ ਮੁਲਕਾਂ ਦੇ ਲੋਕਾਂ  ‘ਤੇ ਅਸਰ ਤੋਂ ਵੀ ਡਰੇ ਸਨ। ਸੋ 1919 ਦੇ ਜਲ੍ਹਿਆਂ ਵਾਲਾ ਕਾਂਡ ਤੋਂ ਪਹਿਲਾਂ ਉਹਨਾਂ 1918 ਵਿਚ ਵਾਇਸਰਾਏ ਲਾਰਡ ਚੇਮਸਫੋਰਡ ਦੇ ਕਾਰਜ ਕਾਲ ਦੌਰਾਨ ਸਰ ਸਿਡਨੀ ਰੋਲਟ ਦੀ ਅਗਵਾਈ ਵਿਚ ਇਕ  ਸੇਡਿਸ਼ਨ ਕਮੇਟੀ ਬਣਾਈ,ਜਿਸ ਨੂੰ ਰੋਲਟ ਕਮੇਟੀ ਵੀ ਕਿਹਾ ਗਿਆ। ਇਹ ਕਮੇਟੀ ਖ਼ਾਸ ਕਰ ਬੰਗਾਲ ਅਤੇ ਪੰਜਾਬ ਦੀਆਂ ਰਾਜ ਧ੍ਰੋਹੀ ਸਰਗਰਮੀਆਂ ਨੂੰ ਧਿਆਨ ਵਿਚ ਰੱਖ ਕੇ ਬਣਾਈ ਗਈ ਸੀ। ਇਸ ਕਮੇਟੀ ਨੇ 1918 ਵਿਚ ਹੀ ਆਪਣੀ ਰਿਪੋਰਟ ਦੇ ਦਿੱਤੀ ਅਤੇ ਇਸ ਰਿਪੋਰਟ ਦੇ ਅਧਾਰ ‘ਤੇ ਇਕ ਕਾਨੂੰਨ ਬਣਾਇਆ ਗਿਆ - The Anarchical And Revolutionary Crimes Act - ਜਿਸ ਨੂੰ ਰੋਲਟ ਐਕਟ ਜਾਂ ਕਾਲਾ ਕਾਨੂੰਨ ਕਿਹਾ ਗਿਆ। ਇਸ ਕਾਨੂੰਨ ਬਾਰੇ ਲੋਕ ਪ੍ਰਭਾਵ ਇਹ ਬਣਿਆ ਕਿ ਇਸ ਕਾਨੂੰਨ ਤਹਿਤ ਨਾ ਵਕੀਲ, ਨਾ ਅਪੀਲ ਤੇ ਨਾ ਦਲੀਲ ਦੀ ਇਜਾਜ਼ਤ ਸੀ। 10 ਮਾਰਚ 1919 ਨੂੰ ਜਦ ਇਹ ਕਾਨੂੰਨ Imperial Legislative  Assembly ਜਿਸ ਨੂੰ ਅੱਜ ਦੀ ਪਾਰਲੀਮੈਂਟ ਕਿਹਾ ਜਾਂਦਾ ਹੈ, ਵਿਚ ਪੇਸ਼ ਹੋਇਆ ਤਾਂ ਭਾਰਤੀ ਮੈਂਬਰਾਂ ਨੇ ਇਸ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ, ਪਰ ਇਸਨੂੰ ਉਹਨਾਂ ਦੇ ਵਿਰੋਧ ਦੇ ਬਾਵਜੂਦ ਪਾਸ ਕਰ ਦਿੱਤਾ ਗਿਆ। 30 ਮਾਰਚ 1919 ਨੂੰ ਇਸ ਕਾਲੇ ਕਾਨੂੰਨ ਖਿਲਾਫ਼ ਕੌਮੀ ਪੱਧਰ ਦੀ ਹੜਤਾਲ ਦਾ ਸੱਦਾ ਦੇ ਕੇ ਮਹਾਤਮਾ ਗਾਂਧੀ ਕੌਮੀ ਰਾਜਨੀਤੀ ‘ਤੇ ਛਾ ਗਏ, ਹਾਲਾਂਕਿ 30 ਮਾਰਚ ਦੀ ਹੜਤਾਲ ਨੋਟਿਸ ਦੇ ਸਮੇਂ ਦੀ ਘਾਟ ਕਾਰਣ ਘੱਟ ਜਗਾ ਹੀ ਹੋਈ, ਸੋ 6 ਅਪਰੈਲ ਨੂੰ ਫਿਰ ਕੌਮੀ ਪੱਧਰ ਦੀ ਹੜਤਾਲ ਦਾ ਸੱਦਾ ਦਿੱਤਾ ਗਿਆ।

ਪੰਜਾਬ ਦੀ ਹਕੂਮਤ ਉਸ ਵੇਲੇ ਲੈਫਟੀਨੈਂਟ ਓਡਵਾਇਰ ਦੇ ਹੱਥ ਸੀ। ਪੰਜਾਬ ਦੀ ਰਾਜਧਾਨੀ ਲਾਹੌਰ ਅਤੇ ਇਸ ਦੀਆਂ ਪੰਜ ਕਮਿਸ਼ਨਰੀਆਂ ਵਿਚ 28 ਜ਼ਿਲ੍ਹੇ ਸਨ।

30 ਮਾਰਚ ਦੀ ਹੜਤਾਲ ਦਾ ਦਿੱਲੀ ਵਿਚ ਜ਼ਬਰਦਸਤ ਅਸਰ ਹੋਇਆ ਅਤੇ ਉੱਥੇ 8 ਵਿਅਕਤੀ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ, ਪਰ 6 ਅਪਰੈਲ ਦੀ ਹੜਤਾਲ ਦਾ ਤਾਂ ਪੂਰੇ ਮੁਲਕ ਵਿਚ ਜ਼ਬਰਦਸਤ ਅਸਰ ਹੋਇਆ ਅਤੇ ਮਹਾਤਮਾ ਗਾਂਧੀ, ਜੋ ਹਾਲੀ ਮਹਾਤਮਾ ਨਹੀਂ ਕਹਾਉਂਦੇ ਸਨ, ਉਹਨੀਂ ਦਿਨੀਂ ਪੰਜਾਬ ਦਾ ਆਪਣਾ ਪਹਿਲਾਂ ਦੌਰਾ ਕਰਨਾ ਚਾਹੁੰਦੇ ਸਨ, ਨੂੰ ਪਲਵਲ ਤੋਂ ਹੀ ਰੋਕ ਕੇ ਵਾਪਸ ਬੰਬਈ ਭੇਜ ਦਿੱਤਾ। ਕਾਂਗਰਸ ਪਾਰਟੀ ਇਸ ਸਾਲ ਆਪਣਾ ਇਜਲਾਸ ਅੰਮ੍ਰਿਤਸਰ ਕਰਨਾ ਚਾਹੁੰਦੀ ਸੀ, ਇਸ ਲਈ ਵੀ ਗਾਂਧੀ ਜੀ ਪੰਜਾਬ ਆਉਣਾ ਚਾਹੁੰਦੇ ਸਨ। ਪੰਜਾਬ ਵਿਚ ਇਸ ਸਮੇਂ ਦੋ ਕਾਂਗਰਸੀ ਆਗੂ ਬੜੇ ਮਸ਼ਹੂਰ ਅਤੇ ਲੋਕਪ੍ਰਿਯ ਸਨ ਅਤੇ ਦੋਵੇਂ ਅੰਮ੍ਰਿਤਸਰ ਤੋਂ ਸਨ- ਡਾ. ਸੱਤਿਆ ਪਾਲ ਅਤੇ ਡਾ. ਸੇਫ਼ੁੱਦੀਨ ਕਿਚਲੂ। 6 ਅਪਰੈਲ ਦੀ ਪੰਜਾਬ ਵਿਚ ਵੀ ਜ਼ਬਰਦਸਤ ਹੜਤਾਲ ਹੋਈ ਅਤੇ ਅੰਮ੍ਰਿਤਸਰ ਕੁਝ ਖ਼ਾਸ ਹੀ ਪ੍ਰਭਾਵਤ ਹੋਇਆ। 9 ਅਪਰੈਲ ਦੀ ਇਸ ਸਾਲ ਦੀ ਰਾਮ ਨੌਮੀ ਹਿੰਦੂ-ਮੁਸਲਿਮ ਏਕਤਾ ਦੇ ਰੂਪ ਵਿਚ ਮਨਾਈ ਗਈ। ਮੁਸਲਿਮ ਭਾਈਚਾਰੇ ਨੇ ਮਿੱਠੇ ਪਾਣੀ ਦੀਆਂ ਛਬੀਲਾਂ ਲਾਈਆਂ ਅਤੇ ਹਿੰਦੂ ਭਾਈਚਾਰੇ ਨਾਲ ਇਹ ਤਿਓਹਾਰ ਈਦ ਵਾਂਗ ਗਲਵਕੜੀਆਂ ਪਾ ਕੇ ਮਨਾਇਆ। ਅੰਗਰੇਜ਼ ਹਾਕਮ ਇਸ ਏਕਤਾ ਤੋਂ ਬੜੇ ਘਬਰਾ ਗਏ। 1857 ਤੋਂ ਬਾਅਦ ਪਹਿਲੀ ਵਾਰ ਹਿੰਦੂ-ਮੁਸਲਿਮ ਏਕਤਾ ਦਾ ਇਹ ਨਜ਼ਾਰਾ ਦੇਖਣ ਨੂੰ ਮਿਲਿਆ ਸੀ।

10 ਅਪਰੈਲ ਨੂੰ ਧੋਖੇ ਨਾਲ ਡਾ. ਸਤਿਆ ਪਾਲ ਅਤੇ ਡਾ. ਸੈਫ਼ੁੱਦੀਨ ਕਿਚਲੂ ਨੂੰ ਡੀ ਸੀ ਦਫਤਰ ਗੱਲਬਾਤ ਲਈ ਸੱਦ ਕੇ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸੇ ਸਮੇਂ ਉਹਨਾਂ ਨੂੰ ਪੰਜਾਬ ਤੋਂ ਬਾਹਰ ਰਵਾਨਾ ਕਰ ਦਿੱਤਾ ਗਿਆ। ਬਾਅਦ ਵਿਚ ਉਹਨਾਂ ਨੂੰ ਧਰਮਸ਼ਾਲਾ ਭੇਜਿਆ ਗਿਆ, ਜਿੱਥੇ ਉਹਨਾਂ ਨਾਲ ਖ਼ਰਾਬ ਸਲੂਕ ਕਰਦਿਆਂ ਉਹਨਾਂ ਲਈ ਖਾਣ ਪੀਣ ਤਕ ਦਾ ਕੋਈ ਇੰਤਜ਼ਾਮ ਨਹੀਂ ਕੀਤਾ ਗਿਆ ਅਤੇ ਉਹਨਾਂ ਖ਼ੁਦ ਆਪਣੇ ਵਾਕਫ਼ ਲੱਭ ਕੇ ਆਪਣੇ ਖਾਣ ਪੀਣ ਦਾ ਪ੍ਰਬੰਧ ਕੀਤਾ।

ਉਧਰ ਅੰਮ੍ਰਿਤਸਰ ਦੇ ਲੋਕਾਂ ਵਿਚ ਆਪਣੇ ਆਗੂਆਂ ਨੂੰ ਇਸ ਤਰੀਕੇ ਨਾਲ ਗ਼ਾਇਬ ਕਰਨ 'ਤੇ ਬੜਾ ਭਾਰੀ ਰੋਹ ਫੈਲ ਗਿਆ ਅਤੇ ਅੰਮ੍ਰਿਤਸਰ ਵਿਚ ਕੁਝ ਹਿੰਸਕ ਘਟਨਾਵਾਂ ਵੀ ਹੋਈਆਂ, ਜਿਨ੍ਹਾਂ ਵਿਚ 5-6 ਯੂਰਪੀ ਮਾਰੇ ਗਏ। ਇਕ ਈਸਾਈ ਸਕੂਲ ਦੀ ਮੈਨੇਜਰ ਮਿਸ ਸ਼ੇਰਵੁਡ ਵੀ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੋਈ, ਪਰ ਉਸਨੂੰ ਲੋਕਾਂ ਨੇ ਹੀ ਬਚਾਅ ਲਿਆ ਸੀ। ਖ਼ਾਸ ਕਰ ਭੰਡਾਰੀ ਪੁਲ 'ਤੇ 25 ਤੋਂ ਵੱਧ ਲੋਕ ਮਾਰੇ ਗਏ, ਜੋ ਹਜ਼ਾਰਾਂ ਦੀ ਗਿਣਤੀ ਵਿਚ ਆਪਣੇ ਆਗੂਆਂ ਦੀ ਗ੍ਰਿਫ਼ਤਾਰੀ ਖਿਲਾਫ਼ ਰੋਸ ਪਰਗਟ ਕਰ ਰਹੇ ਸਨ। ਅੰਗਰੇਜ਼ ਹਕੂਮਤ ਨੇ ਫੈਸਲਾ ਕੀਤਾ ਕਿ ਪੰਜਾਬੀਆਂ ਨੂੰ ਅਜਿਹਾ ਸਬਕ ਸਿਖਾਇਆ ਜਾਵੇ ਕਿ ਉਹ ਸਦੀਆਂ ਯਾਦ ਰੱਖਣ। ਜਨਰਲ ਡਾਇਰ ਉਸ ਸਮੇਂ ਜਾਲੰਧਰ ਵਿਖੇ ਤਾਇਨਾਤ ਸੀ। ਉਸ ਨੂੰ ਤੁਰਤ ਅੰਮ੍ਰਿਤਸਰ ਪਹੁੰਚਣ ਦੇ ਹੁਕਮ ਦਿੱਤੇ ਗਏ, ਜਿੱਥੇ ਉਹ 11 ਅਪਰੈਲ ਨੂੰ ਪਹੁੰਚ ਗਿਆ ਸੀ। 12 ਅਪਰੈਲ ਨੂੰ ਅੰਮ੍ਰਿਤਸਰ ਦੇ ਲੋਕਾਂ ਨੇ ਰੋਸ ਵਜੋਂ, 13 ਅਪਰੈਲ ਵੈਸਾਖੀ ਦੇ ਦਿਨ ਜਲ੍ਹਿਆਂ ਵਾਲਾਂ ਬਾਗ਼ ਵਿਚ ਸ਼ਾਮ ਨੂੰ ਪੰਜ ਵਜੇ ਰੋਸ ਮੀਟਿੰਗ ਕਰਨ ਦਾ ਐਲਾਨ ਕੀਤਾ। ਜਨਰਲ ਡਾਇਰ ਨੇ ਸਭਾ ਨਾ ਹੋਣ ਦੇਣ ਦਾ ਫੈਸਲਾ ਕੀਤਾ ਅਤੇ 90 ਫੌਜੀਆਂ, ਜਿਨ੍ਹਾਂ ਵਿਚ ਬਲੋਚ ਸ਼ਾਮਿਲ ਸਨ, ਨੂੰ ਹਥਿਆਰਾਂ ਤੇ ਅਸਲੇ ਸਮੇਤ ਤਿਆਰ ਕਰ ਲਿਆ।

13 ਅਪਰੈਲ ਨੂੰ 15 ਤੋਂ ਵੀਹ ਹਜ਼ਾਰ ਲੋਕ ਰੋਸ ਮੀਟਿੰਗ ਵਿਚ ਹਿੱਸਾ ਲੈਣ ਪਹੁੰਚ ਗਏ। ਡਾਇਰ 4.30 ਵਜੇ 90 ਫੌਜੀ ਲੈ ਕੇ 5.15 ਵਜੇ ਜਲ੍ਹਿਆਂ ਵਾਲਾ ਬਾਗ਼ ਪਹੁੰਚ ਗਿਆ ਅਤੇ ਬਿਨਾਂ ਕਿਸੇ ਨੋਟਿਸ ਤੋਂ ਚਲ ਰਹੀ ਸਭਾ ਉੱਤੇ ਗੋਲੀਆਂ ਦੀ ਵਾਛੜ ਕਰ ਦਿੱਤੀ। 10 ਮਿੰਟ ਵਿਚ 1650 ਰਾਊਂਡ ਗੋਲੀਆਂ ਦੀ ਯਕਦਮ ਹੋਈ ਵਾਛੜ ਨਾਲ ਲੋਕਾਂ ਵਿਚ ਦਹਿਸ਼ਤ ਅਤੇ ਭਗਦੜ ਮੱਚ ਗਈ। ਸੈਂਕੜੇ ਲੋਕਾਂ ਨੇ ਬਾਗ਼ ਅੰਦਰਲੇ ਖੂਹ ਵਿਚ ਛਾਲਾਂ ਮਾਰ ਦਿੱਤੀਆਂ। ਗੋਲੀਬਾਰੀ ਤੋਂ ਬਾਅਦ ਸ਼ਹਿਰ ਵਿਚ ਕਰਫਿਊ ਲਾ ਦਿੱਤਾ ਗਿਆ ਅਤੇ ਜ਼ਖਮੀਆਂ ਨੂੰ ਕਿਸੇ ਕਿਸਮ ਦੀ ਮੈਡੀਕਲ ਸਹਾਇਤਾ ਵੀ ਨਹੀਂ ਪਹੁੰਚਾਈ ਜਾ ਸਕਦੀ ਸੀ। ਅੰਗਰੇਜ਼ ਸਰਕਾਰ ਦੀ ਵਹਿਸ਼ਤ ਦੀ ਹੱਦ ਸੀ ਕਿ ਸਰਕਾਰੀ ਤੌਰ 'ਤੇ ਕੋਈ ਮੈਡੀਕਲ ਮਦਦ ਨਹੀਂ ਦਿੱਤੀ ਗਈ ਅਤੇ ਲੋਕਾਂ ਨੂੰ ਮਰਨ ਲਈ ਛੱਡ ਦਿੱਤਾ ਗਿਆ। ਰਤਨ ਦੇਵੀ ਦੀ ਦਰਦਨਾਕ ਕਹਾਣੀ ਦੱਸਦੀ ਹੈ ਕਿਵੇਂ ਉਹ ਸਾਰੀ ਰਾਤ ਆਪਣੇ ਮਾਰੇ ਜਾ ਚੁੱਕੇ ਖ਼ਾਵੰਦ ਨੂੰ ਗੋਦੀ ਵਿਚ ਲੈ ਕੇ ਬੈਠੀ ਰਹੀ ਅਤੇ ਕੁਝ ਜ਼ਖਮੀਆਂ ਦੀ ਮਾੜੀ ਮੋਟੀ ਮਦਦ ਵੀ ਕਰਦੀ ਰਹੀ। ਸਿਰਫ ਅਗਲੀ ਸਵੇਰ ਹੋਣ 'ਤੇ ਹੀ ਲੋਕ ਉੱਥੇ ਮੈਡੀਕਲ ਤੇ ਹੋਰ ਮਦਦ ਲਈ ਪਹੁੰਚ ਸਕੇ ਅਤੇ ਲਾਸ਼ਾਂ ਅਤੇ ਜ਼ਖਮੀਆਂ ਨੂੰ ਸੰਭਾਲ ਸਕੇ। ਪੰਜਾਬੀ ਨਾਵਲਕਾਰ ਨਾਨਕ ਸਿੰਘ ਆਪਣੇ ਦੋ ਸਾਥੀਆਂ ਸਮੇਤ ਬਾਗ਼ ਵਿੱਚ ਗਿਆ ਸੀ ਅਤੇ ਖ਼ੁਦ ਲਾਸ਼ਾਂ ਦੇ ਢੇਰ ਥੱਲੇ ਦੱਬਿਆ ਜਾਣ ਕਰਕੇ ਹੀ ਬਚਿਆ ਸੀ ਜਦਕਿ ਉਸਦੇ ਦੋ ਹੋਰ ਸਾਥੀ ਮਾਰੇ ਜਾ ਚੁੱਕੇ ਸਨ। ਇਸ ਕਾਂਡ ਤੋਂ ਇਕ ਸਾਲ ਬਾਅਦ ਉਸਨੇ ਲੰਮੀ ਨਜ਼ਮ *'ਖ਼ੂਨੀ ਵੈਸਾਖੀ'* ਲਿਖੀ, ਜਿਸਦਾ ਹੁਣ ਉਸਦੇ ਪੋਤੇ ਨਵਦੀਪ ਸੂਰੀ ਨੇ ਅੰਗਰੇਜ਼ੀ ਤਰਜਮਾ ਇਸ ਸਾਕੇ ਦੇ ਸੌਵੇਂ ਵਰ੍ਹੇ ਵਿਚ ਛਾਪਿਆ ਹੈ। ਪੰਜਾਬੀ ਦੇ ਹੋਰ ਬੜੇ ਕਵੀਆਂ ਨੇ ਕਵਿਤਾਵਾਂ ਲਿਖੀਆਂ, ਜਿਨ੍ਹਾਂ ਨੂੰ ਗੁਰਦੇਵ ਸਿੱਧੂ ਨੇ ਸਾਕਾ ਜਲ੍ਹਿਆਂ ਵਾਲਾ ਵਿਚ ਸੰਗ੍ਰਿਹ ਕਰਕੇ ਛਾਪਿਆ ਹੈ। ਫ਼ੀਰੋਜ਼ ਦਿਨ ਸ਼ਰਫ਼ ਤੇ ਹੋਰ ਅਨੇਕਾਂ ਕਵੀਆਂ ਨੇ ਵੀ ਨਜ਼ਮਾਂ ਲਿਖੀਆਂ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਜ਼ਬਤ ਹੋਈਆਂ। ਕਿਸ਼ਨ ਚੰਦ ਜੇਬਾ ਦਾ ਨਾਟਕ *'ਜ਼ਖ਼ਮੀ ਪੰਜਾਬ'* ਵੀ ਜ਼ਬਤ ਹੋਇਆ। ਮੰਟੋ ਨੇ ਵੀ ਦੋ ਕਹਾਣੀਆਂ ਇਸ ਸਾਕੇ ਬਾਰੇ ਲਿਖੀਆਂ।

ਇਸ ਕਾਂਡ ਤੋਂ ਬਾਅਦ ਪੂਰੇ ਪੰਜਾਬ ਵਿਚ ਮਾਰਸ਼ਲ ਲਾਅ ਲਗਾ ਦਿੱਤਾ ਗਿਆ। ਜਿਸ ਗਲੀ ਵਿਚ ਮਿਸ ਸ਼ੇਰਵੁਡ ਨੂੰ ਤੰਗ ਕੀਤਾ ਗਿਆ ਸੀ, ਉਸ ਗਲੀ ਵਿਚ ਹਰ ਲੰਘਣ ਵਾਲੇ ਨੂੰ, ਭਾਵੇਂ ਉਹ



ਬੱਚਾ, ਬੁੱਢਾ ਜਾਂ ਲੂੰਗਾ-ਲੰਗੜਾ ਜਾਂ ਔਰਤ ਹੀ ਕਿਉਂ ਨਾ ਹੋਵੇ, ਉਸਨੂੰ ਰੀਂਗ ਕੇ ਚੱਲਣ 'ਤੇ ਮਜਬੂਰ ਕੀਤਾ ਗਿਆ। ਇਸੇ ਗਲੀ ਵਿਚ ਟਿਕਟਿਕੀ ਲਗਾ ਕੇ ਬੰਦਿਆਂ ਨੂੰ ਨੰਗੇ ਕਰਕੇ ਕੋੜੇ ਬਰਸਾਏ ਗਏ। ਸ਼ਹਿਰ ਦੇ ਹਰ ਸਨਮਾਨਤ ਸ਼ਹਿਰੀ ਜਿਵੇਂ ਵਕੀਲ, ਡਾਕਟਰ, ਅਧਿਆਪਕ ਆਦਿ ਨੂੰ ਅਪਮਾਨਤ ਕੀਤਾ ਗਿਆ। ਪੰਜਾਬ ਦੇ ਹੋਰ ਸ਼ਹਿਰਾਂ ਵਿਚ ਵੀ ਭਾਰੀ ਜ਼ੁਲਮ ਕੀਤੇ ਗਏ। ਗੁਜਰਾਂਵਾਲਾ 'ਤੇ ਤਾਂ ਬੰਬਾਰੀ ਵੀ ਕੀਤੀ ਗਈ। ਕਾਂਗਰਸ ਕਮੇਟੀ ਦੀ ਰਿਪੋਰਟ ਵਿਚ ਪੰਜ ਜ਼ਿਲ੍ਹਿਆਂ ਦੇ ਅਨੇਕਾਂ ਕਸਬਿਆਂ-ਸ਼ਹਿਰਾਂ ਵਿਚ ਮਾਰਸ਼ਲ ਲਾਅ ਦੀ ਦਹਿਸ਼ਤ ਨੂੰ ਬਿਆਨ ਕੀਤਾ ਗਿਆ ਹੈ। ਪੰਜਾਬੀਆਂ ਨੂੰ ਛੋਟੇ ਤੋਂ ਛੋਟੇ ਅੰਗਰੇਜ਼ ਅਫਸਰ ਨੂੰ ਝੁਕ ਕੇ ਸਲਾਮ ਕਰਨ 'ਤੇ ਮਜਬੂਰ ਕੀਤਾ ਗਿਆ। ਵਕੀਲਾਂ ਨੂੰ ਵਿਸ਼ੇਸ਼ ਪੁਲਿਸ ਸਿਪਾਹੀ ਜ਼ਬਰਦਸਤੀ ਬਣਾਇਆ ਗਿਆ। ਅੰਮ੍ਰਿਤਸਰ ਦੇ 75 ਸਾਲ ਦੇ ਲਾਲਾ ਕਨ੍ਹਈਆ ਲਾਲ , ਵਕੀਲ ਮਕਬੂਲ ਅਹਿਮਦ, ਬੈਰਿਸਟਰ ਗੁਰਦਿਆਲ ਸਿੰਘ ਸਲਾਰੀਆਂ ਸਭ ਨੂੰ ਬੇਇੱਜ਼ਤ ਕੀਤਾ ਗਿਆ। ਕਰਨਲ ਜਾਨਸਨ ਨੇ ਲਾਹੌਰ ਵਿਚ ਵੀ ਅੰਮ੍ਰਿਤਸਰ ਬਰਾਬਰ ਜ਼ੁਲਮ ਕੀਤੇ। ਕਾਲਿਜ ਦੇ 500 ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮੀਲਾਂ ਬੱਧੀ ਤਿੱਖੀ ਧੁੱਪ ਵਿਚ ਦੌੜਾਇਆ ਗਿਆ। *'ਟ੍ਰਿਬਿਊਨ', 'ਪਰਤਾਪ'* ਅਤੇ ਕਈ ਪੰਜਾਬੀ ਅਖ਼ਬਾਰ ਬੰਦ ਕੀਤੇ ਗਏ। ਕਸੂਰ ਵਿਚ ਲੋਕਾਂ ਨੂੰ ਮਨ ਮਾਨੇ ਢੰਗ ਨਾਲ ਸਜ਼ਾਵਾਂ ਦਿੱਤੀਆਂ ਗਈਆਂ। ਗੁਜਰਾਂਵਾਲਾ, ਪੱਟੀ, ਖੇਮਕਰਨ, ਗੁਜਰਾਤ, ਲਾਇਲਪੁਰ, ਵਜ਼ੀਰਾਬਾਦ, ਸ਼ੇਖ਼ੂਪੁਰਾ, ਚੂਹੜਕਾਣਾ ਅਤੇ ਹੋਰ ਅਣਗਿਣਤ ਕਸਬਿਆਂ-ਸ਼ਹਿਰਾਂ ਨੂੰ ਅੰਗਰੇਜ਼ੀ ਹਕੂਮਤ ਦੇ ਅਕਹਿ ਅਤਿਆਚਾਰ ਝੱਲਣੇ ਪਏ।

ਬਰਤਾਨਵੀ ਸਰਕਾਰ ਨੇ ਇਸ ਕਾਂਡ ਦੀ ਪੜਤਾਲ ਲਈ ਹੰਟਰ ਕਮਿਸ਼ਨ ਥਾਪਿਆ, ਜਿਸਨੇ ਮੁੱਖ ਦੋਸ਼ੀ ਅਤੇ ਨਿਗੇਲ ਦੀ ਕਿਤਾਬ ਦੇ ਸਿਰਲੇਖ ਮੁਤਾਬਕ ਅੰਮ੍ਰਿਤਸਰ ਦੇ ਬੁੱਚੜ ਡਾਇਰ ਨੂੰ ਮਾਮੂਲੀ ਸਜ਼ਾ ਦੇ ਕੇ ਬਖ਼ਸ਼ ਦਿੱਤਾ। ਜਦਕਿ ਇੰਗਲੈਂਡ ਦੇ ਲੋਕਾਂ ਨੇ ਡਾਇਰ ਨੂੰ ਹਜ਼ਾਰਾਂ ਪੌਂਡ ਦੇ ਕੇ ਨਵਾਜਿਆ। ਕਾਂਗਰਸ ਪਾਰਟੀ ਨੇ ਆਪਣੀ ਪੜਤਾਲ ਕਮੇਟੀ ਬਣਾਈ, ਜਿਸ ਵਿਚ ਮਦਨ ਮੋਹਨ ਮਾਲਵੀਆ, ਮੋਤੀ ਲਾਲ ਨਹਿਰੂ, ਸੀ.ਆਰ. ਦਾਸ, ਮਹਾਤਮਾ ਗਾਂਧੀ, ਐਮ.ਆਰ. ਜ਼ੇਕਰ, ਅੱਬਾਸ ਤੈਅਬਜੀ ਅਤੇ ਕੇ. ਸੰਤਾਨਮ ਸ਼ਾਮਲ ਸਨ। ਕਾਂਗਰਸ ਕਮੇਟੀ ਨੇ ਬੜੀ ਵਿਸਥਾਰ ਸਹਿਤ ਰਿਪੋਰਟ ਦਿੱਤੀ। ਪੰਜਾਬ ਦੇ ਪ੍ਰਸਿੱਧ ਵਿਗਿਆਨੀ ਰੁਚੀ ਰਾਮ ਸਾਹਨੀ ਨੇ ਕਾਂਗਰਸ ਕਮੇਟੀ ਦੀ ਰਿਪੋਰਟ ਬਾਰੇ ਆਪਣੀਆਂ ਯਾਦਾਂ ਵਿਚ ਬੜੇ ਦਿਲਚਸਪ ਤੱਥ ਬਿਆਨ ਕੀਤੇ ਹਨ। ਕਿਵੇਂ ਬੰਗਾਲ ਦੇ ਪ੍ਰਸਿੱਧ ਰਾਸ਼ਟਰਵਾਦੀ ਵਕੀਲ ਸੀ.ਆਰ. ਦਾਸ ਅਤੇ ਮੋਤੀ ਲਾਲ ਨਹਿਰੂ ਆਪਣੀ ਕਾਰ ਵਿਚ ਲਾਹੌਰ ਤੋਂ ਅੰਮ੍ਰਿਤਸਰ ਜਾਂਦੇ ਸਨ, ਕਿਉਂਕਿ ਅੰਗਰੇਜ਼ਾਂ ਦੇ ਡਰੋਂ ਉਹਨਾਂ ਨੂੰ ਕੋਈ ਟੈਕਸੀ ਵੀ ਨਹੀਂ ਮਿਲਦੀ ਸੀ। ਦਾਸ ਆਪਣੇ ਦੋ ਸੈਨੋ ਕਲਕੱਤਾ ਤੋਂ ਨਾਲ ਲਿਆਏ ਸਨ ਅਤੇ ਡਾਇਰ ਸੰਬੰਧੀ ਇਕ ਬਿਆਨ ਨੂੰ ਸੀ.ਆਰ. ਦਾਸ ਨੇ ਪੱਲਿਓਂ 1500 ਰੁਪਏ ਖ਼ਰਚ ਕੇ ਲੰਡਨ ਤਾਰ ਰਾਹੀਂ ਭੇਜਿਆ ਸੀ।

ਹਿੰਦੁਸਤਾਨ ਦੇ ਇਕ ਅੰਗਰੇਜ਼ ਦੋਸਤ, ਜੋ ਗਾਂਧੀ ਜੀ ਦਾ ਵੀ ਕਰੀਬੀ ਸੀ, ਸੀ.ਐਫ. ਐਂਡ੍ਰਿਯੂਸ ਨੇ ਜਲ੍ਹਿਆਂ ਵਾਲਾ ਕਾਂਡ ਦੀ ਤੁਲਨਾ 1692 ਵਿਚ ਸਕਾਟਲੈਂਡ ਵਿਚ ਵਿਲਿਅਮ ਅਤੇ ਮੇਰੀ ਦੀ ਹਕੂਮਤ ਦੌਰਾਨ ਹੋਏ ਕਤਲ ਕਾਂਡ ਨਾਲ ਕੀਤੀ। ਬਸਤੀਵਾਦੀ ਹਕੂਮਤ ਨੇ ਜਲ੍ਹਿਆਂ ਵਾਲਾ ਕਤਲੇ ਆਮ ਤੋਂ ਬਾਅਦ ਆਪਣੇ ਜ਼ੁਲਮ ਬੰਦ ਕਰਨ ਲਈ ਕੋਈ ਸਬਕ ਨਹੀਂ ਸਿੱਖਿਆ। ਕੀਨਿਆ ਵਿਚ ਅੰਗਰੇਜ਼ ਬਸਤੀਵਾਦੀਆਂ ਨੇ ਹੀ 1952 ਤੋਂ 1960 ਦੇ ਦੌਰਾਨ ਉੱਥੋਂ ਦੀ ਮਊ ਮਊ ਲਹਿਰ ਨੂੰ ਕੁਚਲਣ ਲਈ ਜਲ੍ਹਿਆਂ ਵਾਲਾ ਬਾਗ਼ ਤੋਂ ਵੀ ਵੱਧ ਭਿਆਨਕ ਜ਼ੁਲਮ ਕੀਤੇ। ਉੱਥੇ 25 ਹਜ਼ਾਰ ਤੋਂ ਤਿੰਨ ਲੱਖ ਤਕ ਲੋਕਾਂ ਨੂੰ ਕਤਲ ਕੀਤਾ ਗਿਆ ਅਤੇ ਕੁਝ ਵਰ੍ਹੇ ਪਹਿਲਾਂ ਇੰਗਲੈਂਡ ਦੀ ਇਕ ਅਦਾਲਤ ਨੇ ਕੀਨੀਆ ਦੇ ਉਸ ਕਤਲੇ ਆਮ ਦੇ ਸ਼ਿਕਾਰ ਹੋਏ ਲੋਕਾਂ ਦੇ ਵਾਰਿਸਾਂ ਨੂੰ ਕਰੋੜਾਂ ਪੌਂਡ ਇਵਜ਼ਾਨੇ ਵਿਚ ਦੇਣ ਦੇ ਹੁਕਮ ਸੁਣਾਏ। ਸਾਡੇ ਭਾਰਤੀ ਜਲ੍ਹਿਆਂ ਵਾਲਾ ਬਾਗ਼ ਕਾਂਡ ਲਈ ਮਾਫ਼ੀ ਮੰਗਣ ਦੀਆਂ ਇੰਗਲੈਂਡ ਤੋਂ ਲੇਲੜੀਆਂ ਕਢਦੇ ਰਹਿੰਦੇ ਹਨ, ਜਦਕਿ ਮੰਗਣਾ ਇਸ ਕਾਂਡ ਦੇ ਸ਼ਿਕਾਰ ਲੋਕਾਂ ਦੇ ਵਾਰਿਸਾਂ ਲਈ ਇਵਜ਼ਾਨਾ ਬਣਦਾ ਹੈ। ਅੰਗਰੇਜ਼ ਜਾਂ ਕੋਈ ਵੀ ਬਸਤੀਵਾਦੀ ਹਕੂਮਤ ਏਸ਼ੀਆ ਅਤੇ ਅਫਰੀਕੀ ਮੁਲਕਾਂ ਦੀ ਏਨੀ ਭਿਅੰਕਰ ਆਰਥਿਕ

ਲੁੱਟ ਕਰ ਕੇ ਖੁਦ ਅਮੀਰ ਹੋਈ ਹੈ। ਇਹਨਾਂ ਬਸਤੀਵਾਦੀ ਜ਼ੁਲਮਾਂ ਦੇ ਲਈ ਮਾਫ਼ੀਆਂ ਨਹੀਂ, ਸਗੋਂ ਉਹਨਾਂ ਵੱਲੋਂ ਕੀਤੀ ਲੁੱਟ ਵਿਚੋਂ ਆਪਣਾ ਹਿੱਸਾ ਇਵਜ਼ਾਨੇ ਦੇ ਰੂਪ ਵਿਚ ਲੈਣਾ ਇਹਨਾਂ ਮੁਲਕਾਂ ਦਾ ਵਾਜਬ ਹੱਕ ਹੈ।

ਅਫ਼ਸੋਸ ਦੀ ਗੱਲ ਇਹ ਕਿ ਜਲ੍ਹਿਆਂ ਵਾਲਾ ਬਾਗ਼ ਵਿਚ ਮਾਰੇ ਗਏ ਲੋਕਾਂ ਦੀ ਅੰਗਰੇਜ਼ਾਂ ਵੱਲੋਂ ਦਿੱਤੀ 379 ਮਿਰਤਕਾਂ ਦੀ ਸੂਚੀ ਵਿਚ ਭਾਰਤੀ ਕੁਝ ਜ਼ਿਆਦਾ ਨਿਸ਼ਾਨਦੇਹੀ ਨਹੀਂ ਕਰ ਸਕੇ। ਰਾਮ ਸਿੰਘ ਮਜੀਠਾ ਨੇ ਆਪਣੀ ਦੋ ਜਿਲਦਾਂ ਵਾਲੀ ਕਿਤਾਬ-*ਹਿੰਦੁਸਤਾਨ ਦੀ ਆਜ਼ਾਦੀ* ਵਿਚ ਪੰਜਾਬ ਵਿਚ ਜਲ੍ਹਿਆਂ ਵਾਲਾ ਬਾਗ਼ ਦੇ 406 ਸ਼ਹੀਦਾਂ ਦੇ ਨਾਂ ਪਤੇ ਦਰਜ ਕੀਤੇ ਹਨ। ਇਨ੍ਹਾਂ 406 ਸ਼ਹੀਦਾਂ ਵਿਚੋਂ 207 ਹਿੰਦੂ,119 ਸਿੱਖ ਅਤੇ 80 ਮੁਸਲਮਾਨ ਸਨ। ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਨੇ ਪਿਛਲੇ ਸਾਲਾਂ ਵਿਚ 501 ਸ਼ਹੀਦਾਂ ਦੀ ਸੂਚੀ ਤਿਆਰ ਕੀਤੀ ਸੀ। ਪਰ 500 ਤੋਂ ਵੱਧ ਮਾਰੇ ਗਏ ਭਾਰਤੀ ਹਾਲੀ ਵੀ ਅਗਿਆਤ ਹਨ।

ਪੰਜਾਬ ਵਿਚ ਵਾਪਰੇ ਇਸ ਭਿਆਨਕ ਕਤਲੇਆਮ ਦੌਰਾਨ ਪੰਜਾਬ ਦੇ ਅਖ਼ਬਾਰਾਂ ਦੀ ਭੂਮਿਕਾ ਬੜੀ ਸਲਾਹੁਣ ਯੋਗ ਰਹੀ, ਖ਼ਾਸ ਕਰ ਲਾਹੌਰ ਦੇ ਅਖ਼ਬਾਰ *'ਟ੍ਰਿਬਿਊਨ'* ਦੀ। ਇਸ ਦੇ ਕੌਮਪ੍ਰਸਤ ਸੰਪਾਦਕ ਕਾਲੀ ਨਾਥ ਰੇਅ ਨੂੰ ਨਾ ਸਿਰਫ ਗ੍ਰਿਫਤਾਰ ਹੀ ਕੀਤਾ ਗਿਆ, ਅਖ਼ਬਾਰ ਵੀ ਕਈ ਮਹੀਨੇ ਬੰਦ ਰਿਹਾ। ਪਰ ਇਸ ਦੇ ਸੰਪਾਦਕ ਜਾਂ ਅਖ਼ਬਾਰ ਨੇ ਕੋਈ ਸਮਝੌਤਾ ਨਹੀਂ ਕੀਤਾ। ਬਲਕਿ ਆਪਣੇ ਅਖ਼ਬਾਰ ਦੇ ਸੰਪਾਦਕੀ ਮੰਡਲ ਵਿਚ ਪਿਆਰੇ ਮੋਹਨ ਦੱਤਾ ਰੇਅ ਵਰਗੇ ਉਸ ਨੌਜਵਾਨ ਨੂੰ ਸ਼ਾਮਲ ਕੀਤਾ ਜਿਸ ਦੀ ਵੱਡ ਆਕਾਰੀ ਕਿਤਾਬ - An Imaginary Rebellion And How It Was Suppressed : An Account Of The Punjab Disorders And The Working Of Martial Law ਲਿਖੀ ਜਿਸ ਦੀ ਭੂਮਿਕਾ ਲਾਲਾ ਲਾਜਪਤ ਰਾਏ ਨੇ ਲਿਖੀ। ਇਹ ਕਿਤਾਬ 1920 ਵਿਚ ਛਪਦਿਆਂ ਹੀ ਜ਼ਬਤ ਕਰ ਲਈ ਗਈ ਸੀ ਅਤੇ ਇਸ ਨੂੰ 80 ਸਾਲ ਬਾਅਦ ਮੁੜ ਛਾਪਿਆ ਜਾ ਸਕਿਆ।

ਜਲ੍ਹਿਆਂ ਵਾਲਾ ਬਾਗ਼ ਦੇ ਕਤਲੇਆਮ ਤੋਂ ਬਾਅਦ ਹਿੰਦੁਸਤਾਨੀ ਲੋਕਾਂ ਦੇ ਪ੍ਰਤੀਰੋਧ ਨੇ ਅੰਗਰੇਜ਼ਾਂ ਨੂੰ ਤਿੰਨ ਸਾਲਾਂ ਅੰਦਰ ਹੀ ਰੋਲਟ ਐਕਟ ਨੂੰ ਵਾਪਸ ਲੈਣ ਤੇ ਮਜਬੂਰ ਕਰ ਦਿੱਤਾ ਸੀ। ਪਰ ਸੌ ਸਾਲਾਂ ਬਾਅਦ 2019 ਵਿਚ ਹਿੰਦੁਸਤਾਨ ਵਿਚ ਲੋਕ ਵਿਰੋਧੀ ਕਾਨੂੰਨਾਂ ਦੀ ਕੀ ਸਥਿਤੀ ਹੈ? ਅੰਗਰੇਜ਼ ਬਸਤੀਵਾਦੀ ਦੌਰ ਦੇ ਰਾਜ ਧ੍ਰੋਹ ਦਾ ਕਾਨੂੰਨ ਅੱਜ ਵੀ ਲਾਗੂ ਹੈ। ਜੇ.ਐਨ.ਯੂ. ਦੇ ਸਾਬਕਾ ਵਿਦਿਆਰਥੀ ਪ੍ਰਧਾਨ ਕਨ੍ਹਈਆ ਕੁਮਾਰ, ਤੇਲਗੂ ਕਵੀ ਵਾਰਵਰਰਾਓ, ਲੋਕ ਪੱਖੀ ਵਕੀਲ ਸੁਧਾ ਭਾਰਦਵਾਜ ਵਰਗੀਆਂ ਹਸਤੀਆਂ ਨੂੰ ਕੈਦ ਕਰਨ ਲਈ ਇਹਨਾਂ ਕਾਲੇ ਕਾਨੂੰਨਾਂ ਦੀ ਹੀ ਵਰਤੋਂ ਕੀਤੀ ਗਈ ਹੈ। ਇਨ੍ਹਾਂ ਬਸਤੀਵਾਦੀ ਕਾਨੂੰਨਾਂ ਦੇ ਨਾਲ ਸਾਡੇ ਕਾਲੇ ਅੰਗਰੇਜ਼ਾਂ ਦੇ ਬਣਾਏ ਰੋਲਟ ਐਕਟ ਤੋਂ ਵੀ ਭੈੜੇ ਕਾਨੂੰਨ ਜਿਵੇਂ ਡੀ ਆਈ ਆਰ, ਮੀਸਾ, UAPA ਤੇ AFPSA ਅੱਜ ਵੀ ਲਾਗੂ ਹਨ ਅਤੇ ਨਰਿੰਦਰ ਮੋਦੀ ਦੀ ਅਖੌਤੀ 'ਰਾਸ਼ਟਰਵਾਦੀ' ਸਰਕਾਰ ਰਾਜ ਧ੍ਰੋਹੀ ਕਾਨੂੰਨ ਨੂੰ ਬੜੀ ਬੇਸ਼ਰਮੀ ਨਾਲ ਹੋਰ ਸਖ਼ਤ ਬਣਾਉਣ ਦੀਆਂ ਗੱਲਾਂ ਕਰ ਰਹੀ ਹੈ, ਜਦਕਿ ਬਸਤੀਵਾਦੀ ਅੰਗਰੇਜ਼ ਆਪਣੇ ਮੁਲਕ ਵਿਚ ਇਹ ਕਾਨੂੰਨ ਕਈ ਸਾਲ ਪਹਿਲਾਂ ਖਤਮ ਕਰ ਚੁੱਕੇ ਹਨ।

ਹਿੰਦੁਸਤਾਨ ਵਿਚ ਇਸ ਸਮੇਂ ਉਹਨਾਂ ਪਾਰਟੀਆਂ ਤੇ ਤਾਕਤਾਂ ਦਾ ਰਾਜ ਹੈ, ਜੋ ਕਿਸੇ ਵੇਲੇ ਅੰਗਰੇਜ਼ ਬਸਤੀਵਾਦ ਦੀਆਂ ਖ਼ੈਰ ਖਵਾਹ ਸਨ। ਅੱਜ ਉਹ ਨਕਲੀ ਰਾਸ਼ਟਰਵਾਦ ਦਾ ਨਕਾਬ ਓਢ ਕੇ ਭਾਰਤ ਦੀਆਂ ਸਾਰੀਆਂ ਪ੍ਰਗਤੀਸ਼ੀਲ ਤਾਕਤਾਂ ਤੇ ਪਾਰਟੀਆਂ ਨੂੰ ਖਤਮ ਕਰ ਕੇ ਆਪਣਾ ਫਾਸ਼ੀ ਰਾਜ ਸਥਾਪਤ ਕਰਨਾ ਚਾਹੁੰਦੀਆਂ ਹਨ। ਭਾਰਤੀ ਲੋਕਾਂ ਨੂੰ ਇਹਨਾਂ ਤਾਕਤਾਂ ਖਿਲਾਫ਼ ਅੰਗਰੇਜ਼ ਬਸਤੀਵਾਦੀ ਵਿਰੋਧੀ ਘੋਲ ਤੋਂ ਵੀ ਸਖ਼ਤ ਸੰਘਰਸ਼ ਕਰਨ ਦੀ ਲੋੜ ਹੈ, ਇਹੋ ਜਲ੍ਹਿਆਂ ਵਾਲਾ ਬਾਗ਼ ਦੇ ਸ਼ਹੀਦਾਂ ਨੂੰ ਭਾਰਤੀ ਲੋਕਾਂ ਦੀ ਸੱਚੀ ਸ਼ਰਧਾਂਜਲੀ ਹੋਵੇਗੀ।000

***(2690, ਅਰਬਨ ਐਸਟੇਟ, ਫੇਜ਼ 2, ਪਟਿਆਲਾ-147 002***

***ਈਮੇਲ:Prof.chaman@gmail.com ਫੋਨ: 098687-74820)***



# ਸਮਕਾਲੀ ਯਥਾਰਥ ਦਾ ਖਰ੍ਹਵਾ ਕਥਾ ਬਿੰਬ- ਲਾਲ ਸਿੰਘ ਦਾ 'ਸੰਸਾਰ': ਰਿਵਿਊ ਲੇਖ: ਜੇ.ਬੀ. ਸੇਖੋਂ

ਲਾਲ ਸਿੰਘ ਸਮਕਾਲੀ ਪੰਜਾਬੀ ਕਹਾਣੀ ਦੇ ਵੱਖਰੇ ਰੁਝਾਨਾਂ ਵਿਚ ਪ੍ਰਤੀਨਿਧੀ ਭੂਮਿਕਾ ਨਿਭਾ ਰਿਹਾ ਹੈ। ਲਾਲ ਸਿੰਘ ਪ੍ਰੌੜ ਉਮਰ ਦਾ ਕਥਾਕਾਰ ਹੈ, ਪਰ ਉਸਦੀ ਕਥਾ ਚੇਤਨਾ ਵਿਚ ਉਹ ਸਭ ਕੁਝ ਹੈ ਜੋ ਚੌਥੇ ਪੜਾਅ ਦੀ ਕਹਾਣੀ ਦੀ ਵੱਖਰਤਾ ਵਿਚ ਮੌਜੂਦ ਹੈ। ਲਾਲ ਸਿੰਘ ਦੀ ਕਥਾਕਾਰੀ ਜਟਿਲ ਬਿਰਤਾਂਤ ਬਣਤਰ ਵਾਲੀ ਹੈ ਜਿਸ ਵਿਚੋਂ ਸਮਾਜਕ ਯਥਾਰਥ ਦਾ ਬਹੁ ਪਾਸਾਰੀ ਵਿਸਫੋਟ ਹੁੰਦਾ ਹੈ। ਚੌਥੇ ਪੜਾਅ ਦੀ ਕਹਾਣੀ ਜਿਸ ਕਿਸਮ ਦੇ ਟਾਕਰਵੇਂ ਵਿਚਾਰਾਂ, ਪਾਤਰਾਂ ਦੇ ਵਿਸਫੋਟਕ ਉਚਾਰ ਅਤੇ ਲੁਕੇ ਸਮਾਜਕ ਯਥਾਰਥ ਨੂੰ ਆਪਣੇ ਨਿਵੇਕਲੇ ਸ਼ਿਲਪ ਵਿਧਾਨ ਵਿਚ ਪ੍ਰਸਤੁਤ ਕਰ ਰਹੀ ਹੈ, ਲਾਲ ਸਿੰਘ ਦੀ ਕਹਾਣੀ ਇਸਦਾ ਪ੍ਰਮਾਣ ਹੈ। ਉਸਦੀ ਬਿਰਤਾਂਤ ਦ੍ਰਿਸ਼ਟੀ ਮਾਰਕਸੀ ਵਿਚਾਰਧਾਰਾ ਦੇ ਰਚਨਾਤਮਕ ਰੂਪ ਵਾਲੀ ਹੈ। ਉਹ ਮਾਰਕਸੀ ਪ੍ਰਗਤੀਵਾਦੀ ਸਿਧਾਂਤ ਦੀ ਮੌਖਿਕ ਅਤੇ ਕੱਟੜਤਾ ਵਾਲੀ ਗਲਪੀ ਦ੍ਰਿਸ਼ਟੀ ਦਾ ਪੂਜਕ ਨਹੀਂ, ਸਗੋਂ ਕਾਰਪੋਰੇਟ ਸੈਕਟਰ ਦੀ ਸੱਤਾ ਨਾਲ ਸਾਂਝ ਭਿਆਲੀ ਦੇ ਯੁੱਗ ਵਿਚ ਲੋਕ ਹਿਤੂ ਸਿਧਾਂਤਾਂ ਦੀ ਪ੍ਰਸੰਗਕਤਾ ਨੂੰ ਸੰਵਾਦ ਦੇ ਨਜ਼ਰੀਏ ਤੋਂ ਪ੍ਰਸਤੁਤ ਕਰਨ ਵਾਲਾ ਲੇਖਕ ਹੈ। ਹੁਣ ਦੀ ਕਹਾਣੀ ਵਿਚਾਰਧਾਰਾ ਦੀ ਫੋਰਸ ਨਾਲ ਨਹੀਂ ਤੁਰਦੀ ਸਗੋਂ ਟਾਕਰਵੇਂ ਹਾਲਾਤ ਦੀ ਉਪਜ ਵਿਚੋਂ ਪੈਦਾ ਹੁੰਦੇ ਸਾਪੇਖ ਸੱਚ ਨੂੰ ਕਈ ਕੋਣਾਂ ਤੋਂ ਉਭਾਰ ਕੇ ਪੇਸ਼ ਕਰ ਰਹੀ ਹੈ।ਇਹ ਕਹਾਣੀ ਵਿਸ਼ਵੀਕਰਨ ਦੇ ਗੜਬੜੀਆਂ ਵਾਲੇ ਸਮਿਆਂ ਦੀ ਸੰਵੇਦਨਾ ਨੂੰ ਰਜਿਸਟਰ ਕਰ ਰਹੀ ਹੈ ਅਤੇ ਵਸਤੂ ਵਿਧਾਨ ਪੱਖੋਂ ਹੀ ਨਹੀਂ ਸਗੋਂ ਸ਼ਿਲਪ ਵਿਧਾਨ ਪੱਖੋਂ ਵੀ ਵਿਲੱਖਣ ਗਲਪੀ ਪ੍ਰਬੰਧ ਉਸਾਰ ਰਹੀ ਹੈ। ਲਾਲ ਸਿੰਘ ਦੀ ਕਥਾ ਵਾਰਤਾ ਵੀ ਇਸੇ ਪਰੰਪਰਾ ਨੂੰ ਹੋਰ ਵਿਸਥਾਰ ਦਿੰਦੀ ਹੈ। ਲਾਲ ਸਿੰਘ ਪੂੰਜੀਵਾਦੀ ਵਿਸ਼ਵੀਕਰਨ ਦੀਆਂ ਤਿੱਖੀਆਂ ਅਲਾਮਤਾਂ ਦਾ ਜਾਣਕਾਰ ਹੀ ਨਹੀਂ ਸਗੋਂ ਭੇਤੀ ਵੀ ਹੈ। ਪੂੰਜੀਵਾਦੀ ਵਿਸ਼ਵੀਕਰਨ ਜਿਸ ਕਿਸਮ ਦੇ ਸੰਕਟ ਲੈ ਕੇ ਪੰਜਾਬੀ ਸਭਿਆਚਾਰ ਵਿਚ ਦਾਖਿਲ ਹੁੰਦਾ ਹੈ, ਇਸ ਵਰਤਾਰੇ ਨੂੰ ਲਾਲ ਸਿੰਘ ਆਪਣੀ ਕਹਾਣੀ ਵਿਚ ਚਿੰਤਨ ਦੀ ਪੱਧਰ ਉੱਤੇ ਜਾ ਕੇ ਪ੍ਰਸਤੁਤ ਕਰਦਾ ਹੈ

ਲਾਲ ਸਿੰਘ ਦਾ ਪਹਿਲਾ ਕਹਾਣੀ ਸੰਗ੍ਰਹਿ 'ਮਾਰਖੋਰੇ' 1984 ਵਿਚ ਛਪਦਾ ਹੈ। ਇਸ ਪਿੱਛੋਂ 1986 ਵਿਚ 'ਬਲੌਰ', 1990 ਵਿਚ 'ਧੁੱਪ-ਛਾਂ', 1996 ਵਿਚ 'ਕਾਲੀ ਮਿੱਟੀ', 2003 ਵਿਚ 'ਅੱਧੇ ਅਧੂਰੇ' ਅਤੇ 2009 ਵਿਚ 'ਗੜ੍ਹੀ ਬਖ਼ਸ਼ਾ ਸਿੰਘ' ਨਾਮਕ ਕਥਾ ਸੰਗ੍ਰਿਹ ਛਪਦੇ ਹਨ। ਲੇਖਣੀ ਦੀ ਇਹ ਵਿਰਾਸਤ ਲਾਲ ਸਿੰਘ ਨੂੰ ਉਸ ਕਹਾਣੀ ਦੇ ਵੀ ਸਮਾਨਾਂਤਰ ਰੱਖਦੀ ਹੈ ਜੋ ਪੰਜਾਬੀ ਕਹਾਣੀ ਦੇ ਤੀਜੇ ਪੜਾਅ ਦੇ ਪਿਛਲੇ ਸਮਿਆਂ ਦੌਰਾਨ ਦੇਹ ਦੇ ਜਸ਼ਨੀ ਸਰੋਕਾਰਾਂ ਅਤੇ ਵਰਜਿਤ ਰਿਸ਼ਤਿਆਂ ਨੂੰ ਕਹਾਣੀ ਦਾ ਇਕੋ ਇਕ ਕੇਂਦਰ ਬਣਾ ਕੇ ਪ੍ਰਸਤੁਤ ਕਰਦੀ ਰਹੀ ਹੈ। ਇਹ ਦੌਰ ਵਰਜਿਤ ਰਿਸ਼ਤਿਆਂ ਅਤੇ ਕਾਮੁਕ ਮਨੋਂ ਗੁੰਝਲਾਂ ਦੁਆਲੇ ਭਿਣਭਿਣਾਉਂਦੀ ਕਥਾਕਾਰੀ ਦਾ ਦੌਰ ਹੈ। ਲਾਲ ਸਿੰਘ ਅਜਿਹਾ ਪ੍ਰਭਾਵ ਲੈਣ ਦੀ ਥਾਂ 'ਮਾਰਖੋਰੇ', 'ਧੁੱਪ-ਛਾਂ', 'ਨਾਈਟ ਸਰਵਿਸ', 'ਬਲੌਰ' ਵਰਗੀਆਂ ਕਹਾਣੀਆਂ ਲਿਖ ਕੇ ਉਸ ਸਮੇਂ ਦਹਿਸ਼ਤਗਰਦਾਂ ਅਤੇ ਸਟੇਟ ਦੇ ਜਬਰ ਵਿਚ ਪਿਸਦੀ ਲੋਕਾਈ ਦੇ ਦਰਦ ਨੂੰ ਪ੍ਰਗਤੀਵਾਦੀ ਨਜ਼ਰੀਏ ਤੋਂ ਪੇਸ਼ ਕਰਦਾ ਹੈ। ਇਸਦੇ ਨਾਲ ਉਸਦੀ ਕਹਾਣੀ ਪੰਜਾਬੀ ਸਮਾਜ ਦੇ ਜਾਤੀ ਜਮਾਤੀ ਪ੍ਰਸੰਗਾਂ ਨੂੰ ਪ੍ਰਸਤਤ ਕਰਦੀ ਰਾਜਨੀਤਕ, ਆਰਥਿਕ ਅਤੇ ਸਮਾਜਕ ਢਾਂਚੇ ਉੱਤੇ ਕਾਬਜ਼ ਧਿਰਾਂ ਵੱਲੋਂ ਮਿਹਨਤਕਸ਼ ਵਰਗਾਂ ਦੀ ਕੀਤੀ ਜਾਂਦੀ ਲੁੱਟ ਖਸੁੱਟ ਪ੍ਰਤੀ ਤਿੱਖੇ ਪ੍ਰਵਚਨ ਉਚਾਰਦੀ ਹੈ। ਉਸਦੀਆਂ ਸਮੁੱਚੀਆਂ ਕਹਾਣੀਆਂ ਦਾ ਕੇਂਦਰੀ ਨੁਕਤਾ ਸਾਮਰਾਜੀ ਤਾਕਤਾਂ ਦੇ ਵਿਦੇਸ਼ੀ ਅਤੇ ਦੇਸੀ ਰੂਪਾਂ ਦੁਆਰਾ ਹਾਸ਼ੀਅਤ ਵਰਗਾਂ ਨਾਲ ਕੀਤੇ ਜਾਂਦੇ ਸਮਾਜਕ

ਅਨਿਆਂ ਵਿਰੁੱਧ ਉਗਰ ਅਤੇ ਖਰ੍ਹਵੇ ਉਚਾਰਾਂ ਵਾਲੇ ਕਥਾ ਸ਼ਿਲਪ ਦਾ ਪ੍ਰਸਾਰ ਕਰਨਾ ਹੈ। ਇਸ ਪੱਖੋਂ ਉਹ ਵਕਤ ਦੀ ਚਾਲ ਨੂੰ ਪਛਾਣ ਕੇ ਆਪਣੀ ਕਹਾਣੀ ਨੂੰ ਚਿੰਤਨ ਪ੍ਰਧਾਨ ਬਣਾਉਣ ਵਾਲਾ ਸੁਚੇਤ ਕਥਾਕਾਰ ਹੈ। 1990 ਤੋਂ ਬਾਅਦ ਸਮਾਜਵਾਦੀ ਬਲਾਕ ਦੇ ਟੁੱਟਣ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਫੈਲਾਅ, ਸੂਚਨਾ ਸੰਚਾਰ ਸਾਧਨਾਂ ਦੇ ਵਿਸਥਾਰ ਅਤੇ ਉਪਭੋਗੀ ਸੱਭਿਆਚਾਰ ਦੇ ਪ੍ਰਚਲਨ ਨਾਲ ਜਿਸ ਤਰ੍ਹਾਂ ਸੰਘਰਸ਼ ਦੀ ਰੂੜ੍ਹੀ ਅਤੇ ਨਾਇਕ-ਕੇਂਦਰਤ ਕਥਾਕਾਰੀ ਕਹਾਣੀ ਦੇ ਦ੍ਰਿਸ਼ ਵਿੱਚੋਂ ਲੋਪ ਹੁੰਦੀ ਹੈ, ਉਸਦਾ ਪ੍ਰਗਟਾਵਾ ਲਾਲ ਸਿੰਘ ਦੀਆਂ ਕਹਾਣੀਆਂ ਅੰਦਰ ਦਰਜ ਹੈ। ਇਸ ਕਹਾਣੀ ਵਿਚ ਇਕਹਿਰੇ ਯਥਾਰਥ ਦੀ ਥਾਂ ਬਹੁਪਰਤੀ ਯਥਾਰਥ, ਨਿਰਪੇਖ ਸੱਚ ਦੀ ਥਾਂ ਸਾਪੇਖ ਸੱਚ, ਜਿੱਤ ਦੀ ਥਾਂ ਹਾਰ ਦਾ ਬਿਰਤਾਂਤ, ਨਾਇਕ ਦੀ ਸੂਰਮਗਤੀ ਦੀ ਥਾਂ ਵਿਗਠਨਕਾਰੀ, ਰਾਹ ਦੀ ਥਾਂ ਤਣਾਓ, ਲੇਖਣੀ ਦੇ ਸਰਬਗਿਆਨ ਦੀ ਥਾਂ ਅਰਥਾਂ ਦਾ ਭੇੜ, ਚੇਤਨ ਦੀ ਥਾਂ ਅਵਚੇਤਨ, ਵਿਅੰਗ ਦੀ ਥਾਂ ਵਿਡੰਬਨਾ, ਕਹਾਣੀ ਸੁਣਾਉਣ ਦੀ ਥਾਂ ਦਿਖਾਉਣ, ਦਿਸਦੇ ਸੱਚ ਦੀ ਥਾਂ ਅਣਦਿਸਦੇ ਸੱਚ ਨਾਲ ਜੁੜੇ ਕਥਾ ਸਰੋਕਾਰ ਪ੍ਰਵੇਸ਼ ਕਰਦੇ ਹਨ। ਕਹਾਣੀ ਦਾ ਇਹ ਨਵਾਂ ਸੁਹਜ ਅਤੇ ਸ਼ਿਲਪ ਵਿਧਾਨ ਵਿਸ਼ਵੀਕਰਨ ਦੀਆਂ ਨੀਤੀਆਂ ਤੋਂ ਕਾਰਪੋਰੇਟ ਸੈਕਟਰ ਦੀ ਚੜ੍ਹਤ ਦੌਰਾਨ ਬਦਲਦੇ ਪੰਜਾਬੀ ਸਮਾਜ ਦੀ ਕਠੋਰਤਾ ਵਿਚੋਂ ਰੂਪਮਾਨ ਹੋ ਰਿਹਾ ਹੈ। ਲਾਲ ਸਿੰਘ ਦੀ ਕਹਾਣੀ ਵੀ ਇਸੇ ਸਮਾਜੀ ਕਠੋਰਤਾ ਤੋਂ ਉੱਪਜੀਆਂ ਕਥਾ ਸਥਿਤੀਆਂ ਉੱਤੇ ਆਪਣੀ ਬੁਣਤੀ ਬੁਣਦੀ ਹੈ। ਜਿਸ ਵਿਚ ਸਮਕਾਲੀ ਸਮਾਜਕ ਯਥਾਰਥ ਦੀ ਕਰੂਰਤਾ ਦਾ ਭਰਪੂਰ ਪ੍ਰਗਟਾਵਾ ਮਿਲਦਾ ਹੈ। ਲੇਖਕ ਕਾਰਪੋਰੇਟ ਸੈਕਟਰ ਦੀ ਅੰਨ੍ਹੀ ਚੜ੍ਹਤ ਤੋਂ ਪੈਦਾ ਹੋ ਰਹੇ ਸਮਾਜਕ ਦੁਖਾਂਤ ਪ੍ਰਤੀ ਚਿੰਤਾਤੁਰ ਹੀ ਨਹੀਂ ਸਗੋਂ ਚੇਤੰਨ ਵੀ ਹੈ। ਉਸਦੀਆਂ ਕਹਾਣੀਆਂ ਪੰਜਾਬ ਸਮਕਾਲੀ ਸੰਕਟਾਂ ਦਾ ਇਕਹਿਰਾ ਪਰਿਪੇਖ ਪੇਸ਼ ਕਰਨ ਨਾਲੋਂ ਇਨ੍ਹਾਂ ਦਾ ਬਹੁਪਾਸਾਰੀ ਚਿਹਰਾ ਰੂਪਮਾਨ ਕਰਦੀਆਂ ਹਨ। ਬਾਕੀ ਕਥਾਕਾਰਾਂ ਤੋਂ ਉਸਦੀ ਭਿੰਨਤਾ ਹੈ ਕਿ ਉਹ ਪੰਜਾਬ ਦੇ ਜੁਝਾਰੂ ਮਾਦੇ ਵਾਲੇ ਸੱਭਿਆਚਾਰਕ ਅਤੇ ਇਤਿਹਾਸਕ ਪਿਛੋਕੜ ਦੀ ਸਮਝ ਰੱਖਦਾ ਇਸਦੀ ਸਦੀਵੀ ਪ੍ਰਸੰਗਕਤਾ ਦਾ ਅਹਿਸਾਸ ਵੀ ਕਰਵਾਉਂਦਾ ਹੈ।

ਲਾਲ ਸਿੰਘ ਦੀਆਂ ਕਹਾਣੀਆਂ ਦਾ ਇਕ ਸਰੋਕਾਰ ਕਮਿਊਨਿਸਟ ਲਹਿਰ ਦੇ ਚਿੰਤਨ ਨਾਲ ਜੁੜਿਆ ਹੈ। ਕਮਿਊਨਿਸਟ ਲਹਿਰ ਦਾ ਗਲਪੀ ਮੁਲਾਂਕਣ ਕਰਦਿਆਂ ਉਹ ਲਹਿਰ ਦੀ ਕਥਿਤ ਅਸਫਲਤਾ ਤੇ ਕੱਛਾਂ ਵਜਾਉਣ ਵਾਲੀ ਗਲਪੀ ਸਿਆਸਤ ਨਹੀਂ ਖੇਡਦਾ, ਸਗੋਂ ਲਹਿਰ ਦੇ ਮਨਸੂਬਿਆਂ ਦੀ ਅਪ੍ਰਾਪਤੀ 'ਤੇ ਮੰਥਨ ਕਰਦਾ ਦੱਬੀਆਂ ਘੁੱਟੀਆਂ ਰਗਾਂ 'ਤੇ ਹੱਥ ਧਰਦਾ ਹੈ। ਇਸਦੇ ਨਾਲ ਨਾਲ ਖੁਦਕੁਸ਼ੀਆਂ ਦੇ ਰਾਹ ਪਈ ਪੰਜਾਬ ਦੀ ਕਿਸਾਨੀ, ਨੌਜਵਾਨਾਂ ਦੀ ਦਿਸ਼ਾਹੀਣਤਾ, ਦਿਹਾਤੀ ਖੇਤਰ ਵਿਚ ਉਪਭੋਗਤਾਵਾਦੀ ਰੁਚੀਆਂ ਦੇ ਦਖ਼ਲ, ਗਲੋਬਲ ਪਿੰਡ ਦੇ ਵਿਕਾਸ ਮਾਡਲ ਵੱਲੋਂ ਮੰਡੀ ਅਤੇ ਬਾਜ਼ਾਰ ਦੇ ਖੜ੍ਹੇ ਕੀਤੇ ਤਲਿੱਸਮ ਵਿਚ ਉਲਝੀ ਪੰਜਾਬੀ ਲੋਕਾਈ ਨੂੰ ਆਏ ਸੰਕਟਾਂ 'ਤੇ ਰੁਦਨ ਕਰਨਾ ਵੀ ਉਸ ਦੇ ਕਥਾ ਮਰਕਜ਼ ਦਾ ਹਿੱਸਾ ਰਿਹਾ ਹੈ। ਲਾਲ ਸਿੰਘ ਦੇ ਕਥਾ ਪਾਤਰ ਬੇਚੈਨ ਕਿਸਮ ਦੇ ਅਤੇ ਆਪਣੇ ਅਸਲੇ ਤੋਂ ਉਖੜੇ ਹੋਏ ਹਨ। ਇਨ੍ਹਾਂ ਦੀ ਅਸਹਿਜ,ਅਸ਼ਾਂਤ ਅਤੇ ਅਸਥਿਰ ਮਾਨਸਿਕਤਾ ਲਈ ਜਿਸ ਕਿਸਮ ਦੀ ਗੁੰਝਲਦਾਰ ਕਥਾ ਭਾਸ਼ਾ ਦੀ ਲੋੜ ਹੈ, ਲਾਲ ਸਿੰਘ ਉਸ ਲੋੜ ਨੂੰ ਪੂਰਾ ਕਰਦਾ ਹੈ। ਕਈ ਵਾਰ ਗੁੰਝਲਦਾਰ ਕਥਾ ਜੁਗਤਾਂ ਦੀ ਸ਼ਿਕਾਰ ਹੋ ਕੇ ਉਸਦੀ ਕਹਾਣੀ ਰਵਾਨੀ ਰਹਿਤ ਅਤੇ ਕਥਾ ਰਸ ਤੋਂ ਵਿਰਵੀ ਵੀ ਹੁੰਦੀ ਜਾਪਦੀ ਹੈ। ਪਰ ਲੇਖਕ ਦੀ ਪ੍ਰਗਤੀਵਾਦੀ ਸੋਚ ਅਤੇ ਮਾਨਵਵਾਦ ਲਈ ਪ੍ਰਤੀਬੱਧਤਾ ਪਾਠਕਾਂ ਨੂੰ ਜ਼ਿੰਦਗੀ ਜੀਉਣ ਦਾ ਕੋਈ ਨਾ ਕੋਈ ਰਸਤਾ ਪ੍ਰਦਾਨ ਕਰਦੀ ਨਵੀਆਂ ਚਿੰਤਨੀ ਦਿਸ਼ਾਵਾਂ ਨਾਲ ਜੋੜਦੀ ਹੈ।

ਲਾਲ ਸਿੰਘ ਦੀ ਨਵੀਂ ਕਥਾ ਪੁਸਤਕ "ਸੰਸਾਰ " ਦੇ ਕੇਂਦਰੀ ਥੀਮ ਵੀ ਸਮਕਾਲ ਦੇ ਸੰਸਾਰੀਕਰਨ ਦੇ ਵਰਤਾਰੇ ਦੀ ਗ੍ਰਿਫਤ ਵਿਚ ਆਏ ਪੰਜਾਬੀ ਜਨ-ਜੀਵਨ, ਸੂਚਨਾ ਸੰਚਾਰ ਸਾਧਨਾਂ ਦੇ ਵਹਿਣ ਵਿਚ ਰੁੜ੍ਹੀ ਜਾਂਦੀ ਨੌਜਵਾਨ ਪੀੜ੍ਹੀ ਦੇ ਦੁਖਾਂਤ, ਨਵ ਪੂੰਜੀਵਾਦ ਤੋਂ ਪੈਦਾ ਉਪਭੋਗਤਾਵਾਦੀ



ਰੁਝਾਨਾਂ ਅਤੇ ਲੋਕ-ਪੱਖੀ ਲਹਿਰਾਂ ਦੀ ਸਿਧਾਂਤਕ ਵਿਹਾਰਕ ਵਿੱਥ ਤੋਂ ਉਪਜੇ ਸੰਤਾਪ ਅਤੇ ਸੱਤਾ ਦੇ ਸ਼ੋਸ਼ਣ ਵਿਚ ਪਿਸਦੇ ਪੰਜਾਬੀ ਬੰਦੇ ਦੇ ਸਹਿਜ ਜੀਵਨ ਵਿਚ ਆਈ ਅਸਹਿਜਤਾ ਦੇ ਵਿਖਿਆਨ ਪੇਸ਼ ਕਰਨਾ ਹੈ। ਪੁਸਤਕ ਵਿਚ ਲਾਲ ਸਿੰਘ ਆਪਣੇ ਪਾਤਰਾਂ ਦੀ ਸਿਰਜਣ ਪ੍ਰਕਿਰਿਆ ਬਾਰੇ ਲਿਖਦਾ ਹੈ -"ਸਮਾਜ ਦੇ ਵਿਸ਼ਵੀਕਰਨ ਦੇ ਵਰਤਾਰੇ ਨੇ, ਸੂਚਨਾ ਤਕਨਾਲੋਜੀ ਦੇ ਤੇਜ਼ ਤਰਾਰ ਯੁੱਗ ਵਿਚ ਨਵ-ਪੂੰਜੀਵਾਦ ਦੇ ਕਰੂਰ ਪਰਪੰਚ ਨੇ, ਮਨੁੱਖ ਦੀ ਬੌਧਿਕਤਾ, ਮਾਨਸਿਕਤਾ ਤੇ ਭਾਵੁਕਤਾ ਦੇ ਸਮੀਕਰਨ ਨਿਘਾਰ ਦੀ ਸਭ ਤੋਂ ਹੇਠਲੀ ਹੱਦ ਤਕ ਉਥਲ ਪੁਥਲ ਕਰ ਦਿੱਤੇ ਹਨ।"

ਲਾਲ ਸਿੰਘ ਦੀ ਕਹਾਣੀ ਦੀ ਵੱਖਰਤਾ ਨੇ ਸੰਸਾਰੀਕਰਨ ਤੋਂ ਪੈਦਾ ਹੋਈ ਪਿਛਲੇ ਦੋ ਦਹਾਕਿਆਂ ਦੀ ਉਥਲ ਪੁਥਲ ਦਾ ਮਾਰਮਿਕ ਅਤੇ ਚਿੰਤਨੀ ਬਿਰਤਾਂਤ ਪੇਸ਼ ਕੀਤਾ ਹੈ। ਉਸਦੇ ਕਥਾ ਸੰਸਾਰ ਵਿਚ ਭੂਤਕਾਲ ਨੂੰ ਨਮਸਕਾਰਨ ਅਤੇ ਵਰਤਮਾਨ ਨੂੰ ਤ੍ਰਿਸਕਾਰਨ ਦੀ ਰੂੜ੍ਹੀ ਮੌਜੂਦ ਹੈ। ਇਸੇ ਤਹਿਤ ਉਹ ਦੇਸ਼ ਦੀ ਆਜ਼ਾਦੀ ਅਤੇ ਸਮਾਰਾਜੀ ਕੈਦ ਤੋਂ ਮੁਕਤੀ ਲਈ ਜੂਝਦੀਆਂ ਰਹੀਆਂ ਗ਼ਦਰ ਲਹਿਰ, ਕਿਰਤੀ ਕਿਸਾਨ ਲਹਿਰ ਅਤੇ ਹੋਰ ਲੋਕ-ਪੱਖੀ ਤਹਿਰੀਕਾਂ ਦੀ ਸਿਮਰਤੀ ਕਰਦਾ ਹੈ ਅਤੇ ਸਮਕਾਲ ਦੇ ਵਿਸ਼ਵੀਕਰਨ ਵਾਲੇ ਵਰਤਾਰਿਆਂ ਵਿਚ ਮਨੁੱਖ ਦੀ ਹੋਂਦ ਨੂੰ ਦਰਪੇਸ਼ ਸੰਕਟਾਂ 'ਤੇ ਰੁਦਨ ਕਰਦਾ ਹੈ। 'ਗ਼ਦਰ' ਕਹਾਣੀ ਵਿਚ ਉਹ 'ਗ਼ਦਰ' ਸ਼ਬਦ ਦੇ ਅਰਥਾਂ ਉੱਤੇ ਸਵਾਲੀਆ ਚਿੰਨ੍ਹ ਲਗਾਉਂਦਾ ਹੈ। ਬਸਤੀਵਾਦੀ ਗ਼ੁਲਾਮੀ ਤੋਂ ਮੁਕਤੀ ਦੇ ਸੰਗਰਾਮ ਦੇ ਇਤਿਹਾਸ ਵਿਚ ਗ਼ਦਰ ਲਹਿਰ ਦੀ ਵਡੇਰੀ ਭੂਮਿਕਾ ਦੇ ਬਾਵਜੂਦ ਲੋਕ ਮਨਾਂ ਵਿਚ ਗ਼ਦਰ ਸ਼ਬਦ ਦੀ ਨਕਾਰਾਤਮਕ ਭੂਮਿਕਾ ਉਸਦੇ ਕਥਾ ਚਿੰਤਨ ਦਾ ਅਹਿਮ ਸਰੋਕਾਰ ਹੈ। ਆਜ਼ਾਦੀ ਦੀ ਲਹਿਰ ਵਿਚ ਗ਼ਦਰੀ ਬਾਬਿਆਂ ਦੇ ਇਨਕਲਾਬੀ ਯੋਗਦਾਨ ਦੇ ਬਾਵਜੂਦ ਇਹ ਲਹਿਰ ਭਾਰਤ ਦੇ ਆਜ਼ਾਦੀ ਸੰਗਰਾਮ ਦੀ ਇਤਿਹਾਸਕਾਰੀ ਵਿਚ ਇਕ ਹਾਸ਼ੀਆ ਹੰਢਾਉਂਦੀ ਰਹੀ ਹੈ। ਲਾਲ ਸਿੰਘ ਹਾਸ਼ੀਏ ਦੇ ਕਾਰਨ ਤਲਾਸ਼ਣ ਦੀ ਥਾਂ ਸਮਕਾਲ ਦੀ ਨਿਆਂ ਪਾਲਿਕਾ, ਕਾਰਜ ਪਾਲਿਕਾ ਅਤੇ ਵਿਧਾਨ ਪਾਲਿਕਾ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ੍ਹ ਉਠਾਉਂਦਾ ਹੈ। ਉਹ ਗ਼ਦਰੀ ਬਾਬਿਆਂ ਨੂੰ ਗ਼ਦਰ ਸ਼ਬਦ ਦੇ ਰਵਾਇਤੀ ਅਰਥ ਤਬਦੀਲ ਕਰਕੇ ਬਸਤੀਵਾਦੀ ਸੱਤਾ ਦੇ ਸ਼ੋਸ਼ਣ ਤੋਂ ਲੋਕਾਂ ਨੂੰ ਆਜ਼ਾਦ ਕਰਾਉਣ ਪੱਖੋਂ ਸਿਮਰਦਾ ਹੈ। ਪਰ ਸਮਕਾਲ ਦੇ ਭ੍ਰਿਸ਼ਟ ਤੰਤਰ ਦੌਰਾਨ ਲੋਕਤੰਤਰ ਵਿਚ 'ਗ਼ਦਰ' ਪਾਉਣ ਵਾਲੇ ਸਰਕਾਰੀ ਅਫ਼ਸਰਾਂ, ਅਧਿਆਪਕਾਂ ਅਤੇ ਅਖੌਤੀ ਆਗੂਆਂ ਦੇ ਕਿਰਦਾਰ ਦੀ ਨਿੰਦਾ ਕਰਦਾ ਹੈ। ਕਹਾਣੀ ਵਿਚਲਾ ਉੱਤਮ ਪੁਰਖੀ ਪਾਤਰ ਇਕ ਪਰਵਾਸੀ ਲੇਖਕ ਹੈ ਜੋ ਪੰਜਾਬ ਵਿਚ ਆ ਕੇ ਯੂਨੀਵਰਸਿਟੀਆਂ ਵਿਚ ਫੈਲੇ ਅਕਾਦਮਿਕ ਭ੍ਰਿਸ਼ਟਾਚਾਰ, ਪਰਵਾਸੀਆਂ ਦੀਆਂ ਜ਼ਮੀਨਾਂ ਦੱਬੀ ਬੈਠੇ ਮਾਫੀਏ ਸਰਮਾਏਦਾਰਾਂ, ਪੁਲੀਸ ਅਤੇ ਨਿਆਂ ਪਾਲਿਕਾ ਦੀ ਰਿਸ਼ਵਤਖੋਰੀ ਦੇਖ ਕੇ ਸੁੰਨ ਹੋ ਜਾਂਦਾ ਹੈ। ਕਹਾਣੀ ਦਾ ਗ਼ਦਰੀ ਬਜ਼ੁਰਗ ਪਾਤਰ ਉਧੋ ਸਮਕਾਲ ਦੀ ਇਸੇ ਆਪਾਧਾਪੀ ਨੂੰ ਦੇਖ ਕੇ ਗੁੰਮਨਾਮੀ ਮੌਤ ਮਰ ਜਾਂਦਾ ਹੈ ਅਤੇ ਕਹਾਣੀ ਦੇ ਮੁੱਖ ਪਾਤਰ ਦੀ ਮਨਬਚਨੀ ਵਰਤਮਾਨ ਦੇ ਸਮਾਜਕ ਯਥਾਰਥ ਦੀ ਇਸ ਕਰੂਰਤਾ ਅੱਗੇ ਕਹਾਣੀ ਦੇ ਅੰਤ ਵਿਚ ਇਕ ਵਿਸਫੋਟ ਬਣ ਕੇ ਉਭਰਦੀ ਹੈ: " ਗ਼ਦਰੀ ਤੁਸੀ ਨਹੀਂ, ਆਹ ਹੁਣ ਦਾ ਅਮਲਾ ਫੈਲਾ....ਹੁਣ ਦਾ ਲਾਣਾ ਐ ਪੂਰਾ ਗੰਦ ਗਦਰੀ। ਇਹਨਾਂ ਤਾਂ ਤੁਹਾਡੇ ਮਿਸ਼ਨ ਤੁਹਾਡੀ ਲਹਿਰ ਨੂੰ ਪੂਰੀ ਤਰ੍ਹਾਂ ਕਲੰਕਤ ਹੀ ਕਰ ਛੱਡਿਆ। ਤੁਸੀਂ .....ਤਾਂ ਅਠਾਰਾਂ ਸਤਵੰਜਾ ਦੀ ਜੰਗ ਨੂੰ ਸਲਾਮ ਕੀਤੀ ਸੀ ਇਕ ਤਰ੍ਹਾਂ ਨਾਲ। ਅਧਵਾਟੇ ਰੁਕੇ ਕਾਰਜ ਨੂੰ ਅੱਗੇ ਤੋਰਿਆ ਸੀ ਗਹਿ ਗੱਚ ਖੁੱਭ ਕੇ। ਤੁਸੀਂ....ਤੁਸੀਂ ਤਾਂ ਗ਼ਦਰ ਸ਼ਬਦ ਦੇ ਨਾਂਹਵਾਚੀ ਅਰਥ ਹੀ ਤਬਦੀਲ ਕਰ ਦਿੱਤੇ ਸਨ ਮੁੱਢੋਂ ਸੁੱਢੋਂ। ਪਰ ਅਸੀਂ ਪਤਾ ਨੀਂ ਕਿਹੜੀ ਰੀਸੇ ਤੁਹਾਨੂੰ ਮੁਕਤੀ ਕਾਮਿਆਂ ਨੂੰ, ਬੇ-ਦਾਗ, ਬੇਲਾਗ ਯੋਧਿਆਂ, ਸੂਰਬੀਰਾਂ ਨੂੰ ਗ਼ਦਰੀ ਆਖਦੇ ਰਹੇ ਐਨਾ ਚਿਰ। "

ਲਾਲ ਸਿੰਘ ਦੀ ਇਕ ਕਹਾਣੀ 'ਆਪੋ ਆਪਣੇ ਮੁਹਾਜ਼' ਵੀ ਇਸੇ ਵਿਚਾਰਧਾਰਾ ਦੇ ਆਧਾਰ ਵਾਲੀ ਹੈ ਜਿਸ ਵਿਚ ਸੀਮਤ ਸਾਧਨਾਂ ਨਾਲ ਆਜ਼ਾਦੀ ਦੇ ਅਸੀਮਤ ਸੁਪਨੇ ਨੂੰ ਦੇਖਣ ਅਤੇ ਪੂਰਾ

ਕਰਨ ਲਈ ਉੱਠੀਆਂ ਪੰਜਾਬ ਦੀਆਂ ਜੁਝਾਰੂ ਇਨਕਲਾਬੀ ਲਹਿਰਾਂ ਦੀ ਵਿਚਾਰਧਾਰਾ ਨੂੰ ਸਮਕਾਲੀ ਸਮਿਆਂ ਦੇ ਪ੍ਰਸੰਗ ਵਿਚ ਸੰਵਾਦੀ ਬਣਾਇਆ ਮਿਲਦਾ ਹੈ। 'ਆਪੋ ਆਪਣੇ ਮੁਹਾਜ਼ 'ਕਹਾਣੀ ਵਿਚ ਮੌਜੂਦਾ ਸਮੇਂ ਅੰਦਰ ਰਾਜਨੀਤੀ ਵਿਚ ਪਰਿਵਾਰਵਾਦ, ਭ੍ਰਿਸ਼ਟ ਤੰਤਰ ਅਤੇ ਬੇਰੁਜ਼ਗਾਰੀ ਕਾਰਨ ਦਿਸ਼ਾਹੀਣਤਾ ਭੋਗਦੀ ਨੌਜਵਾਨ ਪੀੜ੍ਹੀ ਦੀ ਸੰਵੇਦਨਾ ਦਾ ਵਰਨਣ ਹੈ। ਕਹਾਣੀ ਦਾ ਅਨਯ ਪੁਰਖੀ ਪਾਤਰ ਬਿੰਦਰ ਇਕ ਬੇਰੁਜ਼ਗਾਰ ਨੌਜਵਾਨ ਹੈ ਜਿਹੜਾ ਬੇਰੁਜ਼ਗਾਰੀ ਭੋਗਦਾ ਆਪਣੀ ਪਛਾਣ ਦੇ ਸੰਕਟਾਂ ਨਾਲ ਜੂਝਦਾ ਹੈ। ਇਨ੍ਹਾਂ ਸੰਕਟਾਂ ਦੇ ਮੋਚਨ ਲਈ ਆਖਿਰ ਉਹ ਬਾਬਾ ਸੋਹਣ ਸਿੰਘ ਭਕਨਾ, ਬੀਬੀ ਗੁਲਾਬ ਕੌਰ ਅਤੇ ਹੋਰ ਆਗੂਆਂ ਦੀ ਕੁਰਬਾਨੀ ਤੋਂ ਸੇਧ ਲੈਂਦਾ ਇਨ੍ਹਾਂ ਨਾਲ ਇਕ ਰਿਸ਼ਤੇ ਦੀ ਗੰਢ ਵਾਲੇ ਅਹਿਸਾਸ ਵਿਚੋਂ ਗੁਜ਼ਰਦਾ ਹੈ। ਇੰਝ ਲਾਲ ਸਿੰਘ ਇਕ ਪਾਸੇ ਇਨਕਲਾਬੀ ਚੇਤਨਾ ਵਾਲੇ ਪੰਜਾਬੀ ਬੰਦੇ ਦੀ ਜੁਝਾਰੂ ਤਾਸੀਰ ਨੂੰ ਪੇਸ਼ ਕਰਦਾ ਹੈ, ਦੂਜੇ ਪਾਸੇ ਉਨ੍ਹਾਂ ਹਾਲਾਤ 'ਤੇ ਕਟਾਖ਼ਸ਼ ਕਰਦਾ ਹੈ ਜਿਨ੍ਹਾਂ ਕਰਕੇ ਉੱਚੇ ਆਦਰਸ਼ਾਂ ਲਈ ਉੱਠਦੀਆਂ ਲਹਿਰਾਂ ਦੇ ਅਖੌਤੀ ਆਗੂ ਸੱਤਾ ਦੇ 'ਲੂਣ ਦੇ ਪਹਾੜ' ਵਿਚ ਰਚ ਮਿਚ ਜਾਂਦੇ ਰਹੇ ਜਦ ਕਿ ਕੁਰਬਾਨੀਆਂ ਦੇਣ ਵਾਲੇ ਆਗੂਆਂ ਨੂੰ ਗੁੰਮਨਾਮੀ ਤੋਂ ਵੱਧ ਕੁਝ ਨਹੀ ਮਿਲਿਆ।

ਲਾਲ ਸਿੰਘ ਦੀਆਂ ਕਹਾਣੀਆਂ ਨੇ ਵਰਤਮਾਨ ਦੇ ਨਵ ਪੂੰਜੀਵਾਦੀ ਸਮਾਜ ਵਿਚ ਸ਼ਹਿਰਾਂ ਅਤੇ ਕਸਬਿਆਂ ਵਿਚ ਉਸਰਦੀ ਖਪਤਵਾਦੀ ਜੀਵਨ-ਜਾਚ ਨੂੰ ਵੀ ਆਪਣੀ ਕਥਾ-ਚੇਤਨਾ ਦਾ ਹਿੱਸਾ ਬਣਾਇਆ ਹੈ। ਉਹ ਕਿਰਤੀ ਸਭਿਆਚਾਰ ਵਾਲੇ ਪੰਜਾਬੀਆਂ ਦੀ ਨਵੀਂ ਉਪਭੋਗੀ ਜੀਵਨ-ਜਾਚ ਪਿੱਛੇ ਕਾਰਜਸ਼ੀਲ ਕਾਰਪੋਰੇਟੀ ਪ੍ਰਬੰਧ ਤੋਂ ਜਾਣੂੰ ਹੈ। ਉਸਦੀਆਂ ਕਹਾਣੀਆਂ ਵਿਚ ਕਾਰਪੋਰੇਟ ਸੈਕਟਰ ਦਾ ਬਿੰਬ 'ਜੁਬਾੜ੍ਹੇ' ਕਹਾਣੀ ਵਿਚ 'ਜੁਬਾੜ੍ਹੇ 'ਦੇ ਰੂਪਕ ਨਾਲ ਪੇਸ਼ ਹੋਇਆ ਹੈ। ਸੱਤਾ ਦਾ ਧਰਮ ਅਤੇ ਕਾਰਪੋਰੇਟ ਸੈਕਟਰ ਨਾਲ ਨਾਪਾਕ ਗਠਜੋੜ ਸਮੁੱਚੀ ਲੋਕਾਈ ਲਈ ਕਿੰਨਾ ਖਤਰਨਾਕ ਹੈ, ਇਸਦੇ ਕਥਾ ਵੇਰਵੇ 'ਜੁਬ੍ਹਾੜੇ' ਕਹਾਣੀ ਵਿਚ ਦਰਜ ਹਨ। ਕਾਰਪੋਰੇਟ ਸੈਕਟਰ ਨੇ ਕਿਸਾਨਾਂ ਦੀਆਂ ਉਪਜਾਊ ਜ਼ਮੀਨਾਂ ਵਿਚ ਮੈਰਿਜ ਪੈਲਸ, ਰਿਜ਼ੋਰਟ, ਮਾਲਜ਼ ਅਤੇ ਇਸ ਤਰ੍ਹਾਂ ਦੀ ਹੋਰ ਹਾਬੜ ਉਸਾਰੀ ਰਾਹੀਂ ਅਖੌਤੀ ਵਿਕਾਸ ਮਾਡਲ ਦਾ ਮਾਰੂ ਅਧਿਆਇ ਸ਼ੁਰੂ ਕੀਤਾ ਹੈ। ਕਹਾਣੀ ਵਿਚ ਜ਼ਮੀਨਾਂ ਦੇ ਉਜਾੜੇ, ਖੇਤੀ ਦੀ ਮੰਦਹਾਲੀ ਅਤੇ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਰਕੇ ਰਾਮਗੋਪਾਲ ਅਤੇ ਮਹਿੰਗਾ ਰਾਮ ਵਰਗੇ ਪਾਤਰ ਆਪਣੇ ਦੇਸ਼ ਵਿਚ ਇਕ ਬੇਗਾਨਗੀ ਦੇ ਅਹਿਸਾਸ ਵਿਚੋਂ ਗੁਜ਼ਰਦੇ ਹਨ। ਕਹਾਣੀ ਵਿਚ ਕਾਰਪੋਰੇਟ ਸੈਕਟਰ ਦਾ ਵਰਤਾਰਾ ਕਸਬਿਆਂ ਅੰਦਰ ਛੋਟੇ ਵਪਾਰੀ, ਮਧਲੇ ਕਿਸਾਨ ਅਤੇ ਮਿਹਨਤਕਸ਼ ਵਰਗਾਂ ਨੂੰ ਨਿਗਲਦਾ ਦਿਖਾਇਆ ਗਿਆ ਹੈ, ਜਿਸ ਨਾਲ ਲੋਕਾਂ ਦੀ ਆਪਸੀ ਸਾਂਝ, ਮਿਲਵਰਤਨ ਅਤੇ ਸਹਿਹੋਂਦ ਦੀ ਭਾਵਨਾ ਖਤਮ ਹੁੰਦੀ ਦਿਸਦੀ ਹੈ। ਸਮਕਾਲ ਅੰਦਰ ਦਲਿਤ ਸੰਘਰਸ਼ ਜਿਸ ਕਿਸਮ ਦੇ ਜਾਤੀਗਤ ਟਕਰਾਅ ਅਤੇ ਧਾਰਮਿਕ ਘੁੰਮਣਘੇਰੀ, ਬੌਧਿਕ ਕੰਗਾਲੀ ਵਿਚਾਰਧਾਰਕ ਧੁੰਦਵਾਦ ਵਿਚੋਂ ਗੁਜ਼ਰ ਰਿਹਾ ਹੈ ਉਸਦਾ ਇਕ ਪੱਖ 'ਤੀਸਰਾ ਸ਼ਬਦ' ਕਹਾਣੀ ਵਿਚ ਦਰਜ ਹੈ। ਕਹਾਣੀ ਦਾ ਦਲਿਤ ਪਾਤਰ ਨੌਕਰੀਪੇਸ਼ਾ ਮੱਧਸ਼੍ਰੇਣੀ ਵਿਚੋਂ ਹੈ ਜਿਹੜਾ ਅਗਲੀ ਪੀੜ੍ਹੀ ਨੂੰ ਜਾਤੀ ਚੇਤਨਾ ਨਾਲੋਂ ਜਮਾਤੀ ਚੇਤਨਾ ਦੇ ਵੱਡੇ ਸੰਕਲਪ ਨਾਲ ਜੋੜ ਕੇ ਉਨ੍ਹਾਂ ਦਾ ਮੁਕਤੀ ਮਾਰਗ-ਦਰਸ਼ਕ ਬਣਨ ਦਾ ਯਤਨ ਕਰਦਾ ਹੈ। ਸਾਰੀ ਉਮਰ ਜਾਤੀਗਤ ਪਛਾਣ ਦੇ ਲੇਬਲ ਹੇਠਾਂ ਉਮਰ ਕੱਟ ਕੇ ਉਹ ਗੁੰਮਨਾਮੀ ਜ਼ਰੂਰ ਹੰਢਾਉਂਦਾ ਹੈ ਪਰ ਵਿਚਾਰਧਾਰਾ ਪੱਖੋਂ ਉਹ ਸਮਕਾਲ ਦੀ ਦਲਿਤ ਲਹਿਰ ਨੂੰ ਜਾਤਵਾਦੀ ਸਿਆਸਤ ਤਕ ਸਿਮਟਾ ਕੇ ਰੱਖਣ ਵਾਲੀ ਸੱਤਾਧਾਰੀ ਨੀਤੀ ਦਾ ਵੀ ਜਾਣੂੰ ਹੈ। ਲਾਲ ਸਿੰਘ ਦੀ ਇਸ ਕਹਾਣੀ ਦਾ ਕੇਂਦਰੀ ਪਾਤਰ ਬੇਸ਼ੱਕ ਸਮਕਾਲੀ ਦਲਿਤ ਕਹਾਣੀ ਦੇ ਚਰਚਿਤ ਪਾਤਰ ਵਾਂਗ ਸ਼ਹਿਰੀ ਮੱਧਵਰਗੀ ਸ਼੍ਰੇਣੀ ਵਿੱਚੋਂ ਹੈ ਪਰ ਇਹ ਪਾਤਰ ਦਲਿਤ ਕਹਾਣੀ ਦੇ ਰਵਾਇਤੀ ਪਾਤਰ ਵਾਂਗ ਮਹਿਜ਼ ਰੈਡੀਕਲ ਵਿਰੋਧ ਵਾਲਾ ਨਹੀਂ। ਉਹ ਚਿੰਤਨਸ਼ੀਲ ਹੈ ਅਤੇ ਇਸ ਲਈ ਜੇ ਉਹ ਧਰਮ ਅਤੇ ਰਾਜਨੀਤੀ ਦੀ ਸੱਤਾ



ਵੱਲੋਂ ਲੋਕਾਂ ਨੂੰ ਇਕ ਦੂਜੇ ਤੋਂ ਤੋੜ ਕੇ ਰੱਖਣ ਦੀ ਨੀਤੀ ਤੋਂ ਸੁਚੇਤ ਹੈ ਤਾਂ ਦਲਿਤ ਲਹਿਰ ਵਿਚ ਪੈਦਾ ਹੋ ਰਹੇ ਬ੍ਰਾਹਮਣਵਾਦ ਦਾ ਵੀ ਨਿੰਦਕ ਹੈ: "ਸਭ ਕੁਝ ਜਾਣਦਿਆਂ ਬੁਝਦਿਆਂ ਵੀ ਆਪਾਂ ਸਾਧਾਂ ਦੀ ਸਿਆਸਤ ਨੂੰ ਇਲਾਹੀ ਹੁਕਮ ਮੰਨ ਲਿਆ। ਇਕ ਪਾਸੇ ਤਾਂ ਆਪਾਂ ਆਪਣੇ ਉਪਰ ਥੋਪੇ ਗਏ ਜਾਤ ਪ੍ਰਬੰਧ ਤੋਂ ਬਾਗੀ ਹੋਣ ਲਈ ਤਰਲੋਮੱਛੀ ਹੋਈ ਬੈਠੇ ਆਂ, ਦੂਜੇ ਪਾਸੇ ਉਹਨਾਂ ਵਰਗਾ ਹੀ ਜਾਤ ਅਭਿਆਨ ਸਿਰ 'ਤੇ ਚੁੱਕੀ ਫਿਰਦੇ ਆਂ। ....ਬੱਸ ਐਸੇ ਗੱਲੋਂ ਮਾਰ ਖਾਨੇ ਆਂ ਅਸੀਂ ਲੋਕੀਂ।"

ਇਸ ਕਹਾਣੀ ਦਾ ਕੇਂਦਰੀ ਪਾਤਰ ਸਿਰਜਦਿਆ ਲਾਲ ਸਿੰਘ ਕਹਾਣੀਕਾਰ ਅਤੇ ਪਾਤਰ ਦੀ ਵਿੱਥ ਮਿਟਾ ਗਿਆ ਹੈ। ਇਸ ਤੋਂ ਇਲਾਵਾ ਵੀ ਉਹ ਬਿਰਤਾਂਤਕਾਰੀ ਵਿਚ ਹੋਰ ਕਈ ਥਾਂ ਸਿੱਧਾ ਦਖ਼ਲ ਦਿੰਦਾ ਹੈ ਅਤੇ ਇੰਝ ਉਸਦੀ ਕਹਾਣੀ ਸਹਿਜਤਾ ਤੋਂ ਟੁੱਟ ਕੇ ਭਾਸ਼ਣੀ ਸੁਰ ਅਖ਼ਤਿਆਰ ਕਰ ਜਾਂਦੀ ਹੈ। ਉਸਦੇ ਹੋਰ ਕਲਾ ਦੋਸ਼ਾਂ ਵਿਚ ਉਸਦੀ ਕਹਾਣੀ ਦਾ ਪਾਠਕ ਨਿਰੋਲ ਪਾੜ੍ਹਾ ਬਣ ਕੇ ਰਹਿ ਜਾਂਦਾ ਹੈ ਅਤੇ ਕਹਾਣੀ ਦੀਆਂ ਸਥਿਤੀਆਂ ਇੰਨੀਆਂ ਜਟਿਲ ਅਤੇ ਪੀਡੀਆਂ ਹੋ ਜਾਂਦੀਆਂ ਹਨ ਕਿ ਪਾਠਕ ਦੀ ਆਪਣੀ ਕਲਪਨਾ ਸ਼ਕਤੀ ਮੌਨ ਹੋ ਜਾਂਦੀ ਹੈ। ਲਾਲ ਸਿੰਘ ਵਾਂਗ ਚੌਥੇ ਪੜਾਅ ਦੇ ਹੋਰ ਵੀ ਕਈ ਕਹਾਣੀਕਾਰ ਪਾਠਕਾਂ ਨੂੰ ਕਹਾਣੀ ਵਿਚ ਉਭਰਨ ਦਾ ਮੌਕਾ ਨਹੀ ਦਿੰਦੇ ਅਤੇ ਉੱਤਮ ਪੁਰਖੀ ਪ੍ਰਵਚਨ ਦੀਆਂ ਭਾਰੂ ਇਕਪਾਸੜੀ ਸੁਰਾਂ ਪੈਦਾ ਕਰਦੇ ਹਨ।

ਘੜਮੱਸ ਅਤੇ ਗੜਬੜੀ ਦੇ ਦੌਰ ਵਿਚ ਸਮਕਾਲੀ ਵਸਤੂ ਵਰਤਾਰਿਆਂ ਦੀ ਪੇਸ਼ਕਾਰੀ ਕਰਦਿਆਂ ਲਾਲ ਸਿੰਘ ਜਿਸ ਕਥਾ ਭਾਸ਼ਾ ਦੀ ਸਹਾਇਤਾ ਲੈਂਦਾ ਹੈ ਉਹ ਦੁਆਬੀ ਆਂਚਲਿਕਤਾ ਵਾਲੀ ਅਤੇ ਵਿਆਕਰਣ ਪੱਖੋਂ ਸਥਾਪਤ ਪ੍ਰਤਿਮਾਨਾਂ ਨੂੰ ਉਲੰਘਦੀ ਹੈ। ਸਮਾਸੀ ਸ਼ਬਦਾਂ ਦੀ ਵਰਤੋਂ ਕਰ ਕੇ ਉਹ ਗਲਪ ਦੀ ਭਾਸ਼ਾ ਦੇ ਨਵੇਂ ਪ੍ਰਯੋਗ ਕਰਦਾ ਹੈ। ਪਾਤਰਾਂ ਦੇ ਮੌਲਿਕ ਉਚਾਰ ਫੜਨ ਲਈ ਉਹ ਪਾਤਰਾਂ ਦੀ ਸਮਾਜਕ ਮਾਨਸਿਕ ਸਥਿਤੀ ਦੇ ਅਨੁਸਾਰ ਭਾਸ਼ਾ ਦੀ ਵਰਤੋਂ ਕਰਦਾ ਹੈ। ਲਾਲ ਸਿੰਘ ਦੇ ਕਥਾ ਪਾਤਰ ਟਾਕਰਵੇਂ ਬੋਲਾਂ ਨਾਲ ਭਰੇ ਪਏ ਹਨ, ਉਨ੍ਹਾਂ ਅੰਦਰ ਇਕੋ ਵਾਰ ਕਈ ਕਈ ਆਵਾਜ਼ਾਂ ਨਿਰੰਤਰ ਚੱਲਦੀਆਂ ਹਨ, ਇਹ ਸਮਕਾਲੀ ਬੰਦੇ ਦੀ ਹੋਣੀ ਹੈ ਜਿੱਥੇ ਬੰਦਾ ਸਾਲਮ ਸੂਰਤ ਸ਼ਖ਼ਸੀਅਤ ਦੀ ਥਾਂ ਖੰਡ ਖੰਡ ਹੋ ਕੇ ਵਿਚਰ ਰਿਹਾ ਹੈ। ਲਾਲ ਸਿੰਘ ਦੇ ਕਥਾ ਪਾਤਰ ਇਕ ਗੈਲਰੀ ਸਿਰਜਦੇ ਹਨ; ਉਹ ਵਰਤਮਾਨ ਦੀਆਂ ਗੜਬੜੀਆਂ ਵਿਚ ਗੁੰਮਨਾਮੀ, ਮੰਦਹਾਲੀ ਅਤੇ ਬੇਗਾਨਗੀ ਭਰੇ ਅਹਿਸਾਸਾਂ ਵਿਚੋਂ ਗੁਜ਼ਰਦੇ ਹਨ ਪਰ ਆਖਰ ਸਮਾਜਕ ਯਥਾਰਥ ਨੂੰ ਭੇਦਣ ਲਈ ਉੱਠ ਖੜੋਂਦੇ ਹਨ। ਇਸਦਾ ਕਾਰਨ ਲੇਖਕ ਦਾ ਮਾਰਕਸੀ ਚਿੰਤਨ ਵਿਚ ਵਿਸ਼ਵਾਸ ਹੈ ਜੋ ਕਿ ਪ੍ਰਗਤੀਵਾਦ ਦੇ ਵਡੇਰੇ ਸੰਕਲਪ ਨੂੰ ਪ੍ਰਣਾਇਆ ਹੋਇਆ। ਕਮਿਊਨਿਸਟ ਵਿਚਾਰਧਾਰਾ ਦੇ ਅੰਤਰਗਤ ਉਸਦੀ ਕਹਾਣੀ ਟਾਕਰਵੇਂ ਬੋਲਾਂ, ਉਤੇਜਕ ਸੰਵਾਦਾਂ, ਪਾਤਰਾਂ ਦੀਆਂ ਮਨੋਬਚਨੀਆਂ ਅਤੇ ਇਤਿਹਾਸ ਦੇ ਇਨਕਲਾਬੀ ਕਾਂਡਾਂ ਤੋਂ ਪ੍ਰੇਰਨਾ ਲੈ ਕੇ ਇਤਿਹਾਸ ਅਤੇ ਵਰਤਮਾਨ ਵਿਚ ਸਾਹ ਲੈਂਦੀ ਪ੍ਰਤੀਤ ਹੁੰਦੀ ਹੈ। ਲਾਲ ਸਿੰਘ ਦੀ ਕਹਾਣੀ ਦੇ ਟੂਲ ਬਾਕਸ ਵਿਚ ਪੰਜਾਬ ਦੀ ਜੁਝਾਰੂ ਇਤਿਹਾਸਕਾਰੀ ਵੀ ਸਾਹ ਲੈਂਦੀ ਹੈ। ਉਹ ਸਿੱਖ ਇਤਿਹਾਸ ਦੇ ਪ੍ਰਸੰਗਾਂ, 1857 ਦੇ ਗ਼ਦਰ, ਗ਼ਦਰੀ ਬਾਬਿਆਂ, ਬੱਬਰ ਅਕਾਲੀਆਂ ਅਤੇ ਆਜ਼ਾਦੀ ਦੇ ਹੋਰ ਪਰਵਾਨਿਆਂ ਦੀ ਮਨੁੱਖ ਨੂੰ ਗੁਲਾਮੀ ਤੋਂ ਮੁਕਤ ਕਰਨ ਦੀ ਭਾਵਨਾ ਦਾ ਸਿੱਧਾ ਬੁਲਾਰਾ ਹੈ। ਸੱਤਾ ਦੇ ਗਲਿਆਰਿਆਂ ਵਿਚ ਕਾਬਜ਼ ਆਗੂਆਂ, ਸਰਮਾਏਦਾਰੀ ਦਲਾਲਾਂ, ਅਖੌਤੀ ਧਾਰਮਿਕ ਰਹਿਬਰਾਂ ਦੀ ਤਿੱਕੜੀ ਦੇ ਗਠਜੋੜ ਨੂੰ ਉਹ ਵੰਗਾਰਦਾ ਹੈ ਅਤੇ ਵਿਕਾਸ ਮਾਡਲ ਦੀ ਥਾਂ ਕਾਰਪੋਰੇਟ ਘਰਾਣਿਆਂ ਵੱਲੋਂ ਦੇਸ਼ ਦੇ ਵਿਨਾਸ਼ ਮਾਡਲ ਦੀ ਬਣਾਈ ਜਾ ਰਹੀ ਰੂਪ ਰੇਖਾ ਪ੍ਰਤੀ ਪੂਰਨ ਸੁਚੇਤ ਹੈ। ਲਾਲ ਸਿੰਘ ਸੱਚਮੁੱਚ ਸਮਕਾਲੀ ਕਹਾਣੀ ਦਾ ਲਾਲ ਹੈ ਜੋ ਵਰਤਮਾਨ ਦੇ ਵਰਤਾਰਿਆਂ ਨਾਲ ਅਪਡੇਟ ਰਹਿ ਕੇ ਲਗਾਤਾਰ ਲਿਖਦੇ ਰਹਿਣ ਰਾਹੀਂ ਮਨੁੱਖ ਮਾਰੂ ਪ੍ਰਬੰਧ ਨੂੰ ਵੰਗਾਰਦਾਹੈ। ਇਹਨਾਂ ਗੱਲਾਂ ਵਿਚ ਹੀ ਕਿਤਾਬ 'ਸੰਸਾਰ' ਦੀ ਵੱਡੀ ਸਾਰਥਿਕਤਾ ਹੈ। 000

***(ਅਸਿਸਟੈਂਟ ਪ੍ਰੋਫੈਸਰ, ਖਾਲਸਾ ਕਾਲਿਜ, ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ)***

*ਪੁਸਤਕ ਰਿਵਿਊ*

## ਕੱਜਣ (ਕਾਵਿ ਸੰਗ੍ਰਹਿ) ਮਨਜੀਤ ਪਾਲ ਕੌਰ

ਮਨਜੀਤਪਾਲ ਮੇਰੇ ਫੈਲਵੇਂ ਪਰਿਵਾਰ ਦੀ ਮੈਂਬਰ ਹੈ। ਇਸ ਪਰਿਵਾਰ ਦਾ ਬਾਬਾ ਬੋਹੜ ਸੰਤ ਸਿੰਘ ਸੇਖੋਂ ਸੀ। ਉਹ ਮੈਨੂੰ ਆਪਣਾ ਭਤੀਜਾ ਮੰਨਦਾ ਸੀ। ਮਨਜੀਤਪਾਲ ਉਸ ਦੇ ਬੁੱਧੀਜੀਵੀ ਭਾਣਜੇ ਤੇਜਵੰਤ ਗਿੱਲ ਦੀ ਜੀਵਨ ਸਾਥਣ ਹੈ। ਸਾਡਾ ਇਹ ਪਰਿਵਾਰ ਕਿਸੇ ਨਾ ਕਿਸੇ ਤਰ੍ਹਾਂ ਸਾਹਿਤਕ ਉਤਪਤੀ ਨਾਲ ਜੁੜਿਆ ਹੋਇਆ ਹੈ। ਮਨਜੀਤਪਾਲ ਖੁਦ ਕਵਿਤਾ ਤੇ ਨਾਟਕ ਲਿਖਦੀ ਹੈ। ਉਹ ਨੌਂ ਕਾਵਿ ਸੰਗ੍ਰਹਿਆਂ ਤੇ ਛੇ ਨਾਟਕਾਂ ਦੀ ਰਚੇਤਾ ਹੈ। 'ਕੱਜਣ' ਉਸ ਦਾ ਨਵਾਂ ਕਾਵਿ ਸੰਗ੍ਰਹਿ ਹੈ ਜਿਹੜਾ ਉਸ ਨੇ ਗੁਰਮੁਖੀ ਤੇ ਦੇਵਨਾਗਰੀ ਲਿਪੀ ਵਿਚ ਬਰੋਬਰਾਬਰ ਛਪਵਾਇਆ ਹੈ। ਉਸ ਦੇ ਲਿਖਣ ਅਨੁਸਾਰ ਇਸ ਸੰਗ੍ਰਹਿ ਦੀਆਂ ਬਹੁਤੀਆਂ ਨਜ਼ਮਾਂ ਪਹਿਲਾਂ ਹਿੰਦੁਸਤਾਨੀ ਵਿਚ ਲਿਖੀਆਂ ਗਈਆਂ ਸਨ। ਹਿੰਦੀ ਦੇ ਪਾਠਕਾਂ ਲਈ ਇਨ੍ਹਾਂ ਵਿਚ ਲਿਪੀਆਂਤਰ ਉਸ ਦੀ ਸਖੀ ਨੀਲਮ ਗੁਪਤਾ ਨੇ ਕੀਤਾ ਹੈ। ਨੀਲਮ ਦੇ ਲਿਖਣ ਅਨੁਸਾਰ ਉਸ ਨੇ ਵੀ ਉਹੀਓ ਕੁਝ ਜੀਵਿਆ ਹੈ ਜੋ ਮਨਜੀਤਪਾਲ ਨੇ ਲਿਖਿਆ ਤੇ ਪੇਸ਼ ਕੀਤਾ ਹੈ। ਇਨ੍ਹਾਂ ਨਜ਼ਮਾਂ ਵਿਚ ਦੋਵਾਂ ਦੀ ਆਤਮਾ ਬੋਲਦੀ ਹੈ। ਵਧੀਆ ਗੱਲ ਇਹ ਕਿ ਇਹ ਵਾਲੇ ਬੋਲ ਤੇ ਸ਼ਬਦ ਹਾਰ ਮੰਨਣ ਵਾਲੇ ਨਹੀਂ, ਜ਼ਿੰਦਗੀ ਜਿਊਣ ਵਾਲੇ ਹਨ। ਗ਼ਮਾਂ ਵਿਚੋਂ ਸਹਾਰਾ ਤੇ ਦੁੱਖਾਂ 'ਚੋਂ ਸੁਖ ਲੱਭਣ ਵਾਲੇ। ਆਰੰਭ ਤੋਂ ਅੰਤ ਤਕ ਖਾਹਿਸ਼ਾਂ ਦੇ ਰਾਹ ਵਿਚ ਆਈਆਂ ਔਕੜਾਂ, ਮਾਯੂਸੀਆਂ ਤੇ ਰੁਕਾਵਟਾਂ ਨਾਲ ਓਤ ਪੋਤ:

*ਉਮਰ ਬੀਤੀ ਖਾਹਿਸ਼ਾਂ ਨੂੰ ਪਰਚਾਉਂਦੇ, ਦਬਾਉਂਦੇ*
*ਜੰਗਲੀ ਘਾਹ ਦੀ ਤਰ੍ਹਾਂ ਸਿਰ ਚੁੱਕਦੀਆਂ*
*ਕਦ, ਨਹੀਂ ਚਲਦਾ ਪਤਾ*
*ਇਕ ਦੋ ਹੋਣ ਤਾਂ ਲਾ ਦਿਆਂ ਜੰਦਰਾ ਵਿਵੇਕ ਦਾ।*

ਮਨਜੀਤਪਾਲ ਇਸ ਸਾਰੇ ਕੁਝ ਦੀ ਤਨੋ ਮਨੋ ਸ਼ੁਕਰਗੁਜ਼ਾਰ ਵੀ ਹੈ:

*ਔਕਾਤ ਛੋਟੀ, ਤੌਫ਼ੀਕ ਥੋੜ੍ਹੀ ਸੀ ਮੇਰੀ*
*ਫੇਰ ਵੀ ਜ਼ਿੰਦਗੀ ਨੇ ਝੋਲੀ ਭਰੀ ਇੰਨੀ*
*ਮੁਹੱਬਤਾਂ ਨਾਲ, ਕਦੀ ਨਾ ਹੋਈ ਖਾਲੀ*
*ਜ਼ਿੰਦਗੀ ਤੇਰਾ ਸ਼ੁਕਰੀਆ*
*ਪਿਆਰ 'ਚ ਹੁੰਦੀ ਹੀ ਹੈ ਤਕਰਾਰ ਅਕਸਰ*
*ਖਿੱਚੋਤਾਣੀ, ਖੋਹਾ-ਖੋਹੀ, ਟੁੱਟਦਾ ਹੈ ਮਨ ਬਦਨ*
*ਰੇਸ਼-ਰੇਸ਼ਾ ਟੁੱਟਿਆ ਕਦ ਦਾ*
*ਫੇਰ ਵੀ, ਜ਼ਿੰਦਗੀ ਤੇਰਾ ਸ਼ੁਕਰੀਆ*
*ਮੁਹੱਬਤਾਂ ਦੇ ਨਾਲ ਨਾਲ ਗੜ੍ਹ ਬਣਾਉਂਦੀਆਂ ਬੇਵਫ਼ਾਈਆਂ*
*ਨਫ਼ਰਤਾਂ ਦੇ ਹਮਲੇ ਹੋਏ ਅਨੇਕ ਵਾਰ*
*ਕਤਲ ਹੋਇਆ ਬਾਰ-ਮ-ਬਾਰ*
*ਫੇਰ ਵੀ ਜ਼ਿੰਦਗੀ ਤੇਰਾ ਸ਼ੁਕਰੀਆ*
*ਵਿਦਾਅ ਹੋਏ ਕਾਫ਼ਲੇ ਸਾਰੇ*
*ਪੜਾਓ ਆਖ਼ਰੀ 'ਤੇ ਪਹੁੰਚ*



*ਟਿਮਟਿਮਾਉਂਦੀ ਯਾਦਾਂ ਦੀ ਰੋਸ਼ਨੀ 'ਚ, ਰੁਖਸਤੀ ਆਸਾਨ ਹੋਊ*
*ਜ਼ਿੰਦਗੀ ਤੇਰਾ ਸ਼ੁਕਰੀਆ।*

ਮਨਜੀਤਪਾਲ ਦੇ ਸ਼ੁਕਰਾਨੇ ਦੀਆਂ ਜੜ੍ਹਾਂ ਉਸ ਦੀ ਜੀਵਨ ਦ੍ਰਿਸ਼ਟੀ ਵਿਚ ਹਨ ਜਿਹੜੀ ਉਸ ਦੀ 'ਭਿਆਲੀ' ਨਾਂ ਦੀ ਕਵਿਤਾ ਵਿਚ ਮਿਲਦੀ ਹੈ:

*ਹੋਠਾਂ 'ਤੇ ਕੋਈ ਕਦ ਤਕ ਚਿਪਕਾਏ ਨਕਲੀ ਮੁਸਕਰਾਹਟਾਂ*
*ਥੱਕ ਕੇ ਜਬ੍ਹਾੜੇ ਦੁਖਣ ਲਗਦੇ*
*ਕੋਈ ਕਦ ਤਕ ਵੰਡੇ ਹਿੱਸੇ ਦੀਆਂ ਖੁਸ਼ੀਆਂ*
*ਖੁਸ਼ੀਆਂ ਨਾਲ ਦੋਸਤੀ ਔਖੀ*
*ਗ਼ਮੀਆਂ ਨਾਲ ਭਿਆਲੀ ਸੌਖੀ*

ਉਹਦੇ ਮਨ ਵਿਚ ਸ਼ਾਇਰੀ ਦਾ ਸਥਾਨ ਏਨਾ ਉੱਚਾ ਹੈ ਕਿ ਇਸ ਨੂੰ ਮਹਾਨ ਬਣਾਈ ਰੱਖਣ ਲਈ ਉਹ ਵਾਸਤਾ ਪਾਉਂਦੀ ਹੈ:

*ਸ਼ਾਇਰੀ ਤਾਂ ਕਸ਼ੀਦਗੀ ਹੈ ਦਿਲੋ ਜਾਨ ਦੀ*
*ਕਿਹੜਾ ਛੱਡ ਦਿਊ ਖੁਸ਼ੀਆਂ ਦੋ ਜਹਾਨ ਦੀਆਂ*
*ਐ ਖੁਦਾ, ਕਿਸੇ ਨੂੰ ਸ਼ਾਇਰ ਨਾ ਕਰੀਂ*
*ਖ਼ੂਨ ਦੇ ਅੱਥਰੂ ਪੀਣ ਦਾ ਦਮ ਹੈ ਤਾਂ ਅਜ਼ਮਾ ਲਈਂ*
*ਚੁਣੌਤੀ ਇਹ ਤੈਨੂੰ ਝੱਲਣੀ ਪੈਣੀ*
*ਜੰਨਤ ਛੱਡਣੀ ਪਵੇਗੀ ਤੈਨੂੰ ਵੀ ਵਰਨਾ।*

ਮਨਜੀਤਪਾਲ ਨੇ ਗਦ ਨਾਟ ਵੀ ਲਿਖੇ ਹਨ ਤੇ ਪਦ ਨਾਟ ਵੀ ਪਰ ਆਪਣੀ ਦ੍ਰਿਸ਼ਟੀ ਤੇ ਦ੍ਰਿਸ਼ਟੀਕੋਣ ਨੂੰ ਸਰਲ ਤੇ ਸਿੱਧੇ ਸ਼ਬਦਾਂ ਵਿਚ ਦਰਸਾਉਣ ਲਈ ਕਵਿਤਾ ਦਾ ਮਾਧਿਅਮ ਚੁਣਿਆ ਹੈ। ਇਸ ਮਾਧਿਅਮ ਰਾਹੀਂ ਉਹ ਜ਼ਿੰਦਗੀ ਨੂੰ ਸਹੂਲਤ ਦੇਣ ਵਾਲਿਆਂ ਦੀ ਤਹਿ ਦਿਲੋਂ ਸ਼ੁਕਰਗੁਜ਼ਾਰ ਹੈ ਪਰ ਆਪਣੇ ਮਨ ਦੀ ਉਸ ਤਮੰਨਾ ਦੀ ਗੱਲ ਵੀ ਕਰਦੀ ਹੈ ਜਿਸ ਦਾ ਕੱਜਣ ਕਿਸੇ ਕੋਲ ਵੀ ਨਹੀਂ:

*ਹਲ਼ ਚਲਾ, ਪਸੀਨਾ ਚੋਅ, ਬੀਜ ਪਾ, ਕਪਾਹ ਉਗਾਈ*
*ਕਿਸਾਨ ਭਾਈ ਸ਼ੁਕਰੀਆ*
*ਰੂੰ ਪਿੰਜ ਕੱਤ ਕੀਤੀ ਬੁਣਾਈ, ਕੱਪੜਾ ਬਣਾਇਆ*
*ਜੁਲਾਹੇ ਭਾਈ ਸ਼ੁਕਰੀਆ*
*ਤੇਜ਼ਧਾਰ ਕੈਂਚੀ ਨਾਲ ਕੱਟ ਕੱਪੜਾ*
*ਮਸ਼ੀਨ ਦੀ ਸੂਈ 'ਚ ਪਾ ਧਾਗਾ, ਕੀਤੀ ਸਿਲਾਈ*
*ਦਰਜ਼ੀ ਭਾਈ ਸ਼ੁਕਰੀਆ*
*ਸਭ ਦੀ ਮਿਹਨਤ*
*ਤਨ ਕੱਜਣ ਮੇਰੀ ਓੜ੍ਹਣੀ ਬਣਾਈ, ਸ਼ੁਕਰੀਆ*
*ਤਨ ਕੱਜਣ ਮੇਰੀ ਇੱਜ਼ਤ ਵਧਾਈ ਸ਼ੁਕਰੀਆ, ਸ਼ੁਕਰੀਆ*
*ਪਰ ਕੀ ਕਰਾਂ ਇਸ ਮਨ ਦਾ*
*ਅਲਫ਼ ਨੰਗਾ ਨੱਚਣਾ ਜੋ ਚਾਹੁੰਦਾ ਹੈ?*

ਕਵਿਤਾ ਹੀ ਉਸ ਨੂੰ ਜ਼ਿੰਦਗੀ ਦੀ ਉਸ 'ਕੁੱਖ' ਦੇ ਦਰਸ਼ਨ ਕਰਵਾਉਂਦੀ ਹੈ ਜਿਸ ਵਿਚ ਪਿਆਰ, ਸਤਿਕਾਰ ਤੇ ਇੱਜ਼ਤ ਮਾਣ ਦੇ ਨਾਲ ਨਾਲ ਅੰਤਾਂ ਦੀ ਪੀੜਾ ਖਾਮੋਸ਼ੀ ਦੇ ਹਨੇਰਿਆਂ ਦਾ ਮੂੰਹ ਵੇਖਣਾ ਪੈਂਦਾ ਹੈ। ਉਸ 'ਜੰਨਤ' ਦੇ ਵੀ ਜਿਸ ਨੂੰ ਖੌਰੂ ਪਾਉਂਦੇ ਤੇ ਰੋਹ ਦਿਖਾਉਂਦੇ ਦਾਨਵ ਮਲੀਆਮੇਟ ਕਰਦੇ ਹਨ ਤੇ ਜੰਨਤ ਛਪਣ-ਛੂ ਹੋ ਜਾਂਦੀ ਹੈ। ਅਜਿਹੇ ਦਾਨਵਾਂ ਨੂੰ ਹਰਾਉਣ ਲਈ ਚਿੜੀਆਂ ਤੇ ਬਈਆਂ ਦੇ ਨੰਨ੍ਹੇ ਤੇ ਪਿਆਰੇ ਅਮਲ ਕਾਫੀ ਹਨ:

*ਤਦ ਯਾਦ ਆਉਂਦੀ ਤੀਲਾ ਤੀਲਾ ਇਕੱਠਾ ਕਰਦੀਆਂ*
*ਗਟਾਰਾਂ ਭੂਰੀਆਂ, ਸੁਨਹਿਰੀ ਚਿੜੀਆਂ*
*ਘਾਹ ਦੀਆਂ ਮੁਲਾਇਮ ਤੰਦਾਂ ਨਾਲ ਆਲ੍ਹਣਾ ਬੁਣਦੇ ਬਈਏ*
*ਨਵੀਂ ਰੁੱਤ ਦੇ ਨਾਲ ਹਰ ਵਾਰ ਨਵੀਂ ਇਕ ਜੰਨਤ ਸਿਰਜਦੇ*

ਮੈਂ ਮਨਜੀਤਪਾਲ ਨੂੰ ਉਦੋਂ ਦਾ ਜਾਣਦਾ ਹਾਂ ਜਦੋਂ ਉਹ ਜਵਾਨੀ ਮਾਨਣ ਦੇ ਰਾਹ ਤੁਰੀ ਸੀ। ਉਹਦੇ ਕੋਲ ਸੁਹੱਪਣ ਵੀ ਸੀ ਤੇ ਸਲੀਕਾ ਵੀ। ਮੈਂ ਉਸ ਨੂੰ ਸਰੀਰਕ ਜੋੜਾਂ ਦੇ ਦਰਦ ਦੀ ਸ਼ਿਕਾਰ ਹੁੰਦੀ ਵੀ ਤੱਕਿਆ ਤੇ ਉਸ ਦੇ ਅੰਗਾਂ ਨੂੰ ਬਿਖਰਦੇ ਤੇ ਲਾਚਾਰ ਹੁੰਦੇ ਵੀ ਤੱਕਿਆ। ਉਸ ਨੇ ਹੌਸਲਾ ਨਹੀਂ ਹਾਰਿਆ ਤੇ ਚਿਹਰੇ ਦੀ ਮੁਸਕਰਾਹਟ ਨੂੰ ਲਾਜ ਨਹੀਂ ਲੱਗਣ ਦਿੱਤੀ। ਪੁਸ਼ਟੀ ਦੀ ਲੋੜ ਹੋਵੇ ਤਾਂ 'ਬਿੱਧ' ਨਾਂ ਦੀ ਕਵਿਤਾ ਪੇਸ਼ ਹੈ:

*ਜ਼ਿੰਦਗੀ ਦੇ ਹਰ ਮੋੜ 'ਤੇ, ਮਹਿਫ਼ਲ ਸੀ, ਮੁਹੱਬਤ ਸੀ*
*ਤੇ ਆਢਾ ਲਾਈ ਖੜ੍ਹੀ*
*ਹਿੱਸੇ 'ਚ ਕਦਮ 'ਤੇ ਰੁਸਵਾਈ ਸੀ*
*ਦਗਦੇ ਸੂਰਜਾਂ ਦਾ ਸੇਕ ਸੀ, ਠਰੀ ਚਾਂਦਨੀ ਦਾ ਹੇਜ ਸੀ*
*'ਤੇ ਆਢਾ ਲਾਈ ਖੜ੍ਹਾ ਹਿੱਸੇ 'ਚ*
*ਅਮਾਵਸ ਦੀ ਕਾਲਖ ਦਾ ਢੇਰ ਸੀ*
*ਲਹਿਰ ਲਹਿਰ ਦਰਿਆਵਾਂ ਦੀ ਹਿੱਕ ਸੀ*
*ਹਜ਼ਾਰ ਆਤਸ਼ਾ ਮੌਸਮਾਂ 'ਚ ਮਹਿਕ ਸੀ*
*ਤੇ ਆਢਾ ਲਈ ਖੜ੍ਹੀ ਹਿੱਸੇ 'ਚ*
*ਪੀੜਾਂ ਦੀ ਮੇਲ੍ਹਦੀ ਰੁੱਤ ਸੀ*
*ਕਰਜ਼ ਸਾਰੇ ਹੀ ਭਾਰੀ, ਕੋਈ ਕਿੰਝ ਉਤਾਰੇ*
*ਜੀਵਨ ਇਕੋ ਏਹੀ*
*ਆਢਾ ਲਈ ਖੜ੍ਹੀ, ਬੰਦਾ ਹੋਣ ਦੀ ਬਿੱਧ ਵੀ*

ਮੈਂ ਆਪਣੀ ਗੱਲ ਦਾ ਅੰਤ 'ਬੇਤਾਬੀਆਂ' ਨਾਂ ਦੀ ਕਵਿਤਾ ਨਾਲ ਕਰਨਾ ਚਾਹਾਂਗਾ ਜਿਹੜੀ ਉਸ ਨੇ ਆਪਣੇ ਪਿਆਰੇ ਨੂੰ ਸੰਬੋਧਨ ਕੀਤੀ ਹੈ। ਇਹ ਪਿਆਰਾ ਉਸ ਦਾ ਪ੍ਰੇਮੀ ਹੈ ਜਾਂ ਕੁਦਰਤ; ਉਹ ਜਾਣੇ ਜਾਂ ਉਹਦੀ ਕੁਦਰਤ।

ਤੂੰ ਦਰਦ ਦਿੰਦਾ ਜਾ, ਮੈਂ ਦਰਦ ਸਹਿੰਦੀ ਰਹਾਂ
ਇਹੀ ਤਾਂ ਹੁਣ ਰਿਸ਼ਤਾ ਅਸਾਡਾ ਹੈ
ਹੱਦ ਹੁੰਦੀ ਹੈ ਹਰੇਕ ਗੱਲ ਦੀ
ਕੀ ਜਾਣਦਾ ਨਹੀਂ
ਸਹਿੰਦੇ ਸਹਿੰਦੇ ਹੁਣ ਤਾਂ ਆਦਤ ਹੋ ਗਈ
ਜਿਉਣ ਦਾ ਨਾਮ ਹੈ ਜ਼ਿੰਦਗੀ
ਤੂੰ ਹੀ ਤਾਂ ਸਿਖਾਇਆ ਸੀ
ਮਰਨ ਦੀ ਗੱਲ ਮੂੰਹ 'ਚੋਂ ਨਿਕਲੇ ਕਿੰਝ
ਜਿਉਣ ਨਾ ਦੇਣ ਮਰਨ ਵੀ ਨਾ ਦੇਣ
ਇਸ਼ਕ ਦੀ ਦੌਲਤ ਹੈ ਇਹ
ਲਮਹਾ ਲਮਹਾ ਵਧ ਰਹੀਆਂ ਬੇਤਾਬੀਆਂ

**-ਗੁਲਜ਼ਾਰ ਸਿੰਘ ਸੰਧੂ**



## ਜੰਗ, ਜਸ਼ਨ ਤੇ ਜੁਗਨੂੰ (ਕਾਵਿ ਸੰਗ੍ਰਹਿ) ਸੁਖਵਿੰਦਰ ਕੰਬੋਜ

'ਨਵੇਂ ਸੂਰਜ', 'ਜਾਗਦੇ ਅੱਖਰ' ਅਤੇ 'ਇਕੋ ਜਿਹਾ ਦੁੱਖ' ਤੋਂ ਬਾਅਦ 'ਜੰਗ, ਜਸ਼ਨ ਤੇ ਜੁਗਨੂੰ' ਅਮਰੀਕਾ ਵੱਸਦੇ ਸ਼ਾਇਰ ਸੁਖਵਿੰਦਰ ਕੰਬੋਜ ਦਾ ਚੌਥਾ ਕਾਵਿ ਸੰਗ੍ਰਹਿ ਹੈ। ਪਹਿਲੀਆਂ ਤਿੰਨ ਕਾਵਿ ਪੁਸਤਕਾਂ ਦੇ ਆਧਾਰ 'ਤੇ ਉਸ ਦੀ ਸ਼ਾਇਰੀ ਦੀ ਪੁਸਤਕ 'ਉਮਰ ਦੇ ਇਸ ਮੋੜ ਤੱਕ' ਵੀ ਪਹਿਲਾਂ ਛਪ ਚੁੱਕੀ ਹੈ। 'ਜੰਗ, ਜਸ਼ਨ ਤੇ ਜੁਗਨੂੰ' (ਸਫ਼ੇ 119, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਦੀ ਪਹਿਲੀ ਹੀ ਕਵਿਤਾ ਤੋਂ ਉਸ ਦੀ ਕਵਿਤਾ ਦੇ ਰੰਗ-ਢੰਗ ਦੀ ਕਨਸੋਅ ਪੈ ਜਾਂਦੀ ਹੈ। ਚਹੁੰ ਸਤਰਾਂ ਦੀ ਕਵਿਤਾ ਅੰਦਰਲੀ ਤਨਜ਼ ਬੜੀ ਤਿੱਖੀ, ਤੁਰਸ਼ ਤੇ ਸੂਖ਼ਮ ਹੈ। ਇਹੀ ਤਨਜ਼ ਅਗਾਂਹ ਪੁਸਤਕ ਦੇ ਹਰ ਸਫੇ ਉਤੇ ਵੱਖ-ਵੱਖ ਕਵਿਤਾਵਾਂ ਦਾ ਰੂਪ ਵਟਾ ਕੇ ਉਜਾਗਰ ਹੋਈ ਜਾਂਦੀ ਹੈ:

*ਮਨੁੱਖਾਂ ਲਈ ਬੰਬ*
*ਤੇ ਕੁੱਤਿਆਂ ਲਈ ਪਿਆਰ*
*ਇਹੀ ਤਾਂ ਹੈ*
*ਸਾਮਰਾਜ ਦਾ ਸਭਿਆਚਾਰ*

ਪਰਵਾਸੀ ਸਾਹਿਤ, ਖਾਸ ਕਰਕੇ ਕਵਿਤਾ ਅਤੇ ਪੱਤਰਕਾਰੀ ਬਾਰੇ ਆਮ-ਫਹਿਮ ਰਾਇ ਇਹੀ ਹੈ ਕਿ ਇਨ੍ਹਾਂ ਵਿਚ ਪੰਜਾਬ ਹੀ ਵਧੇਰੇ ਬੋਲਦਾ ਸੁਣਾਈ ਦਿੰਦਾ ਹੈ ਪਰ ਸੁਖਵਿੰਦਰ ਕੰਬੋਜ ਦੀ ਕਵਿਤਾ ਵਿਚ ਉਸ ਮੁਲਕ ਅਤੇ ਉਸ ਦੀ ਸਮੁੱਚੀ ਸੰਸਾਰ ਸਿਆਸਤ ਦਾ ਭਰਪੂਰ ਵਰਣਨ ਹੈ, ਜਿੱਥੇ ਉਹ ਅੱਜ ਕੱਲ੍ਹ ਵੱਸਦਾ ਹੈ। ਇਸ ਸਿਆਸਤ ਦੇ ਗਹਿਰੇ ਪ੍ਰਭਾਵ ਉਸ ਦੀਆਂ ਬਹੁਤੀਆਂ ਕਵਿਤਾਵਾਂ ਵਿਚ ਬੀੜੇ ਪਏ ਹਨ। ਇਸ ਵਿਚ ਆਮ ਕਾਮੇ ਅਤੇ ਕਿਰਤੀ ਦੀ ਬੇਵਸੀ ਦੇਖੋ: *ਉਹ ਚਾਹੁੰਦੇ ਨੇ ਸਾਡੇ ਹੱਥ ਜੋ ਉੱਠਣ / ਤਾਂ ਸਿਰਫ਼ ਲੈ 'ਚ ਜੁੜੇ ਰਹਿਣ ਜਾਂ ਪਿਆਰ ਹੁਣ ਮੀਂਹ ਵਾਂਗ ਨਹੀਂ / ਹੰਭੇ-ਹੁੱਟ ਬਲਦ ਵਾਂਗ ਆਉਂਦਾ ਹੈ / ਜੋ ਜ਼ਰੂਰਤਾਂ ਦੀ ਖੁਰਲੀ ਵਿਚ / ਹੌਲੀ-ਹੌਲੀ ਮੂੰਹ ਮਾਰਦਾ ਹੈ ਜਾਂ ਫਿਰ ਮੈਂ ਇਸ ਬੇਦਿਲੀ ਦੁਨੀਆ ਵਿਚ / ਕੀ ਸਿਫ਼ਰ ਸਿਫ਼ਰ / ਜਿਬਾਹ ਹੋਣ ਆਇਆ ਹਾਂ*। ਇਸ ਬੇਵਸੀ ਦਾ ਸਿਖਰ ਇਨ੍ਹਾਂ ਸਤਰਾਂ ਵਿਚ ਪਰੋਇਆ ਪਿਆ ਹੈ:

*ਜੰਗਲ ਦੀ ਧੁੰਦ ਦਾ*
*ਬਾਂਸਾਂ ਦੀ ਕਤਾਰ ਵਿਚੋਂ ਆਉਣਾ*
*ਉਹ ਸਿਰਫ਼ ਟੀ.ਵੀ. 'ਤੇ ਦੇਖ ਸਕਿਆ*
*ਪਰਿੰਦਿਆਂ ਨੂੰ ਸਿਰਫ਼*
*ਉਸ ਡਾਕੂਮੈਂਟਰੀ 'ਚ ਹੀ ਦੇਖਿਆ।*

ਸਾਮਰਾਜ ਦੇ ਸ਼ਿਕੰਜੇ ਦੇ ਇਹ ਨਕਸ਼ ਸੁਖਵਿੰਦਰ ਦੀ ਕਵਿਤਾ ਅੰਦਰ ਬਹੁਤ ਗੂੜ੍ਹੇ ਪੁੜੇ ਹੋਏ ਹਨ। 'ਬੱਚੇ ਤੇ ਹਥਿਆਰ' ਕਵਿਤਾ ਵਿਚ ਖੇਡ-ਖੇਡ ਵਿਚ ਹੀ ਜੰਗ ਦਾ ਚਾਰਾ ਬਣ ਰਹੇ ਬੱਚਿਆਂ ਦਾ ਬੜਾ ਮਾਰਮਿਕ ਜ਼ਿਕਰ ਹੈ:

*(ਬੱਚੇ) ਨਹੀਂ ਜਾਣਦੇ*
*ਪਾਣੀ ਦੀ ਜਗ੍ਹਾ, ਉਨ੍ਹਾਂ ਦੀਆਂ ਗੰਨਾਂ ਵਿਚ*
*ਕਿਸੇ ਨੇ ਅਛੋਪਲੇ ਜਿਹੇ ਬਾਰੂਦ ਭਰ ਜਾਣਾ ਹੈ*
*ਤੇ ਦੁਨੀਆ ਦੇ ਕਿਸੇ ਵੀ ਖਿੱਤੇ 'ਚੋਂ*
*ਝੰਡਿਆਂ 'ਚ ਲਿਪਟੀ ਉਨ੍ਹਾਂ ਦੀ ਲਾਸ਼ ਆਉਣੀ ਹੈ।*

ਇਸ ਦਾ ਵਿਸਥਾਰ ਉਹ 'ਸਮਾਂ ਤੇ ਸਥਾਨ' ਕਵਿਤਾ ਵਿਚ *ਬੇਕਾਬੂ ਹੋਈ ਹਥਿਆਰਾਂ ਦੀ ਦੌੜ ਵਾਂਗ / ਗਾਉਂਦੇ ਹੋਏ ਗਾਲਾਂ ਕੱਢਦੇ ਰੈਪਰ ਦੀ ਆਵਾਜ਼* ਦੇ ਰੂਪ ਵਿਚ ਚਿਤਰਦਾ ਹੈ ਅਤੇ ਇਸ ਦੀ ਅਖ਼ੀਰ 'ਨਿੱਕੀ ਪਰ ਵੱਡੀ ਕਵਿਤਾ' ਹੈ ਜਿਸ ਵਿਚ ਹਥਿਆਰਾਂ ਅਤੇ ਬਾਰੂਦ ਦਾ ਪ੍ਰਤਾਪ, ਜ਼ਿੰਦਗੀ

ਦੇ ਪਿੰਡੇ ਉੱਤੇ ਲਾਸਾਂ ਵਾਂਗ ਚਿੰਬੜਿਆ ਹੋਇਆ ਦਿਸਦਾ ਹੈ, ਤੇ ਸ਼ਾਇਰ ਦਾ ਸਵਾਲ ਹੈ: *ਕਿਉਂ ਘਬਰਾਉਂਦੇ ਹੋ ਹੁਣ? / ਜੋ ਬੀਜਿਆ ਹੈ / ਧਰਤੀ ਉਹੀ ਤਾਂ ਉਗਾਉਂਦੀ ਹੈ* । ਅਜਿਹੀਆਂ ਲਾਸਾਂ ਬੇਅੰਤ ਹਨ ਪਰ ਹਾਲਾਤ ਦੀ ਸਿਤਮਜ਼ਰੀਫ਼ੀ ਦੇਖੋ: *ਵਿਸ਼ਵੀਕਰਨ ਦੀ ਚਾਬਕ / ਫੁੱਲਾਂ ਦਾ ਗੁਲਦਸਤਾ ਬਣ ਗਈ ਹੈ* । ਸ਼ਾਇਰ ਦਾ ਇਹ ਜ਼ਿਕਰ ਸੁਧਾ ਸਿਆਸੀ ਹੈ। ਅਜਿਹੇ ਹਾਲਾਤ ਨਾਲ ਲੜਦਿਆਂ-ਭਿੜਦਿਆਂ ਬੰਦਾ ਕਦੇ-ਕਦੇ ਖ਼ੁਦ ਨੂੰ ਉਲਾਂਭਾ ਦਿੰਦਾ ਜਾਪਦਾ ਹੈ:

*ਚੁੱਪ ਕਰ, ਕੰਮ ਕਰ, ਖਾ ਤੇ ਸੌਂ ਜਾ*
*ਆਮ ਪੰਜਾਬੀ ਵਾਂਗ ਦਾਰੂ ਪੀ ਕੇ*
*ਟੈਕਸੀ ਚਲਾ, ਟਰੱਕ ਚਲਾ, ਗੁਰੂ ਘਰ ਜਾ*
*ਗੋਲਕਾਂ ਲਈ ਲੜ*
*'ਕਾਲੀਆਂ ਲਈ ਨਾ ਸਹੀ*
*ਖ਼ਾਲਿਸਤਾਨੀਆਂ ਲਈ ਲੜ*

ਕਦੀ ਖ਼ੁਦ ਨੂੰ ਹੀ ਸਵਾਲ ਕਰਦਾ ਹੈ: *ਕਾਸ਼! ਉਹ ਨਿੰਮਲ ਦੁਪਹਿਰਿਆਂ ਨੂੰ ਮਾਣ ਸਕਦਾ*। ਉਂਝ, ਇਸ 'ਕਾਸ਼' ਵਿਚ ਹੀ ਸ਼ਾਇਰ ਦੀਆਂ ਆਸਾਂ-ਉਮੀਦਾਂ ਦੇ ਮੋਤੀ ਲੁਕੇ ਹੋਏ ਹਨ। ਮੋਤੀਆਂ ਦੇ ਦੱਬੇ ਪਏ ਇਸ ਖ਼ਜ਼ਾਨੇ ਨੂੰ ਲੱਭਦੀ ਉਹਦੀ ਕਵਿਤਾ *ਲੱਭੀਏ ਫਿਰ ਕਿਰਨਾਂ / ਸੂਰਜ ਦਾ ਜਸ ਗਾਉਂਦੀਆਂ* ਵਾਲਾ ਰਾਹ ਅਖ਼ਤਿਆਰ ਕਰਦੀ ਹੈ। ਇਸ ਵਿਚੋਂ ਹੀ *ਨਵੇਂ ਫੁੱਲ ਧਰਤੀ 'ਤੇ ਹਮੇਸ਼ਾ ਖਿੜਦੇ ਨੇ* ਦੀਆਂ ਕਰੂੰਬਲਾਂ ਫੁੱਟਦੀਆਂ ਹਨ। ਇਸ ਦੇ ਨਾਲ ਹੀ 'ਉਹ ਜਿੰਦਾ ਹੈ' ਕਵਿਤਾ ਵਾਲੀ ਲੜੀ ਸ਼ੁਰੂ ਹੋ ਜਾਂਦੀ ਹੈ। ਇਸ ਕਵਿਤਾ ਵਿਚ 'ਮਾਰਕਸ ਅਜੇ ਮਰਿਆ ਨਹੀਂ' ਦਾ ਹੋਕਰਾ ਤੇ ਹੁੰਗਾਰਾ ਹੈ ਅਤੇ ਮਾਰਕਸ ਦੇ ਜਿੰਦਾ ਰਹਿਣ ਦੇ ਅਰਥ ਸਮੁੱਚੀ ਕਾਇਨਾਤ ਲਈ ਬਹੁਤ ਸਪਸ਼ਟ ਹਨ।

ਇਸੇ ਲੜੀ ਤਹਿਤ ਹੀ ਕਿਤਾਬ ਵਿਚ ਦਾਂਤੇਵਾੜਾ ਅਤੇ ਗੁਰੀਲਿਆਂ ਦਾ ਜ਼ਿਕਰ ਇਕ ਤੋਂ ਵੱਧ ਵਾਰ ਆਇਆ ਹੈ। ਇਹ ਅਸਲ ਵਿਚ *ਸ਼ਾਮ ਦੇ ਪੁਰਾਣੇ ਰੰਗਾਂ ਵਿਚ / ਸੁਰਖ ਸੂਰਜ ਨੂੰ ਘੋਲ ਦੇਣ* ਦਾ ਕੋਈ ਸਜੀਲਾ ਸੁਪਨਾ ਹੈ। ਇਹ ਸੁਪਨਾ ਹੀ ਅਗਾਂਹ ਲੜਾਈ ਦੇ ਮੁਹਰੈਲ ਦਸਤਿਆਂ ਦਾ ਰਾਹ ਮੋਕਲਾ ਕਰਦਾ ਜਾਪਦਾ ਹੈ। ਉੱਘੇ ਸ਼ਾਇਰ ਅਤੇ ਸਿਆਸੀ ਜਿਊੜੇ ਦਰਸ਼ਨ ਖਟਕੜ ਦੇ ਨਾਂ ਲਿਖੀ ਕਵਿਤਾ ਇਸ ਲੜਾਈ ਦੀ ਸਿਖਰ ਹੈ। ਇਸ ਕਵਿਤਾ ਵਿਚ ਲੜਾਈ ਦੀ ਲੈਅ ਠਾਠਾਂ ਮਾਰਦੀ ਹੈ। ਇਸ ਅੰਦਰ 'ਜ਼ਿੰਦਗੀ ਦੇ ਅਨੰਤ ਹੁਸਨ ਬਾਰੇ ਸੋਚਣ' ਦੀਆਂ ਰਮਜ਼ਾਂ ਝਾਤੀਆਂ ਮਾਰਦੀਆਂ ਹਨ।

ਸਾਮਰਾਜ ਦੇ ਸਾਏ ਹੇਠ ਕੰਮ ਅਤੇ ਕਬੀਲਦਾਰੀ ਵਿਚ ਪਿਸ ਰਹੇ ਜਿਊੜੇ ਦੀ ਕਥਾ ਕਰਦਿਆਂ ਉਸ ਨੂੰ ਦੇਸ ਦਾ ਚੇਤਾ ਨਹੀਂ ਭੁੱਲਦਾ। ਉਹਨੇ ਲਿਖਿਆ ਹੈ:

*ਮੇਰੇ ਦੇਸ਼!*
*ਚੰਗਾ ਹੈ*
*ਤੂੰ ਸਾਨੂੰ ਭੁੱਲ ਜਾਵੇਂ*
*ਤੇ ਅਸੀਂ ਤੈਨੂੰ*

ਇਨ੍ਹਾਂ ਸਤਰਾਂ ਦੀਆਂ ਲੜੀਆਂ ਅਸਲ ਵਿਚ ਉਨ੍ਹਾਂ ਨੌਜਵਾਨਾਂ ਦੀ ਸੋਚ ਨਾਲ ਜੁੜੀਆਂ ਹੋਈਆਂ ਹਨ ਜੋ ਇਤਿਹਾਸ ਦੇ ਪਿੜ ਵਿਚ ਗ਼ਦਰੀਆਂ ਵਜੋਂ ਮਸ਼ਹੂਰ ਹੋਏ ਅਤੇ ਜਿਨ੍ਹਾਂ ਨੇ ਆਪਣੇ ਹਾਲੋਂ-ਬੇਹਾਲ ਹੋਏ ਪਏ ਮੁਲਕ ਦੇ ਦੁੱਖ ਕੱਟਣ ਲਈ ਵਤਨ ਵਾਪਸੀ ਦੇ ਚਾਲੇ ਪਾ ਦਿੱਤੇ ਸਨ। ਅੱਜ ਪੰਜਾਬ ਤੋਂ ਹੋ ਰਹੇ ਪਰਵਾਸ ਬਾਰੇ ਹਰ ਸੰਜੀਦਾ ਸ਼ਖ਼ਸ ਦੁਖੀ ਹੈ ਅਤੇ ਇਸ ਬਾਰੇ ਆਪੋ-ਆਪਣੇ ਢੰਗ ਨਾਲ ਪ੍ਰਤੀਕਿਰਿਆ ਦੇ ਰਿਹਾ ਹੈ। ਸ਼ਾਇਰ ਜਦੋਂ ਆਪਣੇ ਵਤਨ ਨਾਲ 'ਭੁੱਲ ਜਾਣ' ਦਾ ਦਰਦ ਵੰਡਾ ਰਿਹਾ ਹੈ ਤਾਂ ਅਸਲ ਵਿਚ ਉਹ ਵਤਨ ਵਾਪਸੀ ਦੀ ਤਾਂਘ ਨੂੰ ਹੀ ਅਰਘ ਦੇ ਰਿਹਾ ਜਾਪਦਾ



ਹੈ। ਇਹ ਉਹੀ ਵਤਨ ਹੈ ਜਿਥੇ *ਖ਼ੁਦਕੁਸ਼ੀ ਹੁਣ ਘਟਨਾ ਨਹੀਂ* ਰਹੀ। ਇਹ ਠੀਕ ਹੈ ਕਿ ਕੰਮ ਦੇ ਕੋਹਲੂ ਨਾਲ ਗਿੜਦਿਆਂ ਉਹ ਇਹ ਦਰਦ ਸਹਾਰ ਰਿਹਾ ਹੈ- *ਸੋਚਦੇ ਸਾਂ / ਬੱਸ ਆਹ ਅਗਲੇ ਸਾਲ ਤੱਕ / ਫਿਰ ਤਾਂ ਅਨੰਦ ਹੀ ਅਨੰਦ ਹੈ / ਪਰ ਇਹ ਅਗਲਾ ਸਾਲ / ਅਜੇ ਤੀਕ ਨਹੀਂ ਆਇਆ;* ਪਰ ਸ਼ਾਇਰ ਆਸ ਦਾ ਪੱਲਾ ਨਹੀਂ ਛੱਡਦਾ, ਲਿਖਦਾ ਹੈ: *ਹੇ ਕਵੀ / ਮਨ ਦੀਆਂ ਕੁੰਦਰਾਂ ਫਰੋਲ*। ... ਤੇ ਕੁੰਦਰਾਂ ਫਰੋਲਦਿਆਂ ਹੀ ਅਜਿਹੀਆਂ ਸਤਰਾਂ ਦਾ ਆਗਮਨ ਹੁੰਦਾ ਹੈ: *ਸ਼ਾਇਰ ਦੀਆਂ ਅੱਖਾਂ 'ਚ / ਅਜੇ ਵੀ ਸਿੰਮਦਾ ਹੈ ਰੋਹ ਦਾ ਪਾਣੀ*। ਇਹ ਖ਼ਾਮੋਸ਼ ਰੋਣ, ਬੇਵਸੀ ਦੀਆਂ ਛਿੱਲਤਾਂ ਇਕ-ਇਕ ਕਰਕੇ ਚੁਗਦਾ ਹੈ। ਅਸਲ ਵਿਚ ਸ਼ਬਦਾਂ ਦੀ ਇਹ ਪੁਖ਼ਤਾ ਚਿਣਾਈ ਉਸ ਲੜਾਈ ਦੀ ਲਾਮਡੋਰੀ ਦਾ ਹਿੱਸਾ ਹੈ ਜਿਸ ਤਹਿਤ ਉਹ ਲੜਾਕੂਆਂ ਲਈ *ਸ਼ਬਦਾਂ ਦੀ ਲਾਲਟੈਨ ਬਾਲ਼ਦਾ* ਹੈ।

ਅਜਿਹੀ ਕਵਿਤਾ ਪੜ੍ਹਦਿਆਂ ਇਹ ਸਮਝਣਾ ਮੁਸ਼ਕਿਲ ਨਹੀਂ ਕਿ ਲਮਕਵੀਂ ਲੜਾਈ ਦੀ ਇਹ ਲਾਮਡੋਰੀ ਅਮੁੱਕ ਹੈ, ਇਹ ਅਜੇ ਟੁੱਟੀ ਨਹੀਂ। *ਧਰਤੀ ਕਦੇ ਵੀ ਬਾਂਝ ਨਹੀਂ ਰਹਿੰਦੀ* ਲਿਖ ਕੇ ਉਹ ਗ਼ਦਰੀਆਂ ਵਾਂਗ ਕਿਤੇ ਗ਼ਦਰ ਮਚਾਵਣੇ ਦੀ ਲਲ੍ਹਕ ਰੱਖਦਾ ਹੈ। ਭਗਤ ਸਿੰਘ ਨੂੰ ਯਾਦ ਕਰਦਿਆਂ ਉਹਨੇ 'ਭਗਤ ਸਿੰਘ ਦੇ ਜਨਮ ਦਿਨ 'ਤੇ' ਵਾਲੀ ਕਵਿਤਾ ਵਿਚ ਦਰਜ ਕੀਤਾ ਹੈ: *ਕੀ ਪਤਾ ਕੱਲ੍ਹ ਨੂੰ / ਮੇਰੇ ਪੋਤੀਆਂ ਪੋਤੇ ਉੱਠਣ / ਤੇ ਤੇਰੇ 'ਤੇ ਮਾਣ ਕਰਨ*। ਇਸੇ ਕਰਕੇ ਇਹ ਤਸੱਵੁਰ ਮੱਲੋਮੱਲੀ ਹੋ ਜਾਂਦਾ ਹੈ ਕਿ ਪੰਜਾਬ ਤੋਂ ਜਿਹੜੀਆਂ ਹੇੜ੍ਹਾਂ ਦੀਆਂ ਹੇੜ੍ਹਾਂ ਪਰਵਾਸੀ ਹੋ ਰਹੀਆਂ ਹਨ, ਉਨ੍ਹਾਂ ਦੇ ਮਨਾਂ ਅੰਦਰ ਕਦੇ ਗ਼ਦਰੀਆਂ ਵਾਲੀ ਸੋਚ ਦਾ ਬੂਟਾ ਲੱਗੇਗਾ ਅਤੇ ਉਹ ਗ਼ਦਰੀਆਂ ਵਾਂਗ ਹੀ ਵਤਨ ਵਾਪਸੀ ਲਈ ਚਾਲੇ ਪਾਉਣਗੀਆਂ। 'ਗੁਲਾਬ' ਕਵਿਤਾ ਵਿਚ ਰੁੱਤ ਫਿਰਨ ਦੀ ਗੱਲ ਕਰਦੇ ਸ਼ਾਇਰ ਦਾ ਸੁਪਨਾ ਦੇਖੋ:

*ਰਾਤ ਡੂੰਘੇ ਸੁਪਨਿਆਂ 'ਚ ਜਦੋਂ ਡੁੱਬੇ*
*ਲਿਆਈਏ ਚੱਪੂ*
*ਤੇ ਬੇੜੀਆਂ ਲੈ ਕੇ ਸਮੁੰਦਰ ਵੱਲ ਜਾਈਏ...*

'ਮਨੁੱਖ' ਕਵਿਤਾ ਵਿਚ ਸਮੁੰਦਰ ਵੱਲ ਧਾਣ ਤੋਂ ਪਹਿਲਾਂ ਵਾਲੀਆਂ ਲੜੀਆਂ ਗੁੰਦੀਆਂ ਮਿਲਦੀਆਂ ਹਨ: *ਧਰਤੀ ਉੱਤੇ ਕਾਬਜ਼ ਹੋਣ ਲਈ / ਅੰਨ੍ਹੀ ਦੌੜ ਲੱਗੀ ਹੈ / ਮੈਂ ਇਸ 'ਚ ਸ਼ਾਮਿਲ ਨਹੀਂ*। ਇਹੀ ਅਸਲ ਵਿਚ ਸ਼ਾਇਰ ਦੀ ਲੜਾਈ ਦਾ ਅਸਲਾ ਹੈ, ਕਿਉਂਕਿ ਸਵਾਲ ਉਸ ਨੂੰ ਲਗਾਤਾਰ ਤੰਗ ਕਰਦੇ ਹਨ। ਇਹ ਸਵਾਲ ਹੀ ਉਸ ਦੀ ਕਵਿਤਾ ਨੂੰ ਨਿੱਤ ਦਿਨ ਅਹੁਲਦੀ ਜ਼ਿੰਦਗੀ ਨਾਲ ਜੋੜਦੇ ਅਤੇ ਸਿਆਸੀ ਕਵਿਤਾ ਦੀ ਪਾਣ ਚੜ੍ਹਾਉਂਦੇ ਹਨ।

ਇਹ ਕਵਿਤਾ ਅਸਲ ਵਿਚ ਸਾਮਰਾਜ ਦੀ ਸਮੁੱਚੀ ਸਿਆਸੀ ਆਰਥਿਕਤਾ ਦੀਆਂ ਪਰਤਾਂ ਫਰੋਲਦੀ ਹੈ। 'ਜੰਗ', 'ਮੰਡੀ ਤੇ ਸਾਮਰਾਜ', 'ਅਸੁਰੱਖਿਆ ਵਿਚੋਂ', 'ਅਮਰੀਕੀ ਸੁਪਨਾ', 'ਮਹਿਕ ਦੀ ਮੌਤ', 'ਅੱਜ-ਕੱਲ੍ਹ', 'ਪੱਥਰਾਂ ਦੇ ਇਸ ਸ਼ਹਿਰ ਵਿਚ' ਆਦਿ ਅਨੇਕਾਂ ਕਵਿਤਾਵਾਂ ਹਨ ਜਿਨ੍ਹਾਂ ਅੰਦਰ ਸਾਮਰਾਜ ਦਾ ਹਕੀਕੀ, ਮਾਰਖੋਰਾ ਰੰਗ ਉੱਘੜਦਾ ਹੈ:

*ਦੇਖ ਤੇਰੇ ਏਸ਼ੀਆ ਦੇ ਸ਼ੇਰ, ਕਿੰਝ ਸੁੱਕ ਗਏ ਨੇ*
*ਭੁੱਖ ਨਾਲ ਦੁੱਖ ਨਾਲ, ਸਰਕਸ ਦੇ ਸ਼ੇਰਾਂ ਵਾਂਗ*

ਪੰਜਾਬ ਅਤੇ ਪਿਆਰ-ਮੁਹੱਬਤ ਬਾਰੇ ਲਿਖੀਆਂ ਕਵਿਤਾਵਾਂ ਦਾ ਰੰਗ ਮੂਲੋਂ ਨਿਵੇਕਲਾ ਹੈ। 'ਰੁੱਖ' ਕਵਿਤਾ ਵਿਚ ਰਿਸ਼ਤਿਆਂ ਦੀ ਬਿਸਾਤ ਵਿਛੀ ਜਾਪਦੀ ਹੈ। 'ਅੱਜੋਕਾ ਪੰਜਾਬ' ਕਵਿਤਾ ਵਿਚ ਕਵੀ ਨੂੰ ਇਉਂ ਸੰਬੋਧਨ ਹੈ:

*ਕਵੀਆ! ਕਦੀ ਜ਼ਿੰਦਗੀ ਦੇ ਖੇਤਾਂ ਵੱਲ ਵੀ ਆ*
*ਨਿੰਮ ਦੇ ਦਰਖ਼ਤਾਂ ਨਾਲ ਲੱਗ ਕੇ ਜਾ ਰਹੀ ਹਵਾ*
*ਕਿੰਨੀ ਪਿਆਰੀ ਲਗਦੀ ਹੈ।*

ਅਜਿਹੀ ਧੜਕਦੀ ਜ਼ਿੰਦਗੀ ਨਾਲ ਹੀ ਪੰਜਾਬ ਦੇ ਪ੍ਰਸੰਗ ਵਿਚ 'ਧੁੱਪ ਦੇ ਗੀਤ', 'ਸੋਚਾਂ ਦੇ ਨਾਲ ਨਾਲ', 'ਮੇਰੀ ਵਿਰਾਸਤ', 'ਭਿੱਟ-ਅੰਗਾ' ਵਰਗੀਆਂ ਕਵਿਤਾਵਾਂ ਲਿਖੀਆਂ ਜਾ ਸਕਦੀਆਂ ਹਨ। 'ਭਿੱਟ-ਅੰਗਾ' ਕਵਿਤਾ ਦੀ ਮਾਰ ਦੇਖੋ, ਇਸ ਦਾ ਦਰਦ 'ਅਸੁਰੱਖਿਆ ਵਿਚੋਂ' ਨਾਂ ਦੀ ਕਵਿਤਾ ਦੀ ਇਕ ਸਤਰ *ਉਂਝ ਮੇਰਾ ਘਰ ਗੈਟੋ ਵਿਚਕਾਰ ਏ* ਵਿਚੋਂ ਸਿੰਮਦਾ ਹੈ। ਦਰਦ ਦੀ ਅਜਿਹੀ ਇੰਤਹਾ ਵਿਚੋਂ ਸ਼ਾਇਰ ਸੁਖਵਿੰਦਰ ਕੰਬੋਜ ਜੇਕਰ *ਖ਼ੁਰਦਰੀ ਸ਼ਾਮ ਹੱਥਾਂ 'ਚ ਮਰ ਰਹੀ ਹੈ / ਤੇ ਤੇਰੀ ਯਾਦ ਮੇਰੇ ਆਕਾਸ਼ਾਂ 'ਚ ਤੈਰ ਰਹੀ ਹੈ* ਵਰਗੀਆਂ ਸਤਰਾਂ ਜੋੜਦਾ ਹੈ ਤਾਂ ਇਸ ਕਵਿਤਾ ਨੂੰ ਸਲਾਮੀ ਦੇਣੀ ਬਣਦੀ ਹੈ। **-ਜਸਬੀਰ**

## ਜੇਠੂ (ਨਾਵਲ) ਹਰਜੀਤ ਅਟਵਾਲ

ਪਰਵਾਸ ਦਾ ਮਸਲਾ ਕੋਈ ਨਵਾਂ ਨਹੀਂ ਹੈ ਤੇ ਇਸ ਮਸਲੇ ਨਾਲ ਜੁੜੀਆਂ ਸਮਾਜਕ ਸਮੱਸਿਆਵਾਂ ਤੇ ਕਰੂਰ ਯਥਾਰਥ ਵੀ ਕੋਈ ਓਪਰਾ ਨਹੀਂ ਹੈ। ਪਰਵਾਸ ਕਰਨ ਉਪਰੰਤ ਵਿਅਕਤੀ ਆਪਣੇ ਸਮਾਜ, ਸਭਿਆਚਾਰ, ਧਰਮ, ਰਾਜਨੀਤੀ ਤੇ ਸਾਕਾਦਾਰੀ ਪ੍ਰਬੰਧ ਦੀ ਸੀਮਤ ਘੇਰਾਬੰਦੀ ਤੋਂ ਬਾਹਰ ਨਿਕਲ ਕੇ ਖੁੱਲ੍ਹੇ-ਡੁੱਲ੍ਹੇ ਵਿਕਸਤ ਸਮਾਜਕ ਪ੍ਰਬੰਧ ਵਿਚ ਆ ਜਾਂਦਾ ਹੈ। ਪਰਵਾਸ ਉਪਰੰਤ ਮਨੁੱਖ ਦੀ ਸਰੀਰਕ ਮਿਹਨਤ ਤੋਂ ਇਲਾਵਾ ਉਸ ਦਾ ਅਵਚੇਤਨੀ ਸੰਘਰਸ਼ ਵੀ ਸ਼ੁਰੂ ਹੋ ਜਾਂਦਾ ਹੈ। ਕਿਉਂਕਿ ਉਹ ਸਰੀਰਕ ਰੂਪ ਵਿਚ ਤਾਂ ਪਰਵਾਸ ਕਰ ਲੈਂਦਾ ਹੈ ਪਰ ਉਸ ਦਾ ਅਵਚੇਤਨ ਪਰਵਾਸ ਨਹੀਂ ਕਰਦਾ। ਉਸ ਦੇ ਅਵਚੇਤਨ ਵਿਚ ਉਸ ਦਾ ਪਿਛੋਕੜ ਵਸਿਆ ਰਹਿੰਦਾ ਹੈ। ਆਪਣੇ ਪਿਛੋਕੜ ਵਿਚ ਵਸੀਆਂ ਭੂਤਕਾਲੀ ਹਾਲਤਾਂ ਦੇ ਵਰਤਮਾਨ ਨਾਲ ਟਕਰਾਅ ਵਜੋਂ ਉਹ ਆਪਣੇ ਜੀਵਨ ਵਿਚ ਵੀ ਖਿੰਡਾਅ ਮਹਿਸੂਸ ਕਰਨ ਲੱਗਦਾ ਹੈ। ਚੰਗੇਰੀ ਜੀਵਨ ਜਾਚ ਦੀ ਕਲਪਤ ਇੱਛਾ ਬਦਲੇ ਤ੍ਰਿਸਕਾਰ, ਵਿਤਕਰੇ ਤੇ ਓਪਰੇਪਣ ਦੀ ਜ਼ਿੰਦਗੀ ਉਸ ਦੀਆਂ ਮਾਨਸਿਕ ਸੰਵੇਦਨਾਵਾਂ ਨੂੰ ਮਧੋਲ ਸੁੱਟਦੀ ਹੈ।

ਹਰਜੀਤ ਅਟਵਾਲ ਦਾ ਨਾਵਲ 'ਜੇਠੂ', ਲੇਖਕ ਦੀ ਜੀਵਨ ਜਾਚ ਦੇ ਚੌਖਟੇ ਰਾਹੀਂ ਪਰਵਾਸੀ ਜੀਵਨ ਦੇ ਨਵੇਂ ਪਾਸਾਰਾਂ ਦੇ ਰੂਬਰੂ ਹੁੰਦਾ ਹੈ। ਨਾਵਲ ਦਾ ਨਾਇਕ ਕੁੰਦਨ ਉਰਫ਼ ਜੇਠੂ ਨਾਮਵਰ ਲੇਖਕ ਹੈ ਜਿਹੜਾ ਆਪਣੇ ਦੋਹਰੇ ਕਿਰਦਾਰ ਕਾਰਨ ਆਪ ਵੀ ਦੁਖਾਂਤ ਭੋਗਦਾ ਹੈ ਅਤੇ ਆਪਣੇ ਨਾਲ ਜੁੜੇ ਰਿਸ਼ਤਿਆਂ ਲਈ ਵੀ ਦੁਖਾਂਤ ਦਾ ਭਾਗੀ ਬਣਦਾ ਹੈ। ਕੁੰਦਨ ਲੇਖਕਾਂ ਦੀ ਦੁਨੀਆਂ ਦਾ ਕਰੂਰ ਚਿਹਰਾ ਹੈ। ਆਪਣੇ ਆਪ ਨੂੰ ਸਰਵੋਤਮ ਸਮਝਣ ਦੀ ਫਿਤਰਤ ਕਾਰਨ ਉਹ ਅਜਿਹੇ ਭਰਮ ਜਾਲ ਵਿਚ ਰਹਿੰਦਾ ਹੈ ਜਿਹੜਾ ਟੁੱਟਣ 'ਤੇ ਦੁਖਦਾਈ ਹੁੰਦਾ ਹੈ। ਲੇਖਕ ਕੋਲ ਸਵੈ ਪ੍ਰਸ਼ੰਸਾ ਤੋਂ ਉੱਪਰ ਉੱਠ ਕੇ ਕਿਸੇ ਦੂਜੇ ਦੀ ਰਚਨਾ ਨੂੰ ਚੰਗਾ ਕਹਿਣ ਦਾ ਮਾਦਾ ਹੋਣਾ ਚਾਹੀਦਾ ਹੈ। ਕੁੰਦਨ ਵਿਚ ਅਜਿਹਾ ਮਾਦਾ ਨਹੀਂ ਦੇਖਣ ਨੂੰ ਮਿਲਦਾ। ਉਹ ਆਪਣੇ ਤੋਂ ਇਲਾਵਾ ਕਿਸੇ ਹੋਰ ਨੂੰ ਲੇਖਕ ਮੰਨਣ ਲਈ ਤਿਆਰ ਨਹੀਂ।

ਜੋਗਿੰਦਰ ਵਿਕਾਸ ਕਰਕੇ ਚੰਗਾ ਨਾਵਲਕਾਰ ਬਣ ਜਾਂਦਾ ਹੈ ਪਰ ਕੁੰਦਨ ਉਸ ਨੂੰ ਕਦੇ ਉਤਸ਼ਾਹਤ ਨਹੀਂ ਕਰਦਾ। ਕੁੰਦਨ ਕੋਈ ਵੀ ਰਚਨਾ ਪੜ੍ਹੇ ਤੋਂ ਬਿਨਾਂ ਉਸ ਰਚਨਾ ਬਾਰੇ ਆਪਣੇ ਵਿਚਾਰ ਬਣਾ ਕੇ ਰੱਖਦਾ ਹੈ। ਇਕ ਲੇਖਕ ਵਜੋਂ ਤਾਂ ਕੁੰਦਨ ਪਰਵਾਸੀ ਜੀਵਨ ਨੂੰ ਦਰਪੇਸ਼ ਸਮੱਸਿਆਵਾਂ ਅਤੇ ਨੈਤਿਕ ਪੱਖ ਤੋਂ ਆ ਰਹੀ ਗਿਰਾਵਟ ਨੂੰ ਬਾਖ਼ੂਬੀ ਚਿਤਰਦਾ ਹੈ ਪਰ ਉਸ ਦੀ ਨਿੱਜੀ ਜ਼ਿੰਦਗੀ ਨਰਕ ਦੇ ਸਮਾਨ ਹੈ। ਕੁੰਦਨ ਦੇ ਆਪਣੀ ਪਤਨੀ, ਧੀ ਅਤੇ ਪੁੱਤਰ ਨਾਲ ਰਿਸ਼ਤੇ ਵਿਚ ਪਿਆਰ ਸਤਿਕਾਰ ਦੀ ਥਾਂ ਵੈਰ ਵਿਰੋਧ ਤੇ ਸਵਾਰਥੀ ਹਿਤ ਜੁੜੇ ਹੋਏ ਹਨ। ਬੇਸ਼ੱਕ ਵਿਦੇਸ਼ ਵਿਚ ਜੰਮੀ ਪਲੀ ਨਵੀਂ ਪੀੜ੍ਹੀ ਵਿਚਾਰਾਂ/ਮਾਨਤਾਵਾਂ ਤੇ ਰਵਾਇਤਾਂ ਦੇ ਪੱਖ ਤੋਂ ਪੁਰਾਣੀ ਪੀੜ੍ਹੀ ਨਾਲ ਵਿਰੋਧੀ ਰਵੱਈਆ ਅਖਤਿਆਰ ਕਰ ਲੈਂਦੀ ਹੈ ਜਿਸ ਵਿਚ ਬਦਲਦੇ ਸਮਾਜਕ ਯਥਾਰਥ ਦੀ ਭੂਮਿਕਾ ਵਧੇਰੇ ਹੁੰਦੀ ਹੈ। ਨਾਵਲ ਦੇ ਪ੍ਰਸੰਗ ਵਿਚ ਦੇਖਿਆਂ ਇਸ ਲਈ ਕੁੰਦਨ ਵਧੇਰੇ ਕਸੂਰਵਾਰ ਜਾਪਦਾ ਹੈ। ਉਹ ਆਪਣੀ ਪਤਨੀ ਤੇ ਬੱਚਿਆਂ ਨੂੰ ਬਣਦਾ ਪਿਆਰ ਤੇ ਸਤਿਕਾਰ ਨਹੀਂ ਦਿੰਦਾ ਪਰ ਬਦਲੇ ਵਜੋਂ ਉਹ ਸਭ ਤੋਂ ਪਿਆਰ ਤੇ ਸਤਿਕਾਰ ਦੀ ਇੱਛਾ ਕਰਦਾ ਹੈ। ਉਹ ਆਪਣੇ ਪੁੱਤਰ ਅਮਰਜੋਤ ਨੂੰ ਪੈਰਾਂ 'ਤੇ ਖੜ੍ਹੇ ਹੋਣ ਲਈ ਕੋਈ ਮੱਦਦ ਨਹੀਂ ਕਰਦਾ। ਉਹ ਆਪਣੀ ਮਿਹਨਤ ਨਾਲ ਹੀ ਸਭ ਕੁਝ ਬਣਾਉਂਦਾ ਹੈ। ਅਮਰਜੋਤ ਇਹ ਸਭ ਕੁਝ ਭੁਲਾ ਕੇ ਕਈ ਵਾਰ ਕੁੰਦਨ ਨਾਲ ਨੈਤਿਕ ਪੱਖ ਤੋਂ ਜੁੜਨ ਦੀ ਕੋਸ਼ਿਸ਼ ਕਰਦਾ ਹੈ ਪਰ ਕੁੰਦਨ ਆਪਣੀ ਹੈਂਕੜ ਨੂੰ ਛੱਡਣ ਲਈ ਤਿਆਰ ਨਹੀਂ ਹੁੰਦਾ।

ਇਸੇ ਤਰ੍ਹਾਂ ਉਸ ਦੀ ਧੀ ਪਾਇਲ ਵੱਲੋਂ ਕਾਲੇ ਨਾਲ ਸੰਬੰਧ ਬਣਾ ਲੈਣਾ, ਪੰਜਾਬੀ ਮੁੰਡੇ ਨਾਲ ਵਿਆਹ ਕਰਵਾਉਣ ਉਪਰੰਤ ਵੀ ਪੁਰਾਣੇ ਬੁਆਏ ਫਰੈਂਡ ਨਾਲ ਰਹਿਣਾ, ਬਾਪ ਦੀ ਥਾਂ ਉਸ ਦੀ ਜਾਇਦਾਦ ਅਤੇ ਪੈਸੇ ਨਾਲ ਸਰੋਕਾਰ ਰੱਖਣਾ, ਮੋਹਣੀ ਨੂੰ ਨਫ਼ਰਤ ਕਰਨਾ ਆਦਿ ਅਜਿਹੇ ਹੀ ਸੰਸਕਾਰ ਹਨ ਜਿਹੜੇ ਕੁੰਦਨ ਦੇ ਵਿਹਾਰ ਕਾਰਨ ਬਣੇ ਹਨ। ਕਿਉਂਕਿ ਕੁੰਦਨ ਪਾਇਲ ਦੀ ਸਹੇਲੀ ਨਾਲ ਸੰਬੰਧ ਬਣਾਉਣ ਦੀ ਇੱਛਾ ਵੀ ਰੱਖਦਾ ਹੈ ਤੇ ਇਸ ਲਈ ਯਤਨ ਵੀ ਕਰਦਾ ਹੈ। ਅਜਿਹਾ ਕਰਦੇ ਸਮੇਂ ਉਹ ਆਪਣੀ ਧੀ ਨਾਲ ਸ਼ਰਾਬ ਸਿਗਰਟ ਦੀ ਸਾਂਝ ਵੀ ਪਾਉਂਦਾ ਹੈ। ਅਜਿਹਾ ਉਹ ਬੇਸ਼ੱਕ ਪੱਛਮੀ ਜੀਵਨ ਜਾਚ ਦੇ ਅਨੁਸਾਰੀ ਹੋ ਕੇ ਕਰਦਾ ਹੈ ਪਰ ਉਸ ਦੇ ਅਵਚੇਤਨ ਵਿਚ ਪਏ ਪੰਜਾਬੀ ਜੀਵਨ ਜਾਚ ਦੇ ਨਕਸ਼ ਉਸਦੇ ਸਭਿਆਚਾਰਕ ਟੈਬੂ ਤੋੜ ਦਿੰਦੇ ਹਨ।

ਕੁੰਦਨ ਦਾ ਰਿਸ਼ਤਿਆਂ ਪ੍ਰਤੀ ਵਿਹਾਰ ਆਪਣੀ ਹੈਂਕੜ ਨੂੰ ਦੂਜਿਆਂ ਉੱਪਰ ਠੋਸਣ ਵਾਲਾ ਹੈ। ਪਰਿਵਾਰਕ ਰਿਸ਼ਤਿਆਂ ਅਤੇ ਬਾਹਰੀ ਸਮਾਜੀ ਰਿਸ਼ਤਿਆਂ ਨੂੰ ਉਹ ਆਪਣੇ ਦਾਬੇ ਹੇਠ ਰੱਖਣਾ ਚਾਹੁੰਦਾ ਹੈ। ਪਤਨੀ ਦੀ ਮੌਤ ਤੋਂ ਬਾਅਦ ਇਕ ਔਰਤ ਦੀ ਲੋੜ ਮਹਿਸੂਸ ਕਰਦਾ ਉਹ ਮੋਹਣੀ ਵੱਲ ਖਿੱਚਿਆ ਜਾਂਦਾ ਹੈ। ਆਪਣੀ ਲੋੜ ਪੂਰਨ ਲਈ ਉਹ ਉਸ ਅੱਗੇ ਵਿਛ-ਵਿਛ ਜਾਂਦਾ ਹੈ ਤੇ ਵਿਆਹ ਲਈ ਮਜਬੂਰ ਕਰਦਾ ਹੈ। ਵਿਆਹ ਉਪਰੰਤ ਮੋਹਣੀ 'ਤੇ ਵੀ ਆਪਣਾ ਦਾਬਾ ਰੱਖਦਾ ਹੈ। ਮੋਹਣੀ ਇਸ ਦਾਬੇ ਅਧੀਨ ਅਨੇਕਾਂ ਬਿਮਾਰੀਆਂ ਸਹੇੜ ਲੈਂਦੀ ਹੈ। ਤੰਗ ਹੋਈ ਉਹ ਕੁੰਦਨ ਤੋਂ ਅਲੱਗ ਹੋ ਜਾਂਦੀ ਹੈ। ਅਲੱਗ ਹੋ ਕੇ ਉਹ ਸੁਤੰਤਰ ਨਾਰੀ ਵਜੋਂ ਵਿਚਰਦੀ ਹੋਈ ਸਾਹਿਤ ਨਾਲ ਜੁੜੀ ਰਹਿੰਦੀ ਹੈ।

ਨਾਵਲ ਵਿਚ ਕੁੰਦਨ ਦਾ ਚਰਿੱਤਰ ਜਿਸ ਰੂਪ ਵਿਚ ਪੇਸ਼ ਹੋਇਆ ਹੈ, ਉਹ ਮਨੁੱਖੀ ਸੁਭਾਅ ਦਾ ਸਭ ਤੋਂ ਨਖਿੱਧ ਪੱਖ ਹੈ। ਕੁੰਦਨ ਦਾ ਦੂਜਾ ਚਿਹਰਾ ਜੇਠੂ ਦਾ ਹੈ ਜਿਸ ਦੇ ਨਾਮ 'ਤੇ ਨਾਵਲ ਦਾ ਨਾਮਕਰਨ ਹੈ। ਚਰਿੱਤਰ ਦੇ ਘਿਨੌਣੇ ਪੱਖ ਤੋਂ ਕੁੰਦਨ ਤੇ ਜੇਠੂ ਇਕੋ ਜਿਹੇ ਹਨ। ਹਰ ਇਕ ਮਨੁੱਖ ਦੀ ਅੰਦਰੂਨੀ ਸੋਚ ਵਿਚਾਰ ਤੇ ਭਾਵਨਾਵਾਂ ਉਸ ਦੇ ਕਿਰਦਾਰ ਦਾ ਅਜਿਹਾ ਪੱਖ ਹੁੰਦਾ ਹੈ ਜਿਹੜਾ ਸਮਾਜ ਵਿਚ ਵਿਚਰਨ ਸਮੇਂ ਲੁਪਤ ਰਹਿੰਦਾ ਹੈ ਜਾਂ ਮਨੁੱਖ ਉਸ ਨੂੰ ਜ਼ਾਹਰ ਨਹੀਂ ਹੋਣ ਦੇਣਾ ਚਾਹੁੰਦਾ। ਇਸ ਕਰੂਰ ਚਿਹਰੇ ਦੇ ਜ਼ਾਹਰ ਹੋਣ ਨਾਲ ਪ੍ਰਭਾਵਸ਼ਾਲੀ ਵਿਅਕਤੀਆਂ ਦੇ ਅਕਸ ਨੂੰ ਢਾਹ ਲੱਗਦੀ ਹੈ। ਨਾਵਲ ਵਿਚ ਕੁੰਦਨ ਤੇ ਜੇਠੂ ਇਕ ਰੂਪ ਵਿਚ ਪੇਸ਼ ਹੋਏ ਹਨ। ਉਹਨਾਂ ਦੀ ਸ਼ਖ਼ਸੀਅਤ ਵਿਚ ਇਕ ਵੀ ਗੁਣ ਜਾਂ ਖ਼ੂਬੀ ਅਜਿਹੀ ਨਹੀਂ ਜਿਸ 'ਤੇ ਮਾਣ ਕੀਤਾ ਜਾ ਸਕਦਾ ਹੋਵੇ। ਕੁੰਦਨ ਆਪਣੀਆਂ ਗਲਤੀਆਂ 'ਤੇ ਪਰਦਾ ਪਾਉਣ ਲਈ ਜੇਠੂ ਨੂੰ ਮੂਹਰੇ ਕਰ ਦਿੰਦਾ ਹੈ। ਜੇਠੂ ਦਾ ਵਿਕਾਸ ਜਿਸ ਤਰ੍ਹਾਂ ਦੇ ਪਿਛੋਕੜ ਵਿਚੋਂ ਹੋਇਆ, ਉਹ ਇਸ ਨੂੰ ਸਮਝਦੇ ਹੋਏ ਵੀ ਸਾਰੀ ਉਮਰ ਉਸ ਵਿਚੋਂ ਨਹੀਂ ਨਿਕਲਣਾ ਚਾਹੁੰਦਾ। ਇਹੀ ਉਸਦੇ ਦੁਖਾਂਤ ਦਾ ਕਾਰਨ ਬਣਦਾ ਹੈ।

ਹਰਜੀਤ ਅਟਵਾਲ ਨੇ ਇਸ ਨਾਵਲ ਵਿਚ ਪਰਵਾਸੀ ਜੀਵਨ-ਜਾਚ ਨੂੰ ਕੇਂਦਰ ਵਿਚ ਰੱਖਣ ਦੀ ਥਾਂ ਇਕ ਸਾਹਿਤਕਾਰ ਨੂੰ ਕੇਂਦਰ ਵਿਚ ਰੱਖਦੇ ਹੋਏ ਸਾਹਿਤਕ ਸਭਾਵਾਂ ਦੀ ਰਾਜਨੀਤੀ, ਪਾਠਕਾਂ ਤੇ ਲੇਖਕਾਂ ਦਾ ਆਪਸੀ ਰਿਸ਼ਤਾ, ਲੇਖਕਾਂ ਦਾ ਆਪਸੀ ਰਿਸ਼ਤਾ, ਸਾਹਿਤਕਾਰਾਂ ਵਿਚ ਇਕ ਦੂਜੇ ਦੀਆਂ ਰਚਨਾਵਾਂ ਜਾਂ ਕਿਸੇ ਹੋਰ ਭਾਸ਼ਾ ਦੇ ਸਾਹਿਤ ਨੂੰ ਪੜ੍ਹਨ ਦੀ ਰੁਚੀ, ਸਾਹਿਤਕਾਰ ਦੀ ਪਰਿਵਾਰ ਤੇ ਰਿਸ਼ਤੇਦਾਰਾਂ ਵਿਚ ਮਾਨਤਾ ਦੇ ਨਾਲ-ਨਾਲ ਪਰਵਾਸੀ ਜੀਵਨ ਦੇ ਆਮ

ਪ੍ਰਚਲਿਤ ਰੁਝਾਨਾਂ ਆਰਥਿਕਤਾ, ਆਪਸੀ ਸਬੰਧ, ਪੀੜ੍ਹੀ ਪਾੜਾ ਆਦਿ ਦੀ ਪੇਸ਼ਕਾਰੀ ਵੀ ਕੀਤੀ ਹੈ। ਨਾਵਲ ਦੇ ਕਥਾਨਕ ਵਿਚ ਰੌਚਿਕਤਾ ਹੈ। ਪੜ੍ਹਨ ਸਮੇਂ ਪਾਠਕ ਦੀ ਉਤਸੁਕਤਾ ਬਣੀ ਰਹਿੰਦੀ ਹੈ। ਕੇਂਦਰੀ ਵਿਸ਼ੇ ਨੂੰ ਪ੍ਰਮੁੱਖਤਾ ਦਿੰਦੇ ਹੋਏ ਬਾਕੀ ਦੇ ਉਪ ਵਿਸ਼ਿਆਂ ਨੂੰ ਵੀ ਬਣਦੀ ਥਾਂ ਦਿੱਤੀ ਹੈ।ਹਰਜੀਤ ਅਟਵਾਲ ਤੋਂ ਭਵਿੱਖ ਵਿਚ ਇਸੇ ਤਰ੍ਹਾਂ ਵੱਖਰੇ ਵਿਸ਼ੇ ਵਾਲੇ ਨਾਵਲ ਦੀ ਆਸ ਕੀਤੀ ਜਾ ਸਕਦੀ ਹੈ।

**-ਹਰਿੰਦਰ ਸਿੰਘ**

## ਖਾਂਡਵ ਦਾਹ (ਨਾਵਲ) ਬਲਬੀਰ ਪਰਵਾਨਾ

ਸਮਕਾਲ ਦੀ ਪੰਜਾਬੀ ਨਾਵਲਕਾਰੀ ਵਿਚ ਬਲਬੀਰ ਪਰਵਾਨਾ ਵਿਸ਼ੇਸ਼ ਗਲਪੀ ਪ੍ਰਤਿਭਾ ਵਾਲਾ ਗਲਪਕਾਰ ਹੈ। ਬੇਸ਼ੱਕ ਉਹ ਲੰਮੇਂ ਸਮੇਂ ਤੋਂ ਪੰਜਾਬੀ ਕਵਿਤਾ, ਅਨੁਵਾਦ, ਕਹਾਣੀ, ਸਾਹਿਤਕ ਪੱਤਰਕਾਰੀ ਵਰਗੀਆਂ ਵਿਧਾਵਾਂ ਨਾਲ ਜੁੜਿਆ ਹੋਇਆ ਹੈ ਪਰ ਪਾਠਕਾਂ ਨੇ ਉਸਨੂੰ ਪਹਿਲੀ ਪਛਾਣ ਨਾਵਲਕਾਰ ਵਜੋਂ ਦਿੱਤੀ ਹੈ। ਉਸ ਵੱਲੋਂ ਲਿਖੇ ਜਾਂਦੇ ਨਾਵਲਾਂ ਦੀ ਲੜੀ ਬੱਧ ਸਿਰਜਣਾ ਨੇ ਪਿਛਲੇ ਕੁਝ ਸਾਲਾਂ ਤੋਂ ਨਾਵਲ ਚਿੰਤਨ ਦੇ ਖੇਤਰ ਵਿਚ ਇਕ ਵੱਖਰਾ ਸੰਵਾਦ ਪੈਦਾ ਕੀਤਾ ਹੈ। ਉਹ ਆਜ਼ਾਦੀ ਤੋਂ ਬਾਅਦ ਦੇ ਪੰਜਾਬੀ ਸਮਾਜ ਨੂੰ ਜਿੱਥੇ ਬਾਹਰਮੁਖੀ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਆਪਣੇ ਨਾਵਲੀ ਵਸਤੂ ਦਾ ਕੇਂਦਰ ਬਣਾਉਂਦਾ ਹੈ ਉੱਥੇ ਹੀ ਪੰਜਾਬੀ ਬੰਦੇ ਦੀ ਤਬਦੀਲ ਹੋਈ ਮਾਨਸਿਕਤਾ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਦੀ ਤਲਾਸ਼ਕਾਰੀ ਨਾਲ ਜੁੜਿਆ ਬੌਧਿਕ ਪ੍ਰਵਚਨ ਵੀ ਪੈਦਾ ਕਰਦਾ ਹੈ। ਉਸਦੇ ਨਾਵਲਾਂ ਦੀ ਲੜੀ ਵਿਚੋਂ ਪੰਜਾਬੀ ਸਮਾਜ ਦਾ ਹਰੀ ਕ੍ਰਾਂਤੀ ਤੋਂ ਪਹਿਲਾਂ ਅਤੇ ਬਾਅਦ ਦਾ ਸਮਾਜਕ ਸਭਿਆਚਾਰਕ ਦ੍ਰਿਸ਼ ਬੜੀ ਸ਼ਿੱਦਤ ਨਾਲ ਪੇਸ਼ ਹੋਇਆ ਮਿਲਦਾ ਹੈ। ਇਸ ਦ੍ਰਿਸ਼ਕਾਰੀ ਦੇ ਨਿਰਮਾਣ ਲਈ ਉਹ ਕੰਢੀ ਇਲਾਕੇ ਨੂੰ ਆਪਣੀ ਬਿਰਤਾਂਤਕ ਲੋਕੇਲ ਵਜੋਂ ਵਰਤਦਾ ਹੈ ਪਰ ਇਸ ਵਿਚੋਂ ਪੰਜਾਬੀ ਸਮਾਜ ਦੇ ਨਵ ਬਸਤੀਵਾਦੀ ਵਰਤਾਰੇ ਦੀ ਲਪੇਟ ਵਿਚ ਆਉਣ ਅਤੇ ਖਪਤਵਾਦੀ ਬੰਦੇ ਦੀ ਪੈਦਾਇਸ਼ ਦਾ ਮਹਾਂ ਦ੍ਰਿਸ਼ ਪੂਰੇ ਪੰਜਾਬ ਦੀ ਬਦਲਦੀ ਤਾਸੀਰ ਨੂੰ ਸਪਲੀਮੈਂਟ ਕਰਦਾ ਹੈ। ਇਸਦਾ ਸਟੀਕ ਪ੍ਰਗਟਾਵਾ 'ਬਹੁਤ ਸਾਰੇ ਚੁਰੱਸਤੇ' ਨਾਵਲ ਦੀ ਇਕ ਵੱਡ ਆਕਾਰੀ ਜਿਲਦ ਵਿਚ ਪਿਆ ਹੈ। ਇਸ ਤੋਂ ਇਲਾਵਾ ਪਿਛਲੇ ਕੁਝ ਸਾਲਾਂ ਤੋਂ ਲੇਖਕ ਪੰਜਾਬ ਦੇ ਸਮਕਾਲ ਨੂੰ ਸਿੱਧਾ ਸੰਬੋਧਤ ਹੋ ਰਿਹਾ ਹੈ ਜਿਸ ਤਹਿਤ ਉਹ 'ਬੰਜਰ ਧਰਤੀ' ਵਰਗਾ ਨਾਵਲ ਲਿਖ ਕੇ ਪੰਜਾਬ ਦੀ ਨਸਲ ਅਤੇ ਫ਼ਸਲ 'ਤੇ ਪਸਰੇ ਸੰਕਟਾਂ ਨੂੰ ਪ੍ਰਤੀਬਿੰਬਤ ਕਰਦਾ ਹੈ।

ਇਸ ਲੜੀ ਤਹਿਤ ਉਹ ਆਪਣੇ ਨਵੇਂ ਨਾਵਲ 'ਖਾਂਡਵ ਦਾਹ' (ਪੰਨੇ 127, ਮੁੱਲ 195 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਨਾਲ ਮੁੜ ਚਰਚਾ ਵਿਚ ਹੈ। ਇਹ ਨਾਵਲ ਪੰਜਾਬ ਵਿਚ ਪੂੰਜੀਵਾਦੀ ਵਿਕਾਸ ਮਾਡਲ ਤੋਂ ਉਪਜੀ ਖਪਤਵਾਦੀ ਮਾਨਸਿਕਤਾ ਅਤੇ ਮੱਧਵਰਗ ਦੀ ਲਾਲਸਾ ਬੱਧ ਤੇ ਜਸ਼ਨਾਵੀ ਜੀਵਨ- ਜਾਚ ਨੂੰ ਕਈ ਕੋਣਾਂ ਤੋਂ ਮੁਖ਼ਾਤਬ ਹੈ। ਇਹ ਨਾਵਲ ਮੰਡੀ ਦੇ ਵਰਤਮਾਨ ਦੌਰ ਵਿਚ ਦੂਜੇ ਤੋਂ ਸਰਵਸ੍ਰੇਸ਼ਟ ਸਿੱਧ ਹੋਣ ਦੀ ਲਾਲਸਾ ਅਤੇ ਵਿੱਤੀ ਪੂੰਜੀ ਦੇ ਅੱਥਰੇ ਵੇਗ ਵਿਚ ਬੇਲਗਾਮ ਹੋਈ ਖਪਤਵਾਦੀ ਪ੍ਰਵਿਰਤੀ ਦੇ ਸਟੀਕ ਵੇਰਵਾ ਪ੍ਰਸਤੁਤ ਕਰਦਾ ਹੈ। ਨਾਵਲ ਵਿਚ ਇਸ ਵਹਿਣ ਦੀ ਪੇਸ਼ਕਾਰੀ ਲਈ ਇਕ ਮੱਧਵਰਗੀ ਘਰ ਅੰਦਰ ਵਿਆਹ/ਰਿਸ਼ਤਾ ਪ੍ਰਬੰਧ/ ਸੰਸਕ੍ਰਿਤੀ ਅਤੇ ਹੋਰ ਸਮਾਜਕ ਰਸਮਕਾਰ ਅੰਦਰ ਉਲਝੀ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ। ਇਸਦੇ ਨਾਲ ਨਾਲ ਨਾਵਲ ਵਿਚ ਇਸ ਵਹਿਣ ਦੇ ਸਮਾਂਨਅੰਤਰ ਪੂੰਜੀਵਾਦ ਦੇ ਇਸ ਯੋਜਨਾਬੱਧ ਵਿਕਾਸ ਮਾਡਲ ਨੂੰ ਸਮਝਣ ਅਤੇ ਇਸ ਪ੍ਰਤੀ ਇਕ ਬਾਹਰਮੁਖੀ ਤੇ ਵਿਗਿਆਨਕ ਸੋਝੀ ਰੱਖਣ ਵਾਲੀ ਟੈਕਸਟ ਵੀ ਚੱਲਦੀ ਹੈ। ਇਹ ਦੋਵੇਂ ਟੈਕਸਟ ਇਕ ਦੂਜੀ ਦੀਆਂ ਸਿੱਧੀ ਵਿਰੋਧੀ ਹਨ ਅਤੇ ਇਨ੍ਹਾਂ ਦੀ ਪ੍ਰਤੀਨਿਧਤਾ ਨਾਵਲ ਦੇ ਪਤੀ ਪਤਨੀ ਪਾਤਰ ਹਰਿੰਦਰ ਅਤੇ ਪ੍ਰਿਆ ਕਰਦੇ ਹਨ। ਇਹ ਦੋਵੇਂ ਪਾਤਰ ਸ਼ਹਿਰੀ ਮਧਵਰਗੀ ਜੀਵ ਦੀਆਂ ਵਿਸੰਗਤੀਆਂ ਅਤੇ ਦਵੰਦਾਂ ਦਾ ਮਾਰਮਿਕ ਪ੍ਰਗਟਾਵਾ



ਹਨ। ਵਿਆਹ ਦੀ ਸੰਸਥਾ ਵਿਚ ਬੱਝ ਕੇ ਇਹ ਦੋਵੇਂ ਵਿਚਾਰ-ਪੱਧਤੀਆਂ ਜਿਹੜੇ ਵਿਰੋਧ, ਅੰਤਰਵਿਰੋਧ ਅਤੇ ਦਵੰਦ ਹੰਢਾਉਂਦੀਆਂ ਹਨ ਉਹ ਨਾਵਲ ਦੀ ਕਥਾ ਵਸਤੂ ਨੂੰ ਤਣਾਅ ਦਾ ਮਾਹੌਲ ਪ੍ਰਦਾਨ ਕਰਦੀਆਂ ਹਨ। ਇਸ ਤਣਾਅ ਦਾ ਭੰਜਨ ਕਰਨ ਲਈ ਨਾਵਲਕਾਰ ਹਰਿੰਦਰ ਪਾਤਰ 'ਤੇ ਵਿਸ਼ੇਸ਼ ਮਿਹਨਤ ਕਰਦਾ ਉਸਦੇ ਮਾਧਿਅਮ ਨਾਲ ਆਪਣੀ ਨਾਵਲੀ ਦ੍ਰਿਸ਼ਟੀ ਦਾ ਮੁੱਢ ਬੰਨ੍ਹਦਾ ਹੈ। ਲੇਖਕ ਹਰਿੰਦਰ ਵੱਲੋਂ ਖਪਤਵਾਦੀ ਜੀਵਨ-ਜਾਚ ਨੂੰ ਚਲਾ ਕੇ ਮਾਰਨ ਦੀ ਉਤੇਜਨਾ ਅਧੀਨ ਉਕਤ ਪਾਤਰ ਦੇ ਕਿਤਾਬੀ ਅਧਿਐਨ ਅਤੇ ਅਨੁਭਵ ਨੂੰ ਆਪਣੀ ਨਿੱਜੀ ਵਿਚਾਰਧਾਰਕ ਸੁਰ ਦਾ ਵਾਹਨ ਬਣਾ ਲੈਂਦਾ ਹੈ। ਕਈ ਵਾਰ ਨਾਵਲ ਵਿਚੋਂ ਹਰਿੰਦਰ ਅਤੇ ਲੇਖਕ ਵਿਚਕਾਰ ਫਰਕ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਨਾਵਲ ਦੀ ਗਲਪੀ ਵਿਧੀ ਵਿਚ ਆਤਮ ਬਚਨੀ ਤੇ ਭਾਸ਼ਣੀ ਸੁਰ ਦੀ ਬਹੁਤਾਤ ਇਸ ਸੰਕਟ ਨੂੰ ਹੋਰ ਗਹਿਰਾ ਕਰ ਦਿੰਦੀ ਹੈ। ਇਸਦੇ ਬਾਵਜੂਦ ਇਹ ਨਾਵਲ ਜਿਹੜੇ ਨਵੇਂ ਗਲਪੀ ਪਰਿਪੇਖ ਪੈਦਾ ਕਰਦਾ ਹੈ ਉਸ ਅੰਦਰ ਮੱਧਵਰਗੀ ਜੀਵਨ ਦਾ ਸਮਕਾਲ ਦੀ ਖਪਤਵਾਦੀ ਜੀਵਨ-ਜਾਚ ਵਿਚ ਗਲਤਾਨ ਹੋਣਾ ਪ੍ਰਿਆ ਦੇ ਰੂਪ ਵਿਚ ਸਪਲੀਮੈਂਟ ਹੁੰਦਾ ਹੈ। ਪ੍ਰਿਆ ਕਾਲਿਜ ਅਧਿਆਪਕਾ ਹੈ ਜਿਹੜੀ ਬਾਜ਼ਾਰ ਵੱਲੋਂ ਮੀਡੀਆ ਦੇ ਮਾਧਿਅਮ ਨਾਲ ਪੈਦਾ ਕੀਤੀ ਵਸਤਾਂ ਇਕੱਤਰ ਕਰਨ ਅਤੇ ਵਸਤਾਂ ਦੇ ਭੋਗਣ ਨੂੰ ਸੋਸ਼ਲ ਸਟੇਟਸ ਵਜੋਂ ਦੇਖਣ ਵਾਲੀ ਸੋਚ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਸੋਚ ਨੇ ਜਿਹੜਾ ਬੰਦਾ ਅਤੇ ਜਿਹੜਾ ਘਰ ਅੱਜ ਪੈਦਾ ਕੀਤਾ ਹੈ ਉਹ ਨਾਵਲ ਵਿਚ ਪੂਰੀ ਸ਼ਿੱਦਤ ਨਾਲ ਰੂਪਮਾਨ ਹੋਇਆ ਹੈ। ਇਸਦੇ ਨਾਲ ਨਾਲ ਇਸ ਖਪਤਵਾਦ ਨੇ ਬੌਧਿਕ ਤੌਰ 'ਤੇ ਸੰਪੰਨ ਅਤੇ ਚਿੰਤਨਸ਼ੀਲ ਬੰਦੇ ਨੂੰ ਜਿਸ ਕਿਸਮ ਦੀ ਅਜਨਬੀਅਤ ਅਤੇ ਬੇਗਾਨਗੀ ਪ੍ਰਦਾਨ ਕੀਤੀ ਹੈ ਉਹ ਹਰਿੰਦਰ ਦੇ ਰੂਪ ਵਿਚ ਪੇਸ਼ ਹੋਈ ਹੈ। ਇਸਦੇ ਅਨੇਕਾਂ ਗਲਪੀ ਵੇਰਵੇ ਹਰਿੰਦਰ ਅਤੇ ਪ੍ਰਿਆ ਦੇ ਜੀਵਨ ਵਿਹਾਰ ਵਿਚ ਪੇਸ਼ ਹਨ। ਦੋਵੇਂ ਪਤਨੀ ਪਤਨੀ ਨਿੱਕੀ ਨਿੱਕੀ ਨੋਕ ਝੋਕ ਵਿਚ ਰਹਿੰਦੇ ਹਨ ਅਤੇ ਵੱਖੋ ਵੱਖਰੇ ਸਭਿਆਚਾਰਕ ਮਾਹੌਲ ਵਿਚੋਂ ਪੈਦਾ ਹੋਈਆਂ ਇਹ ਸ਼ਖ਼ਸੀਅਤਾਂ ਘਰ ਦੀ ਸੰਸਥਾ ਅੰਦਰ ਇਕ ਦੂਜੇ ਤੋਂ ਵੱਡੀ ਵਿੱਥ ਬਣਾ ਕੇ ਵਿਚਰਦੀਆਂ ਹਨ।

ਨਾਵਲਕਾਰ ਇਸ ਟੈਕਸਟ ਅੰਦਰ ਜਿਹੜਾ ਵੱਡਾ ਸੰਵਾਦ ਪੈਦਾ ਕਰਦਾ ਹੈ ਉਸ ਤਹਿਤ ਸਟੇਟ ਵੱਲੋਂ ਆਪਣੀ ਦਿਸਦੀ ਅਤੇ ਅਣਦਿਸਦੀ ਸੱਤਾ ਦੇ ਵਿਸਥਾਰ ਲਈ ਲੋਕਾਂ ਦੀ ਕੁਦਰਤੀ ਅਤੇ ਸਹਿਜ ਜੀਵਨ-ਜਾਚ ਭੰਗ ਕਰ ਕੇ ਆਪਣੇ ਵੱਲੋਂ ਥੋਪੀ ਜਾਣ ਵਾਲੀ ਜੀਵਨ-ਜਾਚ ਨੂੰ ਸਮਝਣ ਨਾਲ ਜੁੜਿਆ ਹੈ। ਇਹ ਵਰਤਾਰਾ ਮਿਥਿਹਾਸਕ ਕਾਲ ਤੋਂ ਵਰਤਮਾਨ ਤਕ ਬਦਲਵੇਂ ਰੂਪ ਵਿਚ ਹਾਜ਼ਰ ਨਾਜ਼ਰ ਹੈ। ਨਾਵਲ ਦੇ ਸਿਰਲੇਖ ਦੀ ਸਾਰਥਿਕਤਾ ਵੀ ਮਹਾਂਭਾਰਤ ਵੇਲੇ ਕਬੀਲਿਆਂ ਨੂੰ ਉਨ੍ਹਾਂ ਦੇ ਕੁਦਰਤੀ ਜੀਵਨ ਅਤੇ ਸਰੋਤਾਂ ਤੋਂ ਜਬਰੀ ਉਜਾੜ ਕੇ ਰਾਜ ਦੀਆਂ ਨੀਤੀਆਂ ਦੇ ਵਿਸਥਾਰ ਲਈ ਨਵੇਂ ਆਧਾਰ ਪੈਦਾ ਕਰਨ ਦੀ ਹੈ, ਜਿਹੜੀ ਕਿ ਇਸ ਵੇਲੇ ਨਵ ਬਸਤੀਵਾਦੀ ਅਤੇ ਕਾਰਪੋਰੇਟੀ ਵਿਕਾਸ ਮਾਡਲ ਵਜੋਂ ਲੋਕਾਂ 'ਤੇ ਥੋਪੀ ਜਾ ਰਹੀ ਹੈ। ਇਸ ਉਜਾੜੇ ਦਾ ਬਿਰਤਾਂਤ ਖਾਂਡਵ ਜੰਗਲ ਵਿਚ ਕ੍ਰਿਸ਼ਨ ਅਤੇ ਅਰਜੁਨ ਦੀ ਅਗਵਾਈ ਹੇਠ ਸਰੀਰਕ ਬਲ ਦੁਆਰਾ ਨਾਗ ਲੋਕਾਂ ਨੂੰ ਤਬਾਹ ਕਰਨ ਦੀ ਮਿਥਿਹਾਸਕ ਟੈਕਸਟ ਵਿਚ ਦਰਜ ਹੈ। ਪਰ ਇਸ ਵੇਲੇ ਇਸ ਉਜਾੜੇ ਦੀ ਸੰਚਾਲਕ ਕਾਰਪੋਰਟ ਪੂੰਜੀ ਬਣੀ ਹੋਈ ਹੈ ਅਤੇ ਸਰਮਾਏਦਾਰੀ ਵਿਕਾਸ ਮਾਡਲ ਵਿਚ ਮੌਜੂਦ ਖਪਤਵਾਦੀ ਸਭਿਆਚਾਰ ਦੀਆਂ ਜੜ੍ਹਾਂ ਨੂੰ ਹਰਾ ਭਰਿਆ ਰੱਖਿਆ ਜਾ ਰਿਹਾ ਹੈ।

ਨਾਵਲਕਾਰ ਨੇ ਵੈਦਿਕ ਸਾਹਿਤ ਦੇ ਅਨੇਕਾਂ ਹਵਾਲੇ ਦੇ ਕੇ ਇਸ ਸਾਹਿਤ ਪ੍ਰਤੀ ਧਾਰਮਿਕ ਅਤੇ ਸ਼ਰਧਾਲੂ ਪਹੁੰਚ ਨੂੰ ਪੰਕਚਰ ਕਰਨ ਦਾ ਯਤਨ ਕੀਤਾ ਹੈ। ਇਸ ਸਾਹਿਤ ਦੁਆਰਾ ਤਤਕਾਲ ਦੇ ਸਮਾਜ, ਸੰਸਕ੍ਰਿਤੀ ਅਤੇ ਰਾਜ ਦੇ ਸੰਕਲਪ ਅਤੇ ਮਨੁੱਖੀ ਰਿਸ਼ਤਿਆਂ ਦੀ ਵਿਆਕਰਣ ਨੂੰ ਸਮਝਣ ਦਾ ਉੱਦਮ ਕੀਤਾ ਹੈ। ਮਿਥਿਹਾਸ ਅਤੇ ਇਤਿਹਾਸ ਪ੍ਰਤੀ ਇਸ ਦ੍ਰਿਸ਼ਟੀ ਦਾ ਪ੍ਰਗਟਾਵਾ ਕਈ ਇਤਿਹਾਸਕਾਰਾਂ ਦੀਆਂ ਕ੍ਰਿਤਾਂ ਵਿਚ ਵੀ ਦਰਜ ਹੈ ਪਰ ਲੇਖਕ ਨੇ ਨਾਵਲੀ ਵਿਧਾ ਨੂੰ ਆਧਾਰ ਬਣਾ

ਕੇ ਸਮਕਾਲ ਨੂੰ ਸਮਝਣ ਲਈ ਮਿਥਿਹਾਸ ਦੇ ਕਈ ਕਾਂਡ ਆਪਣੇ ਚਿੰਤਨ ਦਾ ਆਧਾਰ ਬਣਾਏ ਹਨ। ਇਸ ਨਾਲ ਕਈ ਵਾਰ ਨਾਵਲ ਅੰਦਰ ਰਮਾਇਣ ਤੇ ਮਹਾਂਭਾਰਤ ਵਰਗੇ ਗ੍ਰੰਥਾਂ ਨੂੰ ਮਨ-ਇੱਛਤ ਪ੍ਰਸੰਗ ਵੀ ਮਿਲਦੇ ਦਿਸਦੇ ਹਨ। ਨਾਵਲ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਸਮਕਾਲੀ ਗਲਪ ਚਿੰਤਨ ਨੂੰ ਮਿਥਿਹਾਸ ਅਤੇ ਪ੍ਰਾਚੀਨ ਇਤਿਹਾਸ ਤਕ ਫੈਲਾ ਕੇ ਇਸ ਪ੍ਰਤੀ ਤਾਰਕਿਕ ਦ੍ਰਿਸ਼ਟੀ ਰੱਖੀ ਗਈ ਹੈ। ਇਸ ਗਲਪ ਦ੍ਰਿਸ਼ਟੀ ਦੀਆਂ ਕਈ ਖੋਟਾਂ ਹੋ ਸਕਦੀਆਂ ਹਨ ਜੋ ਕਿ ਸੰਵਾਦ ਦੀਆਂ ਸੰਭਾਵਨਾਵਾਂ ਵਾਲੀਆਂ ਹਨ। ਮਾਰਕਸੀ ਦ੍ਰਿਸ਼ਟੀ ਵਾਲਾ ਲੇਖਕ ਜਦੋਂ ਆਪਣੇ ਨਾਵਲ ਵਿਚ ਭਾਰਤ ਦੇ ਪ੍ਰਾਚੀਨ ਸਨਾਤਨ ਧਰਮ ਦੇ ਗ੍ਰੰਥਾਂ ਨੂੰ ਨਵੇਂ ਵਿਚਾਰਧਾਰਕ ਸੰਵਾਦ ਦੁਆਰਾ ਪ੍ਰਸਤੁਤ ਕਰਦਾ ਹੈ ਤਾਂ ਇਹ ਸਮੁੱਚੇ ਨਾਵਲ ਦੀ ਇਕ ਪ੍ਰਾਪਤੀ ਬਣ ਕੇ ਉਭਰਦਾ ਹੈ। ਨਾਵਲ ਵਿਚ ਲੇਖਕ ਨੇ ਚੇਤਨਾ ਪ੍ਰਵਾਹ, ਪਾਤਰਾਂ ਦੀ ਮਨਬਚਨੀ, ਸੂਤਰਧਾਰਕ ਟਿੱਪਣੀਆਂ ਸਮੇਤ ਬਿਰਤਾਂਤ ਦੇ ਬਦਲਵੇਂ ਫੋਕਸੀਕਰਨ ਦੀਆਂ ਜੁਗਤਾਂ ਵਰਤ ਕੇ ਨਾਵਲ ਨੂੰ ਰੌਚਿਕ ਅਤੇ ਪੜ੍ਹਨਯੋਗ ਬਣਾਇਆ ਹੈ। ਹਰਿੰਦਰ ਪਾਤਰ ਦਾ ਕਿਤਾਬੀ ਅਧਿਐਨ ਅਤੇ ਇਸ ਬਾਰੇ ਆਪਣੇ ਦੋਸਤਾਂ ਨਾਲ ਸੰਵਾਦ ਨਾਵਲਕਾਰ ਦੀ ਕਥਾ-ਦ੍ਰਿਸ਼ਟੀ ਦੀ ਸਪੱਸ਼ਟਤਾ ਵਿਚ ਬੇਹੱਦ ਕਾਰਗਰ ਨਾਵਲੀ ਜੁਗਤ ਬਣ ਕੇ ਉਭਰੀ ਹੈ। ਨਾਵਲ ਦੇ ਆਰੰਭ ਵਿਚ ਗੁਰੂ ਨਾਨਕ ਦੇਵ ਜੀ ਵੱਲੋਂ ਰਚਿਤ 'ਬਾਬਰ ਬਾਣੀ' ਦਾ ਸ਼ਬਦ *"ਇਸ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ , ਪਾਪਾ ਬਾਝਹੁ ਹੋਵੈ ਨਾਹੀਂ ਮੁਇਆ ਸਾਥਿ ਨਾ ਜਾਈ"* ਇਸ ਨਾਵਲ ਵਿਚ ਸਮਕਾਲ ਦੀ ਬੇਲਗਾਮ ਅਤੇ ਅੱਥਰੀ ਵਿੱਤੀ ਪੂੰਜੀ ਤੋਂ ਪੈਦਾ ਹੋਏ ਖਪਤਵਾਦੀ ਰੁਝਾਨਾਂ ਤੇ ਮਾਨਵੀ ਸੰਤਾਪ ਵੱਲ ਖੂਬਸੂਰਤ ਇਸ਼ਾਰਾ ਹੈ। ਪੰਜਾਬੀ ਨਾਵਲ ਨਿਗਾਰੀ ਵਿਚ ਇਹ ਨਾਵਲ ਕਈ ਕੋਣਾਂ ਤੋਂ ਸੰਵਾਦਮਈ ਹੈ। **-ਜੇ.ਬੀ. ਸੇਖੋਂ**

## ਜ਼ਨਾਨੀ ਪੌਦ (ਕਹਾਣੀ ਸੰਗ੍ਰਹਿ) ਕੇਸਰਾ ਰਾਮ

ਕੇਸਰਾ ਰਾਮ ਦੇ ਹੱਥਲੇ ਕਹਾਣੀ ਸੰਗ੍ਰਹਿ ਤੋਂ ਪਹਿਲਾਂ ਚਾਰ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ। ਇਸਤੋਂ ਇਲਾਵਾ ਅਨੇਕਾਂ ਰਾਜਸਥਾਨੀ ਤੇ ਹਿੰਦੀ ਕਹਾਣੀਆਂ ਦਾ ਉਸਨੇ ਅਨੁਵਾਦ ਕੀਤਾ ਹੈ। ਆਪਣੀ ਕਹਾਣੀ ਦੀ ਵਿਸ਼ੇਗਤ ਤੇ ਕਲਾਤਮਕ ਵਿਸ਼ੇਸ਼ਤਾ ਦੇ ਨਾਲ-ਨਾਲ ਆਪਣੀ ਸਿਆਸੀ ਚੇਤਨਾ ਦੀ ਵਿਅੰਗਮਈ ਪੇਸ਼ਕਾਰੀ ਕਾਰਨ ਕੇਸਰਾ ਰਾਮ ਹਰਿਆਣਾ ਨਾਲੋਂ ਪੰਜਾਬ ਵਿਚ ਵਧੇਰੇ ਸ਼ਿੱਦਤ ਨਾਲ ਪੜ੍ਹਿਆ ਜਾਣ ਵਾਲਾ ਕਹਾਣੀਕਾਰ ਹੈ। ਉਸਦੀਆਂ ਕਹਾਣੀਆਂ ਵਿਚ ਸੰਕਟਮਈ ਸਮਕਾਲੀ ਸਮਾਜ ਦੀਆਂ ਆਰਥਿਕ, ਧਾਰਮਿਕ, ਸਭਿਆਚਾਰਕ ਅਤੇ ਵਿਸ਼ੇਸ਼ ਕਰ ਨੈਤਿਕ ਵਿਸੰਗਤੀਆਂ ਦੀ ਪੇਸ਼ਕਾਰੀ ਹੋਈ ਹੈ। ਸਾਡੇ ਸਮਾਜ ਵਿਚ ਲਿੰਗ ਵਿਤਕਰੇ ਤੇ ਬਰਾਬਰੀ ਦੀ ਗੱਲ ਸਾਹਿਤ ਦੀ ਹਰ ਵਿਧਾ ਵਿਚ ਪੇਸ਼ ਹੁੰਦੀ ਹੈ। ਕੇਸਰਾ ਰਾਮ ਨੇ ਇਸਨੂੰ ਵਿਅੰਗਾਤਮਕ ਤੇ ਤੁਲਨਾਤਮਕ ਜੁਗਤਾਂ ਰਾਹੀਂ ਪੇਸ਼ ਕਰਦਿਆਂ ਸਮਾਜ ਦੀਆਂ ਅਨੇਕਾਂ ਪਰਤਾਂ ਖੋਲ੍ਹੀਆਂ ਹਨ। ਹਰਿਆਣਾ ਦੇ ਸਿਆਸੀ ਧਰਾਤਲ ਦੇ ਵਿਸ਼ੇਸ਼ ਪ੍ਰਸੰਗ ਵਿਚ ਅਣਖ-ਸਵੈਮਾਣ ਲਈ ਹੁੰਦੇ ਕਤਲਾਂ ਪਿੱਛੇ ਕੰਮ ਕਰਦੀ ਪਰੰਪਰਕ ਸੋਚ ਤੇ ਨਵੀਨ ਸੋਚ ਦਾ ਟਕਰਾਓ ਸਿਰਜਿਆ ਹੈ। ਪੂੰਜੀਵਾਦ ਦੀ ਚਕਾਚੌਂਧ ਵਿਚ ਸੋਹਜ ਦੇ ਭੁਲੇਖੇ ਕੋਹਜ ਨਾਲ ਜੁੜ ਰਹੇ ਮਨੁੱਖ ਦੀ ਤ੍ਰਾਸਦੀ ਅਤੇ ਹਾਕਮ ਜਮਾਤ ਵੱਲੋਂ ਫੈਲਾਈ ਜਾਣ ਵਾਲੀ ਭ੍ਰਾਂਤੀ ਮੂਲਕ ਚੇਤਨਾ ਦਾ ਸ਼ਿਕਾਰ ਹੋ ਰਹੇ ਮਨੁੱਖ ਦੀ ਹੜਬੜਾਹਟ ਨੂੰ ਕਲਾਤਮਕ ਢੰਗ ਨਾਲ ਚਿਤਰਿਆ ਹੈ।

ਜਦੋਂ ਤੋਂ ਮਨੁੱਖੀ ਸਮਾਜ ਨਾਰੀ ਤੋਂ ਪੁਰਸ਼ ਪ੍ਰਧਾਨ ਹੋਇਆ ਹੈ ਉਦੋਂ ਤੋਂ ਵਿਰਸੇ ਦਾ ਵਾਰਿਸ ਪ੍ਰਾਪਤ ਕਰਨ ਦੀ ਮਨੁੱਖੀ ਲਾਲਸਾ ਵੱਧਦੀ ਗਈ ਹੈ। ਪਹਿਲਾਂ ਜਿੱਥੇ ਕੁੜੀਆਂ ਨੂੰ ਕੁੱਖ ਵਿਚ ਮਾਰਨ ਦਾ ਕੰਮ ਵਿਸ਼ੇਸ਼ ਬੁੱਢੀਆਂ ਕਰਦੀਆਂ ਸਨ, ਉੱਥੇ ਹੁਣ ਇਹ ਕੰਮ ਮਸ਼ੀਨਾਂ ਕਰਦੀਆਂ ਹਨ। ਕੇਸਰਾ ਰਾਮ ਨੇ ਵਿਰਸੇ ਦਾ ਵਾਰਿਸ ਪ੍ਰਾਪਤ ਕਰਨ ਦੀ ਲਾਲਸਾ ਨੂੰ ਮਨੁੱਖੀ ਸਵਾਰਥ ਤੇ ਮੁਨਾਫ਼ੇ ਦੀ



ਬਿਰਤੀ ਨਾਲ ਜੋੜ ਕੇ ਪੇਸ਼ ਕੀਤਾ ਹੈ। 'ਜ਼ਨਾਨੀ ਪੌਦ' ਕਹਾਣੀ ਇਸਦੀ ਕਲਾਤਮਕ ਪੇਸ਼ਕਾਰੀ ਹੈ। ਮਨੁੱਖ ਦੀ ਸਵਾਰਥੀ ਮੁਨਾਫ਼ਾ ਬਿਰਤੀ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਲੱਗ ਜਾਂਦਾ ਹੈ ਕਿ ਇਹੀ ਮਨੁੱਖ ਮੱਝਾਂ ਤੋਂ ਕੱਟੀਆਂ ਭਾਲਦਾ ਹੈ ਜਦਕਿ ਔਰਤਾਂ ਤੋਂ ਮੁੰਡੇ। ਇਸੇ ਸੋਚ ਤਹਿਤ ਮੁੰਡਾ ਜੰਮਣ ਵਾਲੀ ਔਰਤ ਨੂੰ ਮੁਕੰਮਲ ਸਮਝਿਆ ਜਾਂਦਾ ਹੈ। ਕਹਾਣੀ ਦੋ ਸਹੇਲੀਆਂ ਪ੍ਰੀਤੀ ਅਤੇ ਸਵੀਟੀ ਦੇ ਜੀਵਨ ਬਿਰਤਾਂਤ ਨਾਲ ਸੰਬੰਧਤ ਹੈ। ਦੋਹਾਂ ਸਹੇਲੀਆਂ ਦਾ ਦੁਖਾਂਤ ਤੇ ਉਸਦਾ ਕਾਰਨ ਸਾਂਝਾ ਹੈ। ਪਰ ਇਸਦਾ ਹੱਲ ਉਹ ਵੱਖਰੇ-ਵੱਖਰੇ ਢੰਗ ਨਾਲ ਕਰਦੀਆਂ ਹਨ। ਸਵੀਟੀ ਵਾਰ-ਵਾਰ ਕੀਤੇ ਜਾਣ ਵਾਲੇ ਅਬੌਰਸ਼ਨ ਤੋਂ ਬਚਣ ਲਈ ਨਸਬੰਦੀ ਕਰਵਾ ਲੈਂਦੀ ਹੈ। ਦੂਜੇ ਪਾਸੇ ਲੇਖਕ ਨੇ ਪ੍ਰੀਤੀ ਦੇ ਮਾਂ ਬਣਨ ਦਾ ਰਹੱਸ ਪਾਠਕ ਦੇ ਸੋਚਣ ਲਈ ਖੁੱਲ੍ਹਾ ਛੱਡਿਆ ਹੈ। ਬਾਬੇ ਦੀ ਕੁਟੀਆ ਤੋਂ ਵਾਪਸ ਆਉਂਦੇ ਹੋਏ ਫਰਟੀਲਿਟੀ ਹਸਪਤਾਲ ਅਤੇ ਨੱਥੇ ਤਾਏ ਦਾ ਸੰਕੇਤਕ ਜ਼ਿਕਰ ਸਪੱਸ਼ਟ ਕਰਦਾ ਹੈ ਕਿ ਪ੍ਰੀਤੀ ਦਾ ਪਤੀ ਬਖਸ਼ੀਸ਼ ਬੱਚਾ ਪੈਦਾ ਕਰਨ ਦੇ ਸਮਰੱਥ ਨਹੀਂ ਹੈ। ਇਹੀ ਕਾਰਨ ਹੈ ਕਿ ਜਦੋਂ ਪ੍ਰੀਤੀ ਮਾਂ ਬਣਨ ਦੀ ਖੁਸ਼ੀ ਉਸ ਨਾਲ ਸਾਂਝੀ ਕਰਦੀ ਹੈ ਤਾਂ ਉਹ ਉਸਨੂੰ ਬੁਰੀ ਤਰ੍ਹਾਂ ਕੁੱਟਦਾ ਹੈ। ਪ੍ਰੀਤੀ ਜਦੋਂ ਬਖਸ਼ੀਸ਼ ਤੇ ਬਾਕੀ ਪਰਿਵਾਰ ਦੀ ਅਧੀਨਗੀ ਤੇ ਡਰ ਵਿਚ ਜਿਉਂ ਰਹੀ ਹੁੰਦੀ ਹੈ ਤਾਂ ਉਸਨੂੰ ਸੱਪਾਂ ਦੇ ਸੁਪਨੇ ਆਉਂਦੇ ਹਨ ਪਰ ਮਾਂ ਬਣਨ ਉਪਰੰਤ ਉਸਨੂੰ ਆਪਣੀ ਅਰਥਹੀਣ ਜ਼ਿੰਦਗੀ ਦਾ ਮਕਸਦ ਨਜ਼ਰ ਆਉਣ ਲੱਗਦਾ ਹੈ। ਇਸ ਆਤਮ ਵਿਸ਼ਵਾਸ਼ ਕਾਰਨ ਉਸਨੂੰ ਸ਼ੇਰਾਂ ਬਘਿਆੜਾਂ ਦੇ ਸੁਪਨੇ ਆਉਂਦੇ ਹਨ। ਮਾਨਸਿਕਤਾ ਵਿਚ ਆਈ ਇਸ ਤਬਦੀਲੀ ਨੂੰ ਕੇਸਰਾ ਰਾਮ ਨੇ ਬਾਖੂਬੀ ਪੇਸ਼ ਕੀਤਾ ਹੈ।

ਕੇਸਰਾ ਰਾਮ ਦੀਆਂ ਕਹਾਣੀਆਂ ਦੀ ਸਥਾਨਕ ਵਿਸ਼ੇਸ਼ਤਾ ਹਰਿਆਣਵੀ ਸਮਾਜ ਦੀਆਂ ਸਭਿਆਚਾਰਕ, ਮਾਨਸਿਕ ਅਤੇ ਨੈਤਿਕ ਪੱਖ ਤੋਂ ਕਈ ਅਹਿਮ ਪਰਤਾਂ ਨੂੰ ਉਜਾਗਰ ਕਰਨਾ ਹੈ। 'ਜ਼ਨਾਨੀ ਪੌਦ' ਤੋਂ ਇਲਾਵਾ 'ਤੇਰੀ ਗੋਤਣ ਬਿਆਹ ਕੈ ਲਿਆਰਯਾ ਸੂੰ 'ਅਤੇ 'ਬੇਟੀ ਕਾ ਬਾਪ' ਕਹਾਣੀਆਂ ਵਿਚ ਹਰਿਆਣਵੀ ਸਮਾਜ ਦੀਆਂ ਅਨੇਕਾਂ ਪਰਤਾਂ ਰੂਪਮਾਨ ਹੁੰਦੀਆਂ ਹਨ। ਵੈਸੇ ਤਾਂ ਪੰਜਾਬੀ ਸਮਾਜ ਵਿਚ ਵੀ ਔਰਤ ਦੀ ਸਥਿਤੀ ਤਰਸਯੋਗ ਹੈ ਪਰ ਹਰਿਆਣਵੀ ਸਮਾਜ ਵਧੇਰੇ ਬੰਦਸ਼ਾਂ ਵਾਲਾ ਹੋਣ ਕਾਰਨ ਵਧੇਰੇ ਸਖਤ ਹੈ। ਇਸ ਸਮਾਜ ਵਿਚ ਧੀ ਦਾ ਪਿਉ ਹੋਣਾ ਗਾਲ੍ਹ ਦੇ ਬਰਾਬਰ ਸਮਝਿਆ ਜਾਂਦਾ ਹੈ। 'ਬੇਟੀ ਕਾਂ ਬਾਪ' ਕਹਾਣੀ ਰਾਹੀਂ ਕੇਸਰਾ ਰਾਮ ਨੇ ਇਸ ਮਾਨਸਿਕਤਾ ਨੂੰ ਪੇਸ਼ ਕਰਦਿਆਂ ਪਰੰਪਰਕ ਅਤੇ ਨਵੀਨ ਵਿਚਾਰਾਂ ਦਾ ਟਕਰਾਓ ਵੀ ਪੇਸ਼ ਕੀਤਾ ਹੈ। ਪਹਿਲਾਂ ਜਿੱਥੇ ਧੀ ਨੂੰ ਪੈਦਾ ਹੋਣ ਤੋਂ ਬਾਅਦ ਮਾਰ ਦਿੱਤਾ ਜਾਂਦਾ ਸੀ, ਉੱਥੇ ਹੁਣ ਧੜਾ-ਧੜ ਖੁੱਲ੍ਹੇ ਟੈਸਟ ਸੈਂਟਰਾਂ ਵਿਚ ਮਸ਼ੀਨਾਂ ਰਾਹੀਂ ਹੋਣ ਵਾਲੇ ਬੱਚੇ ਦਾ ਲਿੰਗ ਪਤਾ ਕਰਵਾ ਕੇ ਕੁੱਖ ਵਿਚ ਹੀ ਮਾਰ ਦਿੱਤਾ ਜਾਂਦਾ ਹੈ। ਵਿਰਸੇ ਦਾ ਵਾਰਿਸ ਪ੍ਰਾਪਤ ਕਰਨ ਦੀ ਲਾਲਸਾ ਸਮਾਜ ਦੇ ਹਰ ਵਰਗ ਵਿਚ ਓਨੀ ਹੀ ਪ੍ਰਬਲ ਹੈ। ਕਹਾਣੀ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਡਾਕਟਰ ਵੀ ਇਸ ਮਾਨਸਿਕਤਾ ਤੋਂ ਬਚੇ ਹੋਏ ਨਹੀਂ। ਪਰੰਤੂ ਡਾਕਟਰ ਰਣਬੀਰ ਮਲਿਕ ਦੇ ਬਿਰਤਾਂਤ ਰਾਹੀਂ ਕੇਸਰਾ ਰਾਮ ਨੇ ਇਸ ਮਾਨਸਿਕਤਾ ਵਿਚ ਆ ਰਹੇ ਬਦਲਾਵ ਨੂੰ ਪੇਸ਼ ਕੀਤਾ ਹੈ। ਜਿੱਥੇ ਡਾ. ਅਮਿਤ ਵਰਗੇ ਆਪਣੀ ਪਤਨੀ ਪ੍ਰੋਫ਼ੈਸਰ ਮੰਜੂ ਤੋਂ ਮੁੰਡਾ ਚਾਹੁੰਦੇ ਹਨ, ਉੱਥੇ ਰਣਬੀਰ ਮਲਿਕ ਵਰਗੇ ਦੋ ਕੁੜੀਆਂ ਤੋਂ ਬਾਅਦ ਵੀ ਤੀਜੀ ਕੁੜੀ ਹੋਣ 'ਤੇ ਬਰਫੀ ਵੰਡ ਕੇ ਖੁਸ਼ੀ ਮਨਾਉਂਦੇ ਹਨ। ਅਜਿਹੀ ਪਹਿਲਕਦਮੀ ਦੀ ਸਮਾਜ ਨੂੰ ਸਖਤ ਲੋੜ ਹੈ, ਨਹੀਂ ਤਾਂ 'ਤੇਰੀ ਗੋਤਣ ਬਿਆਹ ਕੈ ਲਿਆਰਯਾ ਸੂੰ' ਕਹਾਣੀ ਦੇ ਸ਼ਮਸ਼ੇਰ ਨੂੰ ਅਣਖ ਪਿੱਛੇ ਕਤਲ ਕਰਨ ਵਾਲੇ ਬਲਦੇਵ ਵਰਗਿਆਂ ਦੀ ਗਿਣਤੀ ਵਧ ਜਾਵੇਗੀ। ਬਲਦੇਵ ਉੱਪਰ ਖਾਪ ਨਿਯਮਾਂ ਦਾ ਅਸਰ ਐਨਾ ਵਧ ਜਾਂਦਾ ਹੈ ਕਿ ਉਹ ਆਪਣੇ ਦੋਸਤ ਦੇ ਮਜ਼ਾਕ ਵਿਚ ਕਹੇ ਸ਼ਬਦਾਂ ਕਿ, "ਤੇਰੀ ਗੋਤਣ ਬਿਆਹ ਕੈ ਲਿਆਰਯਾ ਸੂੰ" ਬਦਲੇ ਉਸਦੀ ਜਾਨ ਲੈ ਲੈਂਦਾ ਹੈ।

ਸਮਾਜਕ ਵਿਕਾਸ ਦੀ ਅੱਜੋਕੀ ਅਵਸਥਾ ਨੂੰ ਨਵ ਪੂੰਜੀਵਾਦ ਕਿਹਾ ਜਾਂਦਾ ਹੈ ਜਿਸ ਦਾ ਵਾਸੀ ਮਨੁੱਖ ਅਸ਼ਾਂਤੀ ਤੇ ਭਟਕਣਾ ਹੰਢਾਉਂਦਾ ਹੈ। ਇਸ ਦੌਰ ਵਿਚ ਪੂੰਜੀ ਦੇ ਸਿਵਾ ਕੁਝ ਵੀ ਹੰਢਣਸਾਰ ਤੇ ਭਰੋਸੇਯੋਗ ਨਹੀਂ ਰਿਹਾ। ਇਸ਼ਤਿਹਾਰਬਾਜ਼ੀ, ਫੋਕਾ ਜਮਾਤੀ ਦਿਖਾਵਾ, ਨਿੱਸਲਤਾ ਆਦਿ ਇਸ ਦੌਰ ਦੇ ਵਿਸ਼ੇਸ਼ ਪਛਾਣ ਚਿੰਨ੍ਹ ਹਨ। ਹਾਕਮ ਜਮਾਤਾਂ ਭ੍ਰਾਂਤੀ ਮੂਲਕ ਚੇਤਨਾ ਦੇ ਪਾਸਾਰ ਰਾਹੀਂ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਈ ਰੱਖਦੀਆਂ ਹਨ। ਸਫਾਈ ਅਭਿਆਨਾਂ ਜਾਂ ਹੋਰ ਸਕੀਮਾਂ ਰਾਹੀਂ ਬਸਤੀਆਂ ਦਾ ਉਜਾੜਾ ਕੀਤਾ ਜਾਂਦਾ ਹੈ। 'ਦਰਵਾਜ਼ਾ ਬੰਦ' ਅਤੇ 'ਪਲੇਸ ਵੈਲਿਊ' ਕਹਾਣੀਆਂ ਪੂੰਜੀਵਾਦ ਦੇ ਅਜਿਹੇ ਕਿਰਦਾਰ ਨੂੰ ਨੰਗਾ ਕਰਦੀਆਂ ਹਨ। ਪ੍ਰਬੰਧ ਵਿਅਕਤੀ ਨੂੰ ਆਪਣੇ ਹਿਸਾਬ ਨਾਲ ਚਲਾਉਂਦਾ ਹੈ। ਬੰਦਾ ਵਸਤ ਵਾਂਗ ਆਪਣੀ ਕੀਮਤ ਪਵਾਉਂਦਾ ਹੈ। 'ਪਲੇਸ ਵੈਲਿਊ' ਕਹਾਣੀ ਦਾ ਬਿਰਤਾਂਤ ਪਦਾਰਥਕ ਸੁਖ ਸਹੂਲਤਾਂ ਪਿੱਛੇ ਦੌੜ ਰਹੇ ਵਿਅਕਤੀਆਂ ਦਾ ਸੁੰਗੜਾਅ ਪੇਸ਼ ਕਰਦਾ ਹੈ। ਸਹੂਲਤਾਂ ਦੇ ਆਦੀ ਮਨੁੱਖ ਨੇ ਆਪਣੀ ਕੀਮਤ ਘਟਾ ਲਈ ਹੈ ਤੇ ਵਸਤਾਂ, ਥਾਵਾਂ ਆਦਿ ਦੀ ਕੀਮਤ ਵਧਾ ਦਿੱਤੀ ਹੈ। ਇਸੇ ਤਰ੍ਹਾਂ 'ਦਰਵਾਜ਼ਾ ਬੰਦ' ਕਹਾਣੀ ਵਿਚ ਸੱਤਾ ਵੱਲੋਂ ਲੋਕਾਂ ਨੂੰ ਬਾਹਰ ਖੁੱਲ੍ਹੇ ਵਿਚ ਸ਼ੌਚਾਲਯ ਜਾਣ ਦੀ ਥਾਂ ਬੰਦ ਦਰਵਾਜ਼ੇ ਵਿਚ ਜਾਣ ਲਈ ਪ੍ਰੇਰਤ ਕਰਨ ਦਾ ਬਿਰਤਾਂਤ ਸਭ ਅਸਲ ਵਿਚ ਦਿਖਾਵਾ ਮਾਤਰ ਹੋ ਨਿਬੜਦਾ ਹੈ. ਜਿੱਥੇ ਸਿਰ ਢਕਣ ਲਈ ਛੱਤ ਤੇ ਚਾਰ ਕੰਧਾਂ ਦੀ ਓਟ ਤਕ ਤਾਂ ਲੋਕਾਂ ਨੂੰ ਨਸੀਬ ਨਹੀਂ।

ਪੂੰਜੀਵਾਦ ਦੇ ਇਸ ਗਲੋਬਲੀ ਵਿਹਾਰ ਕਾਰਨ ਸਥਾਨਕਤਾ ਤੇ ਲਘੂਤਾ ਖਤਮ ਹੋ ਰਹੀ ਹੈ। ਵਿਅਕਤੀ ਹਰ ਕਿਸਮ ਦੀ ਪਰੰਪਰਾ ਨਾਲੋਂ ਟੁੱਟ ਕੇ ਆਧੁਨਿਕਤਾ ਤੇ ਉਸ ਤੋਂ ਵੀ ਅੱਗੇ ਉਤਰ ਆਧੁਨਿਕਤਾ ਦੇ ਨਾਂਅ ਹੇਠ ਬਹੁਤ ਕੁਝ ਅਜਿਹਾ ਕਰਨ ਲੱਗੇ ਹਨ ਜਿਸ ਨਾਲ ਸਮਾਜਕ, ਆਰਥਿਕ ਤੇ ਨੈਤਿਕ ਬਣਤਰ ਗੜਬੜਾ ਗਈ ਹੈ। 'ਪਿੰਡਾਂ ਵਿਚੋਂ ਪਿੰਡ ਸੁਣੀਂਦਾ' ਕਹਾਣੀ ਇਸਦੀ ਭਾਵਪੂਰਤ ਪੇਸ਼ਕਾਰੀ ਹੈ। ਬਿਹਾਰ ਤੋਂ ਜੂਨੀਅਰ ਇੰਜਨੀਅਰ ਸੰਤੋਸ਼ ਆਨੰਦ ਝਾਅ ਮਾਲਵੇ ਦੇ ਪਿੰਡਾਂ ਦਾ ਪੁਰਾਣਾ ਰਹਿਣ-ਸਹਿਣ, ਖਾਣ-ਪੀਣ, ਰਸਮੋ-ਰਿਵਾਜ ਤੇ ਹੋਰ ਸਮਾਜਕ ਪ੍ਰਬੰਧ ਦੇਖਣ ਦਾ ਇੱਛੁਕ ਹੈ। ਉਸਦੇ ਮਨ ਵਿਚ ਵਸਿਆ ਮਾਲਵੇ ਦਾ ਇਹ ਅਕਸ ਸਾਹਿਤ ਰਾਹੀਂ ਗ੍ਰਹਿਣ ਕੀਤਾ ਹੋਇਆ ਹੈ। ਬਦਲਦੇ ਸਮਾਜਕ ਯਥਾਰਥ ਨਾਲ ਮਾਲਵੇ ਵਿਚ ਸਭ ਕੁਝ ਬਦਲ ਚੁੱਕਾ ਹੈ। ਮੈਂ ਪਾਤਰ ਇਸ ਦੁਬਿਧਾ ਕਾਰਨ ਸੰਤੋਸ਼ ਦੀ ਕੋਈ ਵੀ ਇੱਛਾ ਪੂਰੀ ਨਹੀਂ ਕਰ ਸਕਦਾ। ਉਸਦੀ ਵਿਦਾਇਗੀ ਸਮੇਂ ਦਿੱਤੇ ਪਿੰਡ ਦੇ ਮਾਡਲ ਵਿਚ ਇਕ ਪਾਸਿਓਂ ਦੇਖਣ 'ਤੇ ਪਿੰਡ ਗੁਆਚ ਜਾਂਦਾ ਹੈ। ਗੁਆਚਿਆ ਹੋਇਆ ਪਿੰਡ ਅੱਜੋਕੇ ਪੰਜਾਬ ਦੇ ਬਦਲਦੇ ਸਮਾਜਕ ਯਥਾਰਥ ਦਾ ਚਿਹਨ ਹੈ।

ਕੇਸਰਾ ਰਾਮ ਆਪਣੀਆਂ ਕਹਾਣੀਆਂ ਵਿਚ ਵਿਅੰਗ ਦੀ ਚੋਭ ਲਾ ਕੇ ਸਮਾਜਕ ਬੁਰਾਈਆਂ ਨੂੰ ਨਿੰਦਦਾ ਭੰਡਦਾ ਹੈ। ਉਸਦੀ ਕਹਾਣੀ ਵਿਚ ਅੱਜੋਕੀ ਕਹਾਣੀ ਕਲਾ ਦੇ ਮੁਤਾਬਕ ਬਣਦਾ ਗਹਿਰਾਅ ਹੈ। ਉਸਦੀਆਂ ਕਹਾਣੀਆਂ ਦੇ ਪਲਾਟ ਵਧੇਰੇ ਲੰਬੇ ਤੇ ਲਟਕਵੇਂ ਹੋਣ ਦੇ ਬਾਵਜੂਦ ਉਹਨਾਂ ਦੀ ਬੁਣਤਰ ਵਿਚ ਸੰਘਣਾਪਣ ਹੈ। ਇੱਕਾ-ਦੁੱਕਾ ਕਹਾਣੀਆਂ ਜਿਵੇਂ 'ਦਰਵਾਜ਼ਾ ਬੰਦ' ਤੇ 'ਪਲੇਸ ਵੈਲਿਊ' ਵਿਚ ਇਹ ਬਿਰਤਾਂਤ ਕਿਤੇ ਕਿਤੇ ਨੀਰਸ ਜਾਪਣ ਲੱਗਦਾ ਹੈ ਪਰ ਇਸਦੀ ਵਿਸ਼ੈਗਤ ਅਹਿਮੀਅਤ ਉਸੇ ਤਰ੍ਹਾਂ ਬਰਕਰਾਰ ਰਹਿੰਦੀ ਹੈ। ਕੁੱਲ ਮਿਲਾ ਕੇ ਕੇਸਰਾ ਰਾਮ ਦਾ ਇਹ ਕਹਾਣੀ ਸੰਗ੍ਰਹਿ ਸਮਕਾਲੀ ਸੰਕਟਾਂ ਦੀ ਸਸ਼ੱਕਤ ਪੇਸ਼ਕਾਰੀ ਕਰਦਾ ਹੈ।

**-ਹਰਿੰਦਰ ਸਿੰਘ**

## ਚੁੱਪ ਮਹਾਂਭਾਰਤ (ਕਹਾਣੀ ਸੰਗ੍ਰਹਿ) ਪਰਮਜੀਤ ਢੀਂਗਰਾ

ਪੰਜਾਬੀ ਦੇ ਪ੍ਰੋਫੈਸਰ, ਭਾਸ਼ਾ-ਵਿਗਿਆਨੀ ਤੇ ਸਾਹਿਤ-ਚਿੰਤਕ ਵਾਲੀਆਂ ਭੂਮਿਕਾਵਾਂ ਨਿਭਾਉਣ ਵਾਲੇ ਪਰਮਜੀਤ ਢੀਂਗਰਾ ਨੇ 'ਚੁੱਪ ਮਹਾਂਭਾਰਤ' (ਪੰਨੇ 143, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ) ਨਾਂ ਦੇ ਪਲੇਠੀ ਦੇ ਕਹਾਣੀ-ਸੰਗ੍ਰਹਿ ਨੂੰ ਸਿਰਜ ਕੇ ਇਕ ਗਲਪਕਾਰ



ਵਾਲੀ ਭੂਮਿਕਾ ਵੀ ਨਿਭਾਈ ਹੈ। ਬਤੌਰ ਕਹਾਣੀਕਾਰ ਉਸਨੇ ਇਸ ਸੰਗ੍ਰਹਿ ਵਿਚ ਅੱਜੋਕੇ ਜ਼ਹਿਰੀਲੇ ਦੌਰ ਵਿਚ ਜੀਅ ਰਹੇ ਉਹਨਾਂ ਵਿਅਕਤੀਆਂ ਦਾ ਜੀਵਨ-ਬਿਰਤਾਂਤ ਪੇਸ਼ ਕੀਤਾ ਹੈ ਜਿਹਨਾਂ ਦੀਆਂ ਜੀਭਾਂ ਨੂੰ ਠਾਕਣ ਲਈ ਫਾਸ਼ੀਵਾਦੀ ਤਾਕਤਾਂ ਹਰ ਹੀਲਾ-ਵਸੀਲਾ ਵਰਤ ਰਹੀਆਂ ਹਨ। ਦੇਸ਼-ਵੰਡ ਦੌਰਾਨ ਵਾਪਰੇ ਵਿਭਿੰਨ ਹਾਦਸਿਆਂ ਅਤੇ ਹਿੰਦੂਤਵਵਾਦੀਆਂ ਦੇ ਪੈਦਾ ਕੀਤੇ ਅੱਜੋਕੇ ਦੌਰ ਦੇ ਬਿਰਤਾਂਤ ਨੂੰ ਪਰਮਜੀਤ ਢੀਂਗਰਾ ਨੇ ਮਾਨਵਵਾਦੀ ਵਿਚਾਰਧਾਰਾ ਅਨੁਸਾਰ ਪੇਸ਼ ਕੀਤਾ ਹੈ। ਮਨੁੱਖੀ ਸੰਵੇਦਨਾਵਾਂ ਨੂੰ ਕੋਹਣ ਵਾਲੇ ਅਜਿਹੇ ਘਿਨੌਣੇ ਬਿਰਤਾਂਤਾਂ ਨੂੰ ਸਿਰਜਣ ਲਈ ਉਸਨੇ ਅੱਜੋਕੇ ਸਮੇਂ ਵਿਚੋਂ ਵਿਅਕਤੀ-ਪਾਤਰਾਂ ਦੀ ਚੋਣ ਕੀਤੀ ਹੈ। ਕਹਾਣੀਆਂ ਵਿਚ ਢਲੇ ਇਹ ਪਾਤਰ ਮਨੁੱਖੀ ਸੰਵੇਦਨਾ ਨੂੰ ਬਚਾਉਣ ਦੇ ਆਹਰ ਵਿਚ ਹਨ।

ਸਭ ਤੋਂ ਪਹਿਲਾਂ ਕਹਾਣੀਆਂ ਵਿਚ ਪੇਸ਼ ਦੇਸ਼-ਵੰਡ ਨਾਲ ਸੰਬੰਧਤ ਮਸਲੇ ਨੂੰ ਲੈਂਦੇ ਹਾਂ। ਪਰਮਜੀਤ ਢੀਂਗਰਾ ਨੇ ਇਸ ਸੰਬੰਧੀ 'ਇਕ ਹੋਰ ਜੰਗ', 'ਬੌਣਾ ਰੁੱਖ', 'ਕਾਲੇ ਘੋੜੇ' ਤੇ 'ਵਤਨ ਵਿਛੋੜਾ' ਨਾਮਕ ਕਹਾਣੀਆਂ ਦੀ ਸਿਰਜਣਾ ਕੀਤੀ ਹੈ। ਇਹਨਾਂ ਕਹਾਣੀਆਂ ਵਿਚ ਇਹ ਮਸਲਾ ਦਰਪੇਸ਼ ਹੈ ਕਿ ਦੇਸ਼-ਵੰਡ ਦੇ ਬਿਰਤਾਂਤ ਨੂੰ ਉਭਾਰਨ ਵਾਲੇ ਵਿਸ਼ੇਸ਼ ਵਿਅਕਤੀਆਂ ਨੇ ਕਿਹੋ ਜਿਹੀ ਸੁਤੰਤਰਤਾ ਦਾ ਇਤਿਹਾਸ ਸਿਰਜਿਆ। ਪ੍ਰਤੀਕਾਤਮਕ ਗਲਪ-ਭਾਸ਼ਾ ਦਾ ਪ੍ਰਯੋਗ ਕਰਦਿਆਂ ਕਹਾਣੀਕਾਰ ਨੇ ਇਸ ਰਾਜਸੀ ਤੱਥ ਵੱਲ ਇਸ਼ਾਰਾ ਕੀਤਾ ਹੈ ਕਿ ਦੇਸ਼-ਵੰਡ ਦੌਰਾਨ ਪੰਡਤ ਨਹਿਰੂ, ਜਿਨਹਾ ਤੇ ਮਾਸਟਰ ਤਾਰਾ ਸਿੰਘ ਵਰਗੇ ਰਾਜਨੀਤੱਗਾਂ ਦੀ ਹਿੰਦੂ-ਸਿੱਖ-ਮੁਸਲਿਮ ਵਸੋਂ ਦੇ ਤਬਾਦਲੇ ਵਾਲੀ ਸੋਚ ਨੇ ਸੰਪਰਦਾਇਕ ਦੰਗਿਆਂ ਵਾਲਾ ਘਿਨੌਣਾ ਮਾਹੌਲ ਪੈਦਾ ਕੀਤਾ। ਦੰਗੇ ਆਪ-ਮੁਹਾਰੇ ਵਿਅਕਤੀਆਂ ਦੀਆਂ ਟੋਲੀਆਂ ਤੋਂ ਬਿਨਾਂ ਰਾਜਸੀ ਤੇ ਧਾਰਮਿਕ ਕਿਸਮ ਦੇ ਬੌਣੇ ਸੰਗਠਨਾਂ ਦੇ ਬੌਣੇ ਰਾਜਨੀਤਕ ਆਗੂਆਂ ਦੇ ਅਮਾਨਵੀ ਕਾਰੇ ਸਨ। ਉਹਨਾਂ ਨੇ ਧਰਮ ਨੂੰ ਇਕ ਮਾਰੂ ਭੌਤਿਕ ਸ਼ਕਤੀ ਦੇ ਰੂਪ ਵਿਚ ਵਰਤਿਆ। 'ਬੌਣਾ ਰੁੱਖ' ਕਹਾਣੀ ਇਸ ਪ੍ਰਸ਼ਨ ਦੁਆਲੇ ਉਣੀ ਗਈ ਹੈ ਕਿ ਕੀ ਵਸੋਂ ਵੰਡ ਆਧਾਰਤ ਬਰਤਾਨਵੀ ਭਾਰਤੀ ਰਾਜ ਦੀ ਭੂਗੋਲਿਕ ਵੰਡ ਸਿੱਖ ਕੌਮ ਨੂੰ ਕਿਸੇ ਰਾਜ ਦਾ ਦਰਜਾ ਦਿਵਾ ਸਕਦੀ ਸੀ? 'ਕਾਲੇ ਘੋੜੇ' ਕਹਾਣੀ ਵਿਚ ਪ੍ਰਸ਼ਨ ਹੈ ਕਿ ਕੀ ਆਜ਼ਾਦੀ ਦੇ ਪਰਵਾਨਿਆਂ ਦੇ ਫਾਂਸੀ ਚੜ੍ਹਣ ਨਾਲ ਹੀ ਤਾਂ ਨਹੀਂ ਕਿਤੇ ਆਜ਼ਾਦੀ ਦੇ ਅਰਥ ਗੁੰਮ ਹੋ ਗਏ? ਪਹਿਲੀ ਹਿੰਦ-ਪਾਕਿ ਜੰਗ ਨੂੰ ਦੇਸ਼-ਵੰਡ ਤੇ ਵਰਤਮਾਨ ਸਰਹੱਦੀ ਜੰਗਾਂ ਦੇ ਪ੍ਰਸੰਗਾਂ ਵਿਚ ਉਭਾਰਦੀ 'ਇਕ ਹੋਰ ਜੰਗ' ਨਾਂ ਦੀ ਕਹਾਣੀ ਦੇ ਸੰਤਵੀਰ ਨਾਮੀ ਪਾਤਰ ਦੇ ਆਪਣੇ ਪਿਉ ਨੂੰ ਕਹੇ ਇਹ ਬੋਲ ਵੀ ਪ੍ਰਸ਼ਨ ਹੀ ਹਨ ਕਿ "ਪਾਪਾ ਇਹ ਸਿਰ ਤਾਂ ਫੌਜੀਆਂ ਦੇ ਹੀ ਵੱਢੇ ਜਾਣੇ ਨੇ, ਕਦੇ ਕਿਸੇ ਨੇਤਾ ਜਾਂ ਵੱਡੇ ਬੰਦੇ ਦਾ ਸਿਰ ਵੱਢਿਆ ਦੇਖਿਐ? ਅਸੀਂ ਧਰਤੀ ਦੇ ਪੁੱਤ ਦੇਸ਼ ਭਗਤੀ ਖਾਤਰ ਫੌਜ ਵਿਚ ਭਰਤੀ ਹੋ ਕੇ ਸ਼ਹੀਦ ਹੋ ਜਾਂਦੇ ਹਾਂ। ਫਿਰ ਸਾਡੇ ਸਿਰਾਂ ਦੇ ਮੁੱਲ ਪੈਂਦੇ ਨੇ, ਕਦੇ ਇਤਿਹਾਸ ਵਿਚ ਕਦੇ ਵਰਤਮਾਨ 'ਚ। ...ਹਰ ਕੋਈ ਫੌਜੀ ਤਾਕਤ ਵਧਾਉਣ 'ਚ ਲੱਗਿਆ ਹੋਇਐ। ਪਰ ਜੰਗ ਦੇ ਬੀਜ ਨਾਸ ਕਰਨ ਲਈ ਕੋਈ ਤਿਆਰ ਨਹੀਂ"। 'ਕਾਲੇ ਘੋੜੇ' ਕਹਾਣੀ ਨੂੰ ਇਸ ਤਰਕ ਉੱਤੇ ਉਸਾਰਿਆ ਗਿਆ ਹੈ ਕਿ ਹਰ ਵੇਲੇ ਦੀ ਹਕੂਮਤ ਦੀਆਂ ਲੋਕ-ਵਿਰੋਧੀ ਨੀਤੀਆਂ ਆਮ ਲੋਕਾਂ ਦੀ ਆਜ਼ਾਦੀ ਦੇ ਗਲ਼ ਲਈ ਫੰਧਾ ਹੁੰਦੀਆਂ ਹਨ। ਜੋ ਸ਼ਕਤੀ ਦਾ ਕੇਂਦਰੀਕਰਨ ਕਰਕੇ ਆਮ ਲੋਕਾਈ ਦਾ ਦਮਨ ਕਰਦੀਆਂ ਹਨ। ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਅਜਿਹਾ ਵਰਤਾਰਾ ਪਿਛਲੇ ਪੰਜ ਛੇ ਸਾਲਾਂ ਤੋਂ ਬੜੇ ਜ਼ੋਰ ਸ਼ੋਰ ਨਾਲ ਆਪਣੇ ਆਪਨੂੰ ਵਾਜਿਬ ਠਹਿਰਾਉਣ ਲਈ ਸਰਗਰਮ ਹੈ।

ਕੌਮੀ ਪੱਧਰ 'ਤੇ ਬਹੁ-ਧਰਮੀ, ਬਹੁ-ਭਾਸ਼ੀ, ਬਹੁ-ਕੌਮੀ ਭਾਰਤ ਦੇਸ਼ ਅੱਜੋਕੇ ਸਮਿਆਂ ਵਿਚ ਅਸਹਿਣਸ਼ੀਲਤਾ ਦੇ ਦੌਰ ਵਿਚੀਂ ਗੁਜ਼ਰ ਰਿਹਾ ਹੈ। ਸਮਾਜ-ਵਿਗਿਆਨੀਆਂ ਤੇ ਅਰਥ-ਸ਼ਾਸਤਰੀਆਂ ਨੇ ਇਸਨੂੰ ਅਣਐਲਾਨੀ ਐਮਰਜੈਂਸੀ ਤੇ ਭੰਬਲਭੂਸਿਆਂ ਦਾ ਅਜਿਹਾ ਦੌਰ ਕਿਹਾ ਹੈ ਜਿਸ ਵਿਚ ਸੱਤਾ ਨੇ ਆਪਣੇ ਹਿੱਤਾਂ ਮੁਤਾਬਕ ਪ੍ਰਚੱਲਤ ਸ਼ਬਦਾਂ, ਸੰਕਲਪਾਂ ਤੇ ਵਰਤਾਰਿਆਂ ਦੇ ਅਰਥ ਬਦਲਣੇ ਸ਼ੁਰੂ ਕਰ ਦਿੱਤੇ ਹਨ। ਅਜਿਹੀ ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਕਿਸੇ ਵਿਅਕਤੀ ਜਾਂ ਸੰਗਠਨ

ਨੂੰ ਸਰਕਾਰੀ ਤੇ ਰਾਜਨੀਤਕ ਸ਼ਹਿ ਪ੍ਰਾਪਤ ਹੋਵੇ। ਗਊ-ਦਹਿਸ਼ਤਗਰਦਾਂ ਦੇ ਇਕ ਨਿਵੇਕਲੇ ਭਾਈਚਾਰੇ ਉੱਤੇ ਵਾਰ-ਵਾਰ ਹੋਏ ਜਾਨ ਲੇਵਾ ਹਮਲੇ ਇਸ ਵਿਚਾਰ ਦੀ ਗਵਾਹੀ ਭਰਦੇ ਤੱਥ ਹਨ। ਗਊ-ਭਗਤਾਂ ਦੀਆਂ ਅਮਾਨਵੀ ਕਰਤੂਤਾਂ ਭਾਰਤੀ ਰਾਜ ਦੇ ਗੁੰਡਾਗਰਦੀ ਸਰੂਪ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ। ਭਾਰਤ ਸਰਕਾਰ ਦੇ ਸਵੱਛਤਾ ਦੇ ਅਭਿਆਨ ਨੇ ਆਮ ਲੋਕਾਂ ਹੱਥੋਂ ਉਹਨਾਂ ਦੇ ਜੱਦੀ-ਪੁਸ਼ਤੀ ਕਿੱਤੇ ਨਾਸ਼ ਕਰਕੇ ਉਹਨਾਂ ਨੂੰ ਬੇਰੁਜ਼ਗਾਰ ਬਣਾ ਦਿੱਤਾ ਹੈ। ਨਸ਼ਿਆਂ ਦੇ ਧੰਦੇ ਤੇ ਸੱਤਾ ਸਿਆਸਤ ਦੀ ਭਾਈਵਾਲੀ ਨੇ ਸਮਾਜ ਉੱਤੇ ਮਾਰੂ ਪ੍ਰਭਾਵ ਪਾਇਆ ਹੈ। ਸਿਆਸੀ ਤੇ ਧਾਰਮਿਕ ਆਗੂਆਂ ਦੇ ਪੱਕੇ ਖਿਚੜ ਖਾਣ ਵਾਲੇ ਲੋਕ ਸਦਾ ਦੀ ਨੀਂਦ ਸੌਂ ਗਏ ਹਨ। ਦੇਸ਼-ਭਗਤੀ ਤੇ ਦੇਸ਼-ਧਰੋਹ ਦੀਆਂ ਨਵੀਆਂ ਪਰਿਭਾਸ਼ਾਵਾਂ ਘੜ ਕੇ ਸੱਤਾਧਾਰੀ ਧਿਰ ਤਾਨਾਸ਼ਾਹੀ ਰਾਜ ਦੀ ਸਥਾਪਨਾ ਵੱਲ ਅਹੁਲ ਰਹੀ ਹੈ। ਸੁਤੰਤਰ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਇੰਝ ਹੋਇਆ ਹੈ ਕਿ ਸੱਤਾ ਹਥਿਆਉਣ ਲਈ ਕਾਰਪੋਰੇਟ ਸੈਕਟਰ ਅਤੇ ਫਿਰਕੂ ਰਾਜਨੀਤੀ ਦਾ ਪੱਕਾ ਪੀਡਾ ਗੱਠਜੋੜ ਖੁਲ੍ਹਮ-ਖੁੱਲ੍ਹੇ ਰੂਪ'ਚ ਸਾਹਵੇਂ ਆਇਆ ਹੈ। ਇਸੇ ਤਰ੍ਹਾਂ ਕੌਮਾਂਤਰੀ ਪੱਧਰ ਉੱਤੇ ਇਕ-ਧਰੁਵੀ ਸਰਮਾਏਦਾਰੀ ਦੇ ਰੂਪ ਵਿਚ ਅਮਰੀਕੀ ਸਰਕਾਰ ਅੰਤਰਰਾਸ਼ਟਰੀ

ਪੱਧਰ ਉੱਤੇ ਸੱਤਾ ਸਿਆਸਤ ਦੇ ਗਲੋਬ ਨੂੰ ਆਪਣੀ ਮਰਜ਼ੀ ਮੁਤਾਬਕ ਘੁੰਮਾ ਕੇ ਆਪਣੇ ਹਿੱਤਾਂ ਲਈ ਵਰਤ ਰਹੀ ਹੈ। ...ਇਤਿਆਦਿ ਤੱਥਾਂ ਨੂੰ ਪਰਮਜੀਤ ਢੀਂਗਰਾ ਨੇ 'ਲਰਜਦੀ ਹੋਈ ਧੁੱਪ', 'ਅੱਛੇ ਦਿਨ', 'ਮੋਹਿਨੀ ਮੰਤਰ', 'ਟੂਣੇਹਾਰੀ ਰੁੱਤ' ਤੇ 'ਨਵੇਂ ਤਾਰੇ' ਸਿਰਲੇਖਾਂ ਵਾਲੀਆਂ ਕਹਾਣੀਆਂ ਵਿਚ ਗਲਪੀ ਯਥਾਰਥ ਦੇ ਰੂਪ ਵਿਚ ਪੇਸ਼ ਕੀਤਾ ਹੈ।

ਪਰਮਜੀਤ ਢੀਂਗਰਾ ਨੇ ਕਤਲ ਅਥਵਾ ਖੁਦਕੁਸ਼ੀ ਦੇ ਰੂਪਕ ਨੂੰ ਆਪਣੀਆਂ ਕਹਾਣੀਆਂ ਦੇ ਕੇਂਦਰ ਵਿਚ ਰੱਖ ਕੇ ਆਮ ਵਿਅਕਤੀਆਂ ਦੇ ਰਾਜਨੀਤਕ ਅਵਚੇਤਨ ਵਿਚ ਝਾਕਣ ਦਾ ਯਤਨ ਕੀਤਾ ਹੈ। ਜਿਵੇਂ 'ਨਵੇਂ ਤਾਰੇ' ਕਹਾਣੀ ਵਿਚ ਅੱਤਵਾਦ ਦੇ ਦੌਰ ਦਾ ਰਾਜਨੀਤਕ ਲਾਹਾ ਲੈਣ ਲਈ ਅਮਰੀਕ ਵਰਗੇ ਪਾਤਰ ਦੀ ਸਿਰਜਣਾ ਕੀਤੀ ਗਈ ਹੈ। ਆਮ ਬੰਦੇ ਨੂੰ ਕਤਲ ਦੇ ਝੂਠੇ ਕੇਸਾਂ 'ਚ ਫਸਾਉਣ ਲਈ ਹੀਰੂ ਨਾਮੀ ਪਾਤਰ ਨੂੰ 'ਬੰਦ ਮੁੱਠੀ' ਨਾਂ ਦੀ ਕਹਾਣੀ ਵਿਚ ਘੜਿਆ ਗਿਆ ਹੈ। 'ਗੱਦਾਰ' ਨਾਮਕ ਕਹਾਣੀ ਵਿਚ ਸਦਾ ਨੰਦ ਨਾਮੀ ਪਾਤਰ ਦੇ ਕਤਲ ਨੂੰ ਸ਼ਹੀਦੀ ਦਾ ਜਾਮਾ ਪਹਿਨਾਉਣ ਵਾਲੀ ਉਸ ਲੋਕਤੰਤਰਕ ਪਾਰਟੀ ਦੇ ਸੱਚ ਨੂੰ ਦਰਸਾਇਆ ਗਿਆ ਹੈ ਜੋ ਸਦਾ ਨੰਦ ਵਰਗੇ ਦਿਆਨਤਦਾਰ ਪਾਰਟੀ ਦੇ ਵਰਕਰਾਂ ਦੀ ਇਮਾਨਦਾਰੀ ਨੂੰ ਆਪਣੀ ਹੋਂਦ ਲਈ ਘਾਤਕ ਸਮਝਦੀ ਹੈ। 'ਤੀਸਰਾ ਪੈਰ' ਕਹਾਣੀ ਵਿਚ ਹਰੀ ਸਿੰਘ ਗੁੰਬੀ ਦੀ ਸਲਫਾਸ ਖਾ ਕੇ ਖੁਦਕੁਸ਼ੀ ਕਰਨ ਵਾਲੀ ਘਟਨਾ ਨੂੰ ਇਕ ਸੱਚੇ-ਸੁੱਚੇ ਵਿਅਕਤੀ ਦੇ ਆਪਣੇ ਆਪ ਨੂੰ ਨਿਆਂ ਦੁਆਉਣ ਲਈ ਸਿਰਜਿਆ ਗਿਆ ਹੈ। 'ਤਾਬਿਆਦਾਰ' ਕਹਾਣੀ ਵਿਚ ਚਾਂਦੀ ਰਾਮ ਦੇ ਕਤਲ ਦੀ ਘਟਨਾ ਨੂੰ ਪੰਜਾਬ ਅੰਦਰ ਨਸ਼ਿਆਂ ਦੇ ਕਾਰੋਬਾਰ ਦੇ ਰਾਜਸੀਕਰਨ ਨੂੰ ਪੇਸ਼ ਕਰਨ ਲਈ ਵਰਤਿਆ ਗਿਆ ਹੈ। 'ਲੀਕਾਂ ਤੇ ਪਰਛਾਂਵੇਂ' ਕਹਾਣੀ ਵਿਚ ਜੱਗੀ ਸਰਦਾਰ ਦੁਆਰਾ ਆਪਣੇ ਪਿਉ ਸਰਦਾਰ ਅਰਜਨ ਸਿੰਘ ਨੂੰ ਕਤਲ ਕਰਵਾਉਣ ਵਾਲੀ ਘਟਨਾ ਨੂੰ ਰਾਜਸੀ ਪ੍ਰਸੰਗ 'ਚ ਵਰਤਿਆ ਗਿਆ ਹੈ। ਇਹਨਾਂ ਪੰਜਾਂ ਕਹਾਣੀਆਂ ਦੇ ਇਹ ਪਾਤਰ ਸਮਾਜ ਦੇ ਗੁੱਝੇ ਰਾਜਸੀਕਰਨ ਦੇ ਕਰੂਰ ਯਥਾਰਥ ਨੂੰ ਸਾਹਵੇਂ ਲਿਆਉਂਦੇ ਹਨ।

ਪਰਮਜੀਤ ਢੀਂਗਰਾ ਸਮਾਜ ਦੇ ਕੇਵਲ ਇਕ ਬਿੰਦੂ ਉੱਤੇ ਖਲੋ ਕੇ ਹੀ ਕਹਾਣੀ ਨਹੀਂ ਰਚਦਾ ਸਗੋਂ ਵਿਭਿੰਨ ਦ੍ਰਿਸ਼ਟੀ-ਬਿੰਦੂਆਂ ਦੀ ਸਮਨਵੀਕ੍ਰਿਤ ਜੁਗਤ ਨੂੰ ਵੀ ਵਰਤੋਂ ਵਿਚ ਲਿਆਉਂਦਾ ਹੈ। ਮਿਸਾਲ ਦੇ ਤੌਰ 'ਤੇ ਕਿਸਾਨੀ ਸਮਾਜ 'ਚੋਂ ਪਰਿਵਰਤਿਤ ਹੋਏ ਮੱਧਵਰਗੀ ਜੀਵਨ ਦੇ ਸੱਚ ਅਤੇ ਪੇਂਡੂ ਸਮਾਜ ਵਿਚ ਔਰਤ ਦੀ ਯਥਾਰਥਕ ਸਥਿਤੀ ਨੂੰ 'ਵਿਚਲਾ ਰਾਹ' ਕਹਾਣੀ ਦੀ ਮਨਜੀਤ ਅਤੇ 'ਲੀਕਾਂ ਤੇ ਪਰਛਾਵੇਂ' ਕਹਾਣੀ ਦੀ ਹਰਬੰਸ ਕੌਰ ਬਾਖੂਬੀ ਉਘਾੜਦੀਆਂ ਹਨ। ਇਵੇਂ ਹੀ ਮਹਾਂਭਾਰਤ ਦੀ ਇਕ ਕਥਾ ਦੀ ਰੋਸ਼ਨੀ ਵਿਚ ਲਿਖੀ ਗਈ 'ਚੁੱਪ ਮਹਾਂਭਾਰਤ' ਨਾਂ ਦੀ ਕਹਾਣੀ ਸਮਾਜ ਵਿਚ ਕਾਰਜਸ਼ੀਲ ਹੀਜੜਿਆਂ ਦੀ ਸ਼੍ਰੇਣੀ ਦੇ ਜੀਵਨ-ਦੁਖਾਂਤ ਨੂੰ ਪੇਸ਼ ਕਰਨ ਨਾਲ ਸੰਬੰਧਤ ਹੈ।



ਮੁੱਕਦੀ ਗੱਲ ਇਹ ਕਿ ਸੱਤਾ ਸਿਆਸਤ ਦੀ ਮਾੜੀ ਕਾਰਗੁਜ਼ਾਰੀ ਨੂੰ ਮਿਥਿਹਾਸਕ, ਇਤਿਹਾਸਕ ਤੇ ਸਮਕਾਲ ਦੇ ਵਿਭਿੰਨ ਸੰਦਰਭਾਂ ਵਿਚ ਪੇਸ਼ ਕਰਨ ਵਾਲਾ ਇਹ ਸੰਗ੍ਰਹਿ ਆਮ ਲੋਕਾਂ ਦੇ ਮਨਾਂ ਅੰਦਰ ਚੱਲ ਰਹੇ ਚੁੱਪਨੁਮਾ ਯੁੱਧ ਦਾ ਬਿਰਤਾਂਤਕ ਦਸਤਾਵੇਜ਼ ਹੈ। **-ਚੰਦਰ ਮੋਹਨ**

## ਦਿਨ ਢਲੇ (ਕਹਾਣੀ ਸੰਗ੍ਰਹਿ) ਮੁਖਤਾਰ ਗਿੱਲ

'ਦਿਨ ਢਲੇ' ਜਾਣੇ ਪਛਾਣੇ ਕਥਾਕਾਰ ਮੁਖਤਾਰ ਗਿੱਲ ਦਾ ਛੇਵਾਂ ਕਹਾਣੀ ਸੰਗ੍ਰਹਿ ਹੈ (ਪੰਨੇ 96, ਮੇਘਲਾ ਪ੍ਰਕਾਸ਼ਨ, ਚੋਗਾਵਾਂ, ਜ਼ਿਲ੍ਹਾ ਅੰਮ੍ਰਿਤਸਰ)। ਪੁਸਤਕ ਦੇ ਨਾਮਕਰਨ ਲਈ ਚੁਣੀ ਗਈ ਇਸ ਦੀ ਪਹਿਲੀ ਕਹਾਣੀ 'ਦਿਨ ਢਲੇ' ਵਿਚ ਨੱਬੇ ਵਰ੍ਹਿਆਂ ਦੀ ਉਮਰ ਦੇ ਇਕ ਬਜ਼ੁਰਗ ਸੰਗਰਾਮੀਏ ਲੇਖਕ ਨਵਰਾਹੀ ਨਾਲ ਬਹੁਤ ਸਾਲ ਪਹਿਲਾਂ ਹੋਈ ਮਿਲਣੀ ਦਾ ਜ਼ਿਕਰ ਹੈ ਜਿਸਨੇ ਦੇਸ਼ ਦੀ ਆਜ਼ਾਦੀ ਦੀ ਖਾਤਰ ਕਿੰਨੇ ਹੀ ਵਰ੍ਹੇ ਅੰਗਰੇਜ਼ ਬਸਤੀਵਾਦੀਆਂ ਦੀਆਂ ਜੇਲ੍ਹਾਂ ਵਿਚ ਕੱਟੇ ਸਨ ਅਤੇ ਆਜ਼ਾਦੀ ਮਗਰੋਂ ਵੀ ਆਪਣੀ ਸਾਰੀ ਜ਼ਿੰਦਗੀ ਲੋਕਾਂ ਦੇ ਲੇਖੇ ਲਾਈ ਰੱਖੀ ਸੀ, ਪਰ ਜਿਸਦੇ ਧੀ ਜੁਆਈ ਨੂੰ ਖਾਲਸਤਾਨੀ ਦਹਿਸ਼ਤਗਰਦਾਂ ਨੇ ਗੋਲੀਆਂ ਨਾਲ ਉਡਾ ਦਿੱਤਾ ਸੀ ਅਤੇ ਉਹ ਆਪਣੀ ਜ਼ਿੰਦਗੀ ਦੀਆਂ ਤ੍ਰਕਾਲਾਂ ਸਮੇਂ ਆਪਣੀ ਦੋਹਤੀ ਦੇ ਪਰਿਵਾਰ ਨਾਲ ਰਹਿ ਰਿਹਾ ਸੀ। ਢਾਈ ਦਹਾਕਿਆਂ ਬਾਅਦ ਹੁਣ ਖੁਦ ਸੱਤਰ ਸਾਲਾਂ ਨੂੰ ਢੁੱਕਿਆ ਕਹਾਣੀ ਦਾ ਉਤਮਪੁਰਖੀ ਪਾਤਰ ਨਵਰਾਹੀ ਦੀ ਜ਼ਿੰਦਗੀ ਦੇ ਸਮਾਨਾਂਤਰ ਆਪਣੀ ਜ਼ਿੰਦਗੀ ਨੂੰ ਰੱਖਕੇ ਵੇਖਦਾ ਹੈ, ਜਿਸਨੇ ਆਪਣੇ ਪੁੱਤਰ ਨੂੰ ਚੋਖੀ ਰਕਮ ਤਾਰ ਕੇ ਕਿਸੇ ਵਿਧ ਕਨੇਡਾ ਪੁਚਾਇਆ ਸੀ। ਉਸੇ ਪੁੱਤਰ ਵੱਲੋਂ ਵਿਹਾਰ ਤੇ ਵਿਚਾਰਾਂ ਵਿਚ ਪਿਉ ਨੂੰ ਇਕ ਤਰ੍ਹਾਂ ਅਲਵਿਦਾ ਆਖ ਦਿੱਤੇ ਜਾਣ ਪਿੱਛੋਂ ਕਹਾਣੀ ਦਾ ਪ੍ਰਵਕਤਾ ਬੁਢਾਪੇ ਵਿਚ ਇਕੱਲਤਾ ਦਾ ਸੰਤਾਪ ਹੰਢਾਉਣ ਲਈ ਮਜਬੂਰ ਹੈ।

ਪੁਸਤਕ ਵਿਚ ਸ਼ਾਮਲ ਕੁਲ ਇਕ ਦਰਜਨ ਕਹਾਣੀਆਂ ਵਿਚੋਂ ਹੋਰ ਵੀ ਬਹੁਤ ਸਾਰੀਆਂ ਵਿਚ ਪ੍ਰੌਢ ਅਵਸਥਾ ਨੂੰ ਪੁੱਜਿਆ ਪਾਤਰ ਨਜ਼ਰ ਆਉਂਦਾ ਹੈ, ਜੋ ਆਪਣੇ ਨਾਲ ਹੋਈ ਬੀਤੀ ਦੀ ਜਾਂ ਆਲੇ ਦੁਆਲੇ ਦੀ ਬਾਤ ਪਾਉਂਦਾ ਹੈ। ਇਉਂ ਪੁਸਤਕ ਦਾ ਨਾਮਕਰਨ 'ਦਿਨ ਢਲੇ' ਇਕ ਤਰ੍ਹਾਂ, ਲੇਖਕ ਦੇ ਨਿਜ ਨਾਲ ਜੁੜਕੇ, ਪ੍ਰਤੀਕਾਤਮਕ ਅਰਥ ਗ੍ਰਹਿਣ ਕਰ ਜਾਂਦਾ ਹੈ। 'ਤ੍ਰਿਕਾਲਾਂ ਦੇ ਸਿਆਹ ਰੰਗ', 'ਮੋਹ ਮਮਤਾ ਦਾ ਰਿਣ', 'ਅੰਨ੍ਹੇ ਖੂਹ ਵੱਲ ਕਦਮ', 'ਸਰਹੱਦ ਦੇ ਇਸ ਪਾਰ' ਨਾਂ ਦੀਆਂ ਕਹਾਣੀਆਂ ਖਾਸ ਤੌਰ 'ਤੇ ਬਜ਼ੁਰਗਾਂ ਦੀ ਸਥਿਤੀ ਨੂੰ ਸਾਹਵੇਂ ਲਿਆਉਂਦੀਆਂ ਹਨ। ਘੋਰ ਉਦਾਸੀ ਅਤੇ ਸੁੰਝ ਵਿਚ ਬਿਰਧ ਆਸ਼ਰਮ ਵਿਚ ਦਿਨ ਕੱਟ ਰਹੇ 'ਤ੍ਰਕਾਲਾਂ ਦੇ ਸਿਆਹ ਰੰਗ' ਵਿਚਲੇ ਸੇਵਾ ਮੁਕਤ ਸਕੂਲ ਅਧਿਆਪਕ ਨੇ ਆਪਣੇ ਦੋ ਪੁੱਤਰਾਂ ਦੇ ਚੰਗੇ ਭਵਿੱਖ ਲਈ ਵਿਤੋਂ ਬਾਹਰੀਆਂ ਕੋਸ਼ਿਸ਼ਾਂ ਕੀਤੀਆਂ ਸਨ। ਪਰ ਸਟੱਡੀ ਵੀਜ਼ੇ 'ਤੇ ਆਸਟਰੇਲੀਆ ਭੇਜਿਆ ਵੱਡਾ ਪੁੱਤਰ ਉੱਥੇ ਜਾ ਕੇ ਮਾਪਿਆਂ ਨੂੰ ਭੁੱਲ ਭੁਲਾ ਚੁੱਕਿਆ ਹੈ, ਜਦਕਿ ਛੋਟੇ ਨੂੰ ਬਦੇਸ਼ ਭੇਜਣ ਦੀਆਂ ਨਾਕਾਮ ਕੋਸ਼ਿਸ਼ਾਂ ਵਿਚ ਅਧਿਆਪਕ ਪਿਉ ਦਾ ਆਸ਼ੀਆਨਾ ਤਕ ਵੀ ਗਹਿਣੇ ਧਰਿਆ ਗਿਆ ਸੀ। 'ਮੋਹ ਮਮਤਾ ਦਾ ਰਿਣ' ਵਿਚ ਕਨੇਡਾ ਵਸਦੀ ਧੀ ਕਿੰਨੇ ਹੀ ਵਰ੍ਹਿਆਂ ਬਾਅਦ ਆਪਣੇ ਪੇਕੇ ਘਰ ਪਰਤਦੀ ਹੋਈ ਵੇਖਦੀ ਹੈ ਕਿ ਉਸਦੀ ਬਿਰਧ ਮਾਂ ਦੀ ਸਾਂਭ ਸੰਭਾਲ ਦੇ ਪੱਖ ਤੋਂ ਭਰਾਵਾਂ ਦੇ ਵਿਹਾਰ ਵਿਚ ਬਹੁਤ ਊਣਤਾਈ ਹੈ। ਉਸਦੇ ਆਉਣ ਦੇ ਕੁਝ ਦਿਨਾਂ ਪਿੱਛੋਂ ਹੀ ਮਾਂ ਚਲਦੀ ਬਣੀ। ਪਿਉ ਪਹਿਲਾਂ ਹੀ ਪੂਰਾ ਹੋ ਚੁੱਕਿਆ ਸੀ। ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਲਗਪਗ ਸਮੇਟਕੇ ਸਥਾਈ ਤੌਰ 'ਤੇ ਰਹਿਣ ਦੇ ਇਰਾਦੇ ਨਾਲ ਆਈ ਸੁਖਬੀਰ ਆਪਣੇ ਮਾਂ ਤੇ ਬਾਪੂ ਦੀਆਂ ਅੰਤਮ ਰਸਮਾਂ ਪੂਰੀਆਂ ਕਰ ਕੇ ਨਿਰਾਸਤਾ ਵਸ ਵਾਪਸ ਕਨੇਡਾ ਚਲੀ ਜਾਂਦੀ ਹੈ। ਕਹਾਣੀ 'ਸਰਹੱਦ ਦੇ ਇਸ ਪਾਰ' ਵੀ ਇਕ ਬਜ਼ੁਰਗ ਮਾਈ ਦੀ ਜ਼ਿੰਦਗੀ ਉੱਤੇ ਝਾਤ ਪੁਆਉਂਦੀ ਹੈ, ਜੋ ਦੇਸ਼-ਵੰਡ ਸਮੇਂ ਅਜੇ ਬਾਲੜੀ ਸੀ ਤੇ ਬਟਵਾਰੇ ਦੌਰਾਨ ਪਰਿਵਾਰ ਨਾਲ ਲਹਿੰਦੇ ਪੰਜਾਬ ਤੋਂ ਏਧਰ ਆਉਂਦੀ ਮਸਾਂ ਹੀ ਮਰਨੋਂ ਬਚੀ ਸੀ।

ਹੁਣ ਗੁਆਂਢੀ ਦੇਸ਼ ਨਾਲ ਤਨਾਤਨੀ ਹੋਣ ਕਾਰਨ ਸਰਹੱਦੀ ਪਿੰਡਾਂ ਨੂੰ ਖਾਲੀ ਕਰਨ ਦੇ ਸਰਕਾਰੀ ਆਦੇਸ਼ 'ਤੇ ਬਜ਼ੁਰਗ ਮਾਈ ਪਰਿਵਾਰ ਦੇ ਜੀਆਂ ਦੇ ਜ਼ੋਰ ਪਾਉਣ ਦੇ ਬਾਵਜੂਦ ਆਪਣਾ ਘਰ ਛੱਡਕੇ ਨਹੀਂ ਜਾਂਦੀ।

ਇਹ ਸਭ ਤੇ ਬਾਕੀ ਕਹਾਣੀਆਂ ਵੀ ਅੰਮ੍ਰਿਤਸਰ ਦੀ ਸਰਹੱਦੀ ਪੱਟੀ ਦੇ ਪਿੰਡਾਂ ਦੇ ਜਨ-ਜੀਵਨ ਨੂੰ ਆਧਾਰ ਬਣਾ ਕੇ ਪਦਾਰਥਕ ਹਾਲਤਾਂ, ਸਮਾਜਕ ਰਿਸ਼ਤਿਆਂ ਅਤੇ ਸਭਿਆਚਾਰਕ ਤਬਦੀਲੀ ਦੀ ਬਾਤ ਪਾਉਂਦੀਆਂ ਹਨ। 'ਹੜ੍ਹ ਮਾਰ', 'ਗਰਕ ਹੋ ਰਹੇ ਗਰਾਂ ਦੀ ਕਥਾ', ਸੁਲਗਦੀ ਸੱਕੀ ਨਦੀ ਦੀ ਕਰੋਪੀ', 'ਬੇਗਾਨੇ ਪਿੰਡ ਦਾ ਅਹਿਸਾਸ' ਅਤੇ 'ਸਰਹੱਦ ਦੇ ਇਸ ਪਾਰ' ਵਿਚ ਤਾਂ ਆਂਚਲਕ ਚਿਤਰਨ ਦਾ ਇਹ ਰੰਗ ਪੁਸਤਕ ਨੂੰ ਵਿਲੱਖਣਤਾ ਪ੍ਰਦਾਨ ਕਰਦਾ ਹੈ। ਇਹਨਾਂ ਪਿੰਡਾਂ ਦੇ ਬੇਜ਼ਮੀਨੇ ਰਾਏ ਸਿੱਖ ਭਾਈਚਾਰੇ ਨਾਲ ਸੰਬੰਧਤ ਲੋਕਾਂ ਦੀ ਜੀਵਨ-ਸ਼ੈਲੀ ਦਾ ਵੱਖਰਾ ਰੰਗ ਹੈ ਜੋ ਚੋਰੀ-ਚਕਾਰੀ ਤੇ ਸੀਮਾਵਰਤੀ ਸਮਗਲਿੰਗ ਵਿਚ ਸਮੇਂ ਸਮੇਂ ਸ਼ਾਮਲ ਹੋਣ ਦੇ ਬਾਵਜੂਦ ਮੂਲ ਤੌਰ ਤੇ ਦਸਤਕਾਰਾਂ ਅਤੇ ਖੇਤੀ ਕਾਮਿਆਂ ਵਜੋਂ ਕੰਮ ਕਰਦੇ ਹਨ। ਇਹਨਾਂ ਦੇ ਆਪਸੀ ਤੇ ਦੂਜੇ ਭਾਈਚਾਰਿਆਂ ਦੇ ਲੋਕਾਂ ਨਾਲ ਮੋਹ-ਪਿਆਰ ਤੇ ਦੁਸ਼ਮਣੀ ਦੇ ਰਿਸ਼ਤਿਆਂ ਦਾ ਆਪਣਾ ਹੀ ਨਵੇਕਲਾ ਚਰਿੱਤਰ ਹੈ। 'ਸੁਲਘਦੀ ਸੱਕੀ ਨਦੀ ਦੀ ਕਰੋਪੀ' ਦੀ ਨਾਇਕਾ ਕਸ਼ਮੀਰ ਕੌਰ ਅਤੇ 'ਹੜ੍ਹ ਮਾਰ' ਦਾ ਬਾਬਾ ਮੁਨਸ਼ਾ ਏਸੇ ਕਾਰਨ ਹੀ ਵੱਖਰੀ ਪਛਾਣ ਦੇ ਧਾਰਨੀ ਹਨ। ਪਿੰਡ ਦੀ ਸਰਪੰਚ ਤੇ ਬਲਾਕ ਸੰਮਤੀ ਦੀ ਮੈਂਬਰ ਬਣ ਚੁੱਕੀ ਕਸ਼ਮੀਰੋ ਨੇ ਬਹੁਤ ਸਮਾਂ ਪਹਿਲਾਂ ਉਸਦਾ ਬਲਾਤਕਾਰ ਕਰਨ ਵਾਲੇ ਨਸੀਬੇ ਤੋਂ ਲੁਕਵੇਂ ਰੂਪ ਵਿਚ ਉਸਨੂੰ ਆਰਥਿਕ ਤੌਰ 'ਤੇ ਬਰਬਾਦ ਕਰ ਕੇ, ਜੇਲ੍ਹ ਪੁੱਜਦਾ ਕਰ ਕੇ ਅਤੇ ਉਸਦੇ ਪੁੱਤਰ ਨੂੰ ਨਸ਼ਿਆਂ ਦੀ ਮਾਰਫਤ ਸਿਵਿਆਂ ਦੇ ਰਾਹ ਤੋਰਕੇ ਨਿਵਕਲੇ ਢੰਗ ਨਾਲ ਬਦਲਾ ਲਿਆ ਹੈ। ਦਰਿਆ ਕੰਢੇ ਵਸੇ ਪਿੰਡ ਨੂੰ ਸਮੇਂ ਸਮੇਂ ਪੈਂਦੀ ਰਹੀ ਹੜ੍ਹ ਦੀ ਮਾਰ ਬਾਰੇ ਅਗਾਊਂ ਚੇਤਾਵਨੀ ਦੇਣ ਵਾਲਾ ਬਾਬਾ ਮੁਨਸ਼ਾ ਹੁਣ ਵੀ ਆ ਰਹੇ ਹੜ੍ਹ ਬਾਰੇ ਦੁਹਾਈ ਪਾ ਰਿਹਾ ਹੈ, ਪਰ ਇਹ ਚੇਤਾਵਨੀ ਪਾਣੀ ਦੇ ਹੜ੍ਹ ਬਾਰੇ ਨਹੀਂ, ਨਸ਼ਿਆਂ ਦੇ ਹੜ੍ਹ ਬਾਰ ਹੈ, ਜੇ ਕੋਈ ਉਪਾਅ ਨਾ ਕੀਤਾ ਤਾਂ ਜਿਸਨੇ ਪਿੰਡ ਦੀ ਜੁਆਨੀ ਨੂੰ ਨਿਗਲ ਜਾਣਾ ਹੈ।

'ਦਿਨ ਢਲੇ' ਅਤੇ 'ਤ੍ਰਿਕਾਲਾਂ ਦੇ ਸਿਆਹ ਰੰਗ' ਵਿਚ ਬਦੇਸ਼ਾਂ ਵਿਚ ਜਾਣ ਲਈ ਲੋਕਾਂ ਵੱਲੋਂ ਕੀਤੇ ਜਾਂਦੇ ਮਹਿੰਗੇ ਤੇ ਜੋਖਮ ਭਰੇ ਯਤਨਾਂ ਦੇ ਨਾਲ ਨਾਲ ਪਰਵਾਸ ਦੇ ਨਤੀਜੇ ਵਜੋਂ ਪਰਿਵਾਰ ਦੀ ਆਰਥਿਕਤਾ ਤੇ ਸਮਾਜਕ ਰਿਸ਼ਤਿਆਂ ਵਿਚ ਵਾਪਰਦੀ ਤਬਦੀਲੀ ਕਥਾ-ਵਸਤ ਦਾ ਅੰਗ ਬਣੀ ਹੈ, ਜਦਕਿ 'ਮੋਹ ਮਮਤਾ ਦਾ ਰਿਣ', 'ਬੇਗਾਨੇ ਪਿੰਡ ਦਾ ਅਹਿਸਾਸ' ਅਤੇ 'ਕਾਲਾ ਧੂੰਆਂ' ਨਾਂ ਦੀਆਂ ਕਹਾਣੀਆਂ ਦੇ ਪਾਤਰ ਲੰਮੇਂ ਸਮੇਂ ਤੋਂ ਬਦੇਸ਼ਾਂ ਵਿਚ ਰਹਿੰਦੇ ਰਹੇ ਹਨ, ਜੋ ਆਪਣੀ ਮੂਲ ਧਰਤੀ ਨਾਲ ਮੋਹ ਪਾਲਦੇ ਹੋਏ ਦੇਸ ਪਰਤੇ ਹਨ। ਉਹਨਾਂ ਦੇ ਪਰਵਾਸ ਦੇ ਸਮੇਂ ਦੌਰਾਨ ਜੋ ਪਦਾਰਥਕ ਅਤੇ ਸਮਾਜਕ ਤਬਦੀਲੀ ਪੰਜਾਬ ਅਤੇ ਪੰਜਾਬੀ ਲੋਕਾਂ ਦੇ ਸੰਬੰਧ ਵਿਚ ਵਾਪਰੀ ਹੈ, ਉਸ ਨਾਲ ਉਹ ਇਕਸੁਰ ਨਹੀਂ ਹੋ ਸਕਦੇ। ਵਾਤਾਵਰਣ ਪ੍ਰਦੂਸ਼ਨ ਦਾ ਵੀ ਉਹਨਾਂ ਨੂੰ ਕੁਝ ਜ਼ਿਆਦਾ ਫਿਕਰ ਹੈ, ਜਿਸ ਨਾਲ ਲੇਖਕ ਦੀ ਵੀ ਦ੍ਰਿਸ਼ਟੀਗਤ ਸਹਿਮਤੀ ਹੈ। ਮਨੁੱਖੀ ਸਥਿਤੀਆਂ ਦੇ ਟਾਕਰੇ ਵਿਚ ਪੰਛੀਆਂ ਤੇ ਜਾਨਵਰਾਂ ਨੂੰ ਰੱਖਕੇ ਵੇਖਣ ਵਿਚੋਂ ਅਤੇ ਬੀਤੇ ਸਮੇਂ ਦੇ ਮੁਕਾਬਲਤਨ ਸਵੱਛ ਵਾਤਾਵਾਰਣ ਦੇ ਰੁਦਨਮਈ ਵੇਰਵੇ ਵਿਚੋਂ ਇਹ ਦ੍ਰਿਸ਼ਟੀ ਝਲਕਦੀ ਹੈ।

ਕਿਰਤੀ ਲੋਕਾਂ ਦੀ ਤ੍ਰਾਸਦਕ ਆਰਥਿਕ ਦਸ਼ਾ ਨੂੰ ਫੋਕਸ ਵਿਚ ਲਿਆਉਂਦੀਆਂ 'ਸੁਪਨੀਲੇ ਸੁਪਨੇ','ਅੰਨ੍ਹੇ ਖੂਹ ਵੱਲ ਕਦਮ' ਅਤੇ ਕੁਝ ਹੋਰ ਕਹਾਣੀਆਂ ਵਿਚੋਂ ਉਤਮ ਪੁਰਖੀ ਸ਼ੈਲੀ ਵਿਚ ਕਹਾਣੀ ਕਰਦਾ, ਮਾਨਵੀ ਹਮਦਰਦੀ ਨਾਲ ਓਤ ਪੋਤ, ਇਕ ਅਜਿਹਾ ਪਾਤਰ ਉਭਰਦਾ ਹੈ ਜੋ ਆਪਣੇ ਵਿਤ ਮੁਤਾਬਕ ਲੋੜਵੰਦਾਂ ਦੀ ਸਹਾਇਤਾ ਕਰਦਾ ਹੈ। ਆਰਥਿਕ ਤੰਗੀ ਕਾਰਨ ਖੁਦਕੁਸ਼ੀ ਕਰ ਗਏ ਪਿਉ ਦੀ ਧੀ 'ਸੁਪਨੀਲੇ ਸੁਪਨੇ' ਕਹਾਣੀ ਦੀ ਛੋਟੀ ਬੱਚੀ ਮਨਦੀਪ ਇਸ ਪਾਤਰ ਦੀ



ਮੋਹ-ਭਿੱਜੀ ਹਮਦਰਦੀ ਦੀ ਭਾਵਨਾ ਸਦਕਾ ਹੀ ਖੇਡ ਮੁਕਾਬਲਿਆਂ ਵਿਚ ਵਿਕਟਰੀ ਸਟੈਂਡ 'ਤੇ ਖੜ੍ਹੀ ਮੁਸਕਰਾਉਂਦੀ ਨਜ਼ਰ ਆਉਂਦੀ ਹੈ। ਕਹਾਣੀਆਂ ਦਾ ਇਹ ਪ੍ਰਵਕਤਾ ਇਕ ਅਧਿਆਪਕ ਹੈ ਜਿਸਨੇ ਸਰਹੱਦੀ ਪੱਟੀ ਦੇ ਪਿੰਡਾਂ ਦੇ ਸਕੂਲਾਂ ਵਿਚ ਕਈ ਦਹਾਕਿਆਂ ਤਕ ਪੜ੍ਹਾਇਆ ਹੈ। ਗਲਪ ਕਿਰਤਾਂ ਵਿਚ ਉਤਮ ਪੁਰਖੀ ਪਾਤਰ ਸਿਰਜਣ ਦੀ ਇਹ ਇਕ ਪ੍ਰਵਾਣਤ ਵਿਧੀ ਹੈ, ਜੋ ਕਈ ਹਾਲਤਾਂ ਵਿਚ ਬਹੁਤ ਪ੍ਰਭਾਵਕਾਰੀ ਸਿੱਧ ਹੁੰਦੀ ਹੈ। ਇਸ ਪੁਸਤਕ ਦੀਆਂ ਕਹਾਣੀਆਂ ਵਿਚ ਵੀ ਇਹ ਵਿਧੀ ਸਫਲਤਾ ਨਾਲ ਵਰਤੀ ਗਈ ਹੈ। ਕਈ ਥਾਈਂ ਕਹਾਣੀ ਕਹਿਣ ਦੇ ਦਰਮਿਆਨ ਇਹ ਉਤਮਪੁਰਖੀ ਪਾਤਰ ਪਾਠਕ ਨੂੰ ਸਿੱਧਾ ਸੰਬੋਧਤ ਵੀ ਹੁੰਦਾ ਹੈ, ਜਿਵੇਂ 'ਅੰਨ੍ਹੇ ਖੂਹ ਵੱਲ ਕਦਮ' ਵਿਚਲੇ ਇਹ ਬੋਲ: *"ਪਾਠਕ ਜਨ! ਮੇਰੀ ਇਸ ਕਥਾ-ਕਹਾਣੀ ਦੇ ਦੁਖਾਂਤਕ ਅੰਤ ਲਈ, ਕੀ ਤੁਸੀਂ ਮੇਰੇ ਨਾਲ ਸਹਿਮਤ ਹੋ ਕਿ ਇਹਨਾਂ ਭਿਆਨਕ ਜਾਨ ਲੇਵਾ ਬਦਤਰ ਹਾਲਤਾਂ ਬਲਕਾਰ ਸਿੰਘ ਨੂੰ ਅੰਨ੍ਹੇ ਖੂਹ ਵੱਲ ਕਦਮ' ਪੁੱਟਣ ਲਈ ਮਜਬੂਰ ਨਹੀਂ ਕੀਤਾ"*। ਪਰ ਇਸ ਅਧਿਆਪਕ ਪਾਤਰ ਵਿਚੋਂ ਲੇਖਕ ਮੁਖਤਾਰ ਗਿੱਲ ਦੇ ਨਕਸ਼ ਸਹਿਜੇ ਹੀ ਪਛਾਣੇ ਜਾ ਸਕਦੇ ਹਨ, ਜੋ ਅਛੋਪਲੇ ਹੀ ਆਪਣੇ ਜੀਵਨ-ਵੇਰਵੇ ਵੀ ਕਹਾਣੀ ਦੇ ਕਥਾਨਕ ਵਿਚ ਗੁੰਦ ਜਾਂਦਾ ਹੈ, ਜਿਵੇਂ 'ਤ੍ਰਕਾਲਾਂ ਦੇ ਸਿਆਹ ਰੰਗ' ਵਿਚ ਇਸ ਤਰ੍ਹਾਂ ਦੇ ਬੋਲ: *"ਆਮਦਨੀ ਦੇ ਵਾਧੇ ਵਾਸਤੇ ਮੈਂ ਅਖਬਾਰਾਂ ਲਈ ਲਿਖਦਾ ਰਿਹਾ। ਪਹਿਲਾਂ ਕਦੀ ਕਦੀ ਰੇਡੀਉ, ਟੀ.ਵੀ. 'ਤੇ ਇਕ ਅੱਧ ਸਾਹਿਤਕ ਪ੍ਰੋਗਰਾਮ ਕਹਾਣੀ ਆਦਿ ਪੜ੍ਹਨ ਲਈ ਮਿਲ ਜਾਂਦੇ ਸੀ"... "ਮੈਂ ਬੁਰੀ ਤਰ੍ਹਾਂ ਟੁੱਟ ਥੱਕ ਘੋਰ ਉਦਾਸੀ ਦੀ ਬੁੱਕਲ ਵਿਚ ਸੀ...ਜੇ ਲਿਖਣ ਤੇ ਪੜ੍ਹਨ ਦਾ ਸਹਾਰਾ ਨਾ ਹੁੰਦਾ... ਤਾਂ ਸ਼ਾਇਦ ਮੈਂ ਵੀ ਅਜਿਹੇ ਮੰਦਭਾਗੇ ਜੀਵਨ ਲਈ ਉਦਾਸੀਨ ਹੋ ਜਾਂਦਾ"*। ਕਹਾਣੀ ਕਹਿਣ ਦੀ ਇਸ ਜੁਗਤ ਦਾ ਸੰਬੰਧ ਸ਼ਾਇਦ ਮੁਖਤਾਰ ਗਿੱਲ ਦੀ ਹੁਣ ਦੀ ਸਥਿਤੀ ਤੇ ਮਾਨਸਿਕਤਾ ਨਾਲ ਜੁੜਦਾ ਹੋਵੇ। ਸਾਰੀਆਂ ਕਹਾਣੀਆਂ ਵਿਚੋਂ ਕਿਸੇ ਉਚੇਚੀ ਗੋਂਦ ਜਾਂ ਕਲਾਕਾਰੀ ਦੀ ਵਰਤੋਂ ਦਾ ਆਭਾਸ ਨਹੀਂ ਹੁੰਦਾ। ਨਿਰ ਉਚੇਚ ਯਥਾਰਥਕ ਵਰਨਣ ਵਿਚ ਹੀ ਇਸ ਪੁਸਤਕ ਦੀਆਂ ਕਹਾਣੀਆਂ ਦੀ ਕਲਾਤਮਕਤਾ ਹੈ। **-ਰਘਬੀਰ ਸਿੰਘ**

## ਪ੍ਰਾਪਤ ਪੁਸਤਕਾਂ

**ਜਰਨੈਲ ਸਿੰਘ ਸੇਖਾ ਅਭਿਨੰਦਨ ਗ੍ਰੰਥ**, ਮੁਖ ਸੰਪਾਦਕ ਹਰਬੀਰ ਸਿੰਘ ਭੰਵਰ
ਪੰਨੇ 287, ਮੁੱਲ 450 ਰੁਪਏ, $20, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਆਰਸੀ ਤੇ ਸੁਖਬੀਰ** (ਸੁਖਬੀਰ ਦੀਆਂ ਰਚਨਾਵਾਂ) ਸੰਕਲਨ: ਚੰਦਰ ਮੋਹਨ
ਪੰਨੇ 231, ਮੁੱਲ 400 ਰੁਪਏ, ਨਵਯੁਗ ਪਬਲਿਸ਼ਰਜ਼, K 24, ਹੌਜ਼ ਖਾਸ, ਨਵੀਂ ਦਿੱਲੀ

**ਸੰਤਾਪ 1947** (ਕਹਾਣੀ ਸ਼ੰਗ੍ਰਹਿ) ਸੰਪਾਦਕ: ਪਰਗਟ ਸਿੰਘ ਸਤੌਜ
ਪੰਨੇ 272, ਮੁੱਲ 220 ਰੁਪਏ, ਨਵਰੰਗ ਪਬਲੀਕੇਸ਼ਨਜ਼, ਸਮਾਣਾ

**ਅਰਥ ਬਦਲਦੇ ਰਿਸ਼ਤੇ** (ਕਹਾਣੀ ਸ਼ੰਗ੍ਰਹਿ) ਹਰਜਿੰਦਰ ਸੂਰੇਵਾਲੀਆ
ਪੰਨੇ 112, ਮੁੱਲ 200 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ

**ਕਾਲ਼ੀ ਮਿੱਟੀ ਲਾਲ ਲਹੂ** (ਕਹਾਣੀ ਸੰਗ੍ਰਹਿ) ਤੇਜਿੰਦਰ ਸਿੰਘ ਫਰਵਾਹੀ
ਪੰਨੇ 118, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟਰੀਅਲ ਏਰੀਆ, ਮੁਹਾਲੀ

**ਝੂਠ ਦੇ ਆਰ-ਪਾਰ** (ਕਹਾਣੀਆਂ) ਬਲਵਿੰਦਰ ਸਿੰਘ ਬਰਾੜ
ਪੰਨੇ 156, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, K 24, ਹੌਜ਼ ਖਾਸ, ਨਵੀਂ ਦਿੱਲੀ

**ਪੰਜ ਨੰਬਰ ਦੋ ਸੌ ਛਪੰਜਾ** (ਕਹਾਣੀ ਸੰਗ੍ਰਹਿ) ਦਵਿੰਦਰ ਮੰਡ
ਪੰਨੇ 96, ਮੁੱਲ 160 ਰੁਪਏ, ਪਰਵਾਜ਼ ਪ੍ਰਕਾਸ਼ਨ, ਪਿੰਡ ਧਰਮਪੁਰਾ, ਡਾ. ਖਾਂਬੜਾ, ਜਲੰਧਰ

**ਪਾਰਲੇ ਪੁਲ਼** (ਕਹਾਣੀਆਂ) ਸੁਰਜੀਤ
ਪੰਨੇ 128, ਮੁੱਲ 200 ਰੁਪਏ, ਪਰਵਾਜ਼ ਪ੍ਰਕਾਸ਼ਨ, ਪਿੰਡ ਧਰਮਪੁਰਾ, ਡਾ. ਖਾਂਬੜਾ, ਜਲੰਧਰ

**ਲਰੈ ਦੀਨ ਕੇ ਹੇਤੁ** (ਕਹਾਣੀਆਂ) ਸੰਪਾਦਕ: ਬਲਬੀਰ ਪਰਵਾਨਾ
ਪੰਨੇ 104, ਮੁੱਲ 120 ਰੁਪਏ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ

**ਰਮਤਾ ਯੋਗੀ ਤੇ ਹੋਰ ਨਿੱਕੇ ਨਾਵਲ** ਗੁਲਜ਼ਾਰ ਸਿੰਘ ਸੰਧੂ
ਪੰਨੇ 175, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, K 24, ਹੌਜ਼ ਖਾਸ, ਨਵੀਂ ਦਿੱਲੀ
**ਚਿੱਕੜ** (ਨਾਵਲ) ਬਲਬੀਰ ਕੌਰ ਸੰਘੇੜਾ
ਪੰਨੇ 293, ਮੁੱਲ 395 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟਰੀਅਲ ਏਰੀਆ, ਮੁਹਾਲੀ
**ਮਾਨਸ ਕੀ ਜਾਤਿ** (ਨਾਵਲ) ਸੁਰਿੰਦਰ ਸਿੰਘ ਨੇਕੀ
ਪੰਨੇ 104, ਮੁੱਲ 120 ਰੁਪਏ, 5ਆਬ ਪ੍ਰਕਾਸ਼ਨ, ਜਲੰਧਰ
**ਬਲ਼ਦੀ ਰੁੱਤ** (ਨਾਵਲ) ਭੋਲਾ ਸਿੰਘ ਸੰਘੇੜਾ
ਪੰਨੇ 144, ਮੁੱਲ 200 ਰੁਪਏ, ਲੋਕਰੰਗ ਪ੍ਰਕਾਸ਼ਨ, ਬਰਨਾਲਾ
**ਜਿਨ੍ਹੇ ਹਿੰਮਤ ਯਾਰ ਬਣਾਈ** (ਨਾਵਲਿਟ) ਹਰਨੇਕ ਸਿੰਘ ਕੈਲ਼ੇ
ਪੰਨੇ 68, ਮੁੱਲ 150 ਰੁਪਏ, ਗੋਰਕੀ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮੈਂ-ਕਾਲ:ਤ੍ਰੈਕਾਲ** (ਕਾਵਿ ਸੰਗ੍ਰਹਿ) ਰਵਿੰਦਰ ਰਵੀ
ਪੰਨੇ 156, ਮੁੱਲ 300 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ
**ਸੈਲਫੀ** (ਕਾਵਿ-ਸੰਗ੍ਰਹਿ) ਮੋਹਨ ਗਿੱਲ
ਪੰਨੇ 120, ਮੁੱਲ 175 ਰੁਪਏ, $10,ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਕੁੰਭ ਨਾਦ** (ਕਾਵਿ ਸੰਗ੍ਰਹਿ) ਗੁਰਮੀਤ ਕੱਲਰਮਾਜਰੀ
ਪੰਨੇ 125, ਮੁੱਲ 140 ਰੁਪਏ, ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ
**ਮੈਂ ਪਿਛਾਂਹ ਪਰਤਾਂਗਾ...** (ਕਾਵਿ ਸੰਗ੍ਰਹਿ) ਤਰਸੇਮ ਰਾਣਾ ਸੰਪਾਦਕ: ਦਲਬੀਰ ਕੌਰ
ਪੰਨੇ 78, ਮੁੱਲ 150 ਰੁਪਏ, ਸੁਮਿਤ ਪ੍ਰਕਾਸ਼ਨ, ਲੁਧਿਆਣਾ
**ਪੰਜਾਬਨਾਮਾ** (ਕਾਵਿ ਸੰਗ੍ਰਹਿ) ਬਲਦੇਵ ਬਾਵਾ
ਪੰਨੇ 106, ਮੁੱਲ 200 ਰੁਪਏ, $10, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਚੇਤਿਆਂ ਦੀ ਚਿਤਵਨ** (ਸਵੈਜੀਵਨੀ ਭਾਗ ਦੂਜਾ) ਜਰਨੈਲ ਸਿੰਘ ਸੇਖਾ
ਪੰਨੇ 223, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਕੰਗਣੀ** (ਡਾਇਰੀ) ਪਰਵੇਜ਼ ਸੰਧੂ
ਪੰਨੇ 120, ਮੁੱਲ 175 ਰੁਪਏ,$15, ਸਵੀਨਾ ਪਬਲੀਕੇਸ਼ਨ, ਸ਼ਿਮਲਾ ਪੁਰੀ, ਲੁਧਿਆਣਾ
**ਮਨੁੱਖਤਾ ਦਾ ਭਵਿੱਖ ਸਾਡੇ ਬੱਚੇ** (ਵਾਰਤਕ) ਪੂਰਨ ਸਿੰਘ
ਪੰਨੇ 112, ਮੁੱਲ 100 ਰੁਪਏ, ਸਾਤਵਿਕ ਬੁਕਸ, 225 ਸਿਟੀ ਸੈਂਟਰ, ਅੰਮ੍ਰਿਤਸਰ
**ਯੁਗੇ ਯੁਗੇ ਨਾਰੀ** (ਵਾਰਤਕ) ਕਰਮਜੀਤ ਕੌਰ ਕਿਸ਼ਾਂਵਲ
ਪੰਨੇ 88, ਮੁੱਲ 220 ਰੁਪਏ, ਗੋਸਲ ਪ੍ਰਕਾਸ਼ਨ, ਪਿੰਡ ਗੋਸਲ, ਡਾ. ਸੁਹਾਣਮਾਜਰਾ, ਲੁਧਿਆਣਾ
**ਮਿੱਟੀ ਦੀ ਮਹਿਕ** (ਪਾਕਿਸਤਾਨੀ ਸਫਰਨਾਮਾ) ਚਰਨਜੀਤ ਸਿੰਘ ਪੰਨੂ
ਪੰਨੇ 336, ਮੁੱਲ 495 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
**ਕੀਨੀਆ ਸਫਾਰੀ** (ਸਫਰਨਾਮਾ) ਚਰਨਜੀਤ ਸਿੰਘ ਪੰਨੂ
ਪੰਨੇ 151, ਮੁੱਲ 300 ਰੁਪਏ, $13, ਏਸ਼ੀਆ ਵਿਜ਼ਨਜ਼, 91-9815945018
**ਉੱਚੇ ਬੁਰਜ ਲਾਹੌਰ ਦੇ** (ਸਫਰਨਾਮਾ) ਡਾ. ਦਲਵੀਰ ਸਿੰਘ ਪੰਨੂ
ਪੰਨੇ 152, ਮੁੱਲ 800 ਰੁਪਏ, $15, ਹਾਈਬਰੋਅ ਪਬਲੀਕੇਸ਼ਨਜ਼, ਬਾੜੀ ਬ੍ਰਹਿਮਣਾ, ਜੰਮੂ
**ਵਿਸ਼ਵ ਪਰਿਕਰਮਾ** (ਵਾਰਤਕ) ਗੁਲਸ਼ਨ ਦਿਆਲ
ਪੰਨੇ 232, ਮੁੱਲ 250 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਪੁਰਾਣੀ ਸਬਜ਼ੀ ਮੰਡੀ, ਬਰਨਾਲਾ
**ਯਾਦਾਂ ਤੁਰੀਆਂ ਨਾਲੋ ਨਾਲ** (ਨਿੱਜੀ ਨਿਬੰਧ) ਹਰਨੇਕ ਸਿੰਘ ਕੈਲ਼ੇ
ਪੰਨੇ 96, ਮੁੱਲ 130 ਰੁਪਏ, ਸਾਹਿਬਦੀਪ ਪਬਲੀਕੇਸ਼ਨਜ਼, ਭਿਖੀ, ਜ਼ਿਲ੍ਹਾ ਮਾਨਸਾ
**ਅਰਸਤੂ ਦੇ ਕਾਵਿ-ਸ਼ਾਸਤਰ ਦੀ ਨਵੀਂ ਪੜ੍ਹਤ** (ਆਲੋਚਨਾ) ਰਾਜਿੰਦਰ ਲਹਿਰੀ
ਪੰਨੇ 106, ਮੁੱਲ 175 ਰੁਪਏ, ਗਰੇਸ਼ੀਅਸ ਬੁਕਸ, ਪਟਿਆਲਾ

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜੁਲਾਈ, 2019

---



ਅਮਰੀਕਾ ਵਸਦੀ ਨਾਮਵਰ ਕਥਾਕਾਰ ਪਰਵੇਜ਼ ਸੰਧੂ
ਦੀ ਡਾਇਰੀ ਦੇ ਪੰਨੇ




ਆਪਣੀਆਂ ਇਨ੍ਹਾਂ ਕਹਾਣੀਆਂ ਵਿਚ ਪਰਵੇਜ਼ ਸਹਿਜ ਵੀ ਹੈ ਅਤੇ ਸੂਝਵਾਨ ਵੀ। ਉਹ ਜੋ ਕਹਿਣਾ ਚਾਹੁੰਦੀ ਹੈ, ਉਸਨੂੰ ਪਾਠਕਾਂ ਸਾਹਮਣੇ ਪੇਸ਼ ਕਰਨ ਦੀ ਜੁਗਤ ਵੀ ਜਾਣਦੀ ਹੈ। ਇਨ੍ਹਾਂ ਛੋਟੀਆਂ ਛੋਟੀਆਂ ਲਿਖਤੀ ਘਟਨਾਵਾਂ ਨੂੰ ਮੈਂ ਇਕ ਹੋਰ ਵਿਧਾ ਦੇ ਜਨਮ ਵਜੋਂ ਸਿਰਜਤਿ ਹੁੰਦਾ ਵੇਖਦਾ ਹਾਂ ਅਤੇ ਮਹਿਸੂਸ ਕਰਦਾ ਹਾਂ ਕਿ ਕੋਈ ਵੀ ਅਜਿਹਾ ਪਾਠਕ ਨਹੀਂ ਹੋਵੇਗਾ, ਜਿਹੜਾ ਇਨ੍ਹਾਂ ਕਹਾਣੀਆਂ ਨੂੰ ਪੜ੍ਹਨ ਵੇਲ਼ੇ ਅਧੂਰੀਆਂ ਛੱਡੇ ਕਿਉਂਕਿ ਇਨ੍ਹਾਂ ਵਿਚ ਰੌਚਿਕਤਾ ਵੀ ਬਾ-ਕਮਾਲ ਹੈ
– ਜੋਗਿੰਦਰ ਸਿੰਘ ਕੈਰੋਂ

ਪੰਨੇ 120 ਸੁੰਦਰ ਦਿੱਖ ਮੁੱਲ 175 ਰੁਪਏ

ਸਵੀਨਾ ਪ੍ਰਕਾਸ਼ਨ ਕੈਲੇਫੋਰਨੀਆ

**SIRJANA** Literary Punjabi Quarterly Chandigarh

No. 193 ISSN 2455-1058 July - September 2019

Registered with the Registrar of Newspapers for India vide R.N. 10215/65

## ਗੁਲਜ਼ਾਰ ਸਿੰਘ ਸੰਧੂ ਦੇ ਚਾਰ ਨਿੱਕੇ ਨਾਵਲਾਂ ਦਾ ਸੰਗ੍ਰਹਿ




ਉਮਰ ਦੀ ਪ੍ਰੌਢ ਅਵਸਥਾ ਵਿਚ ਪਹੁੰਚਕੇ ਵੀ ਨਾਮਵਰ ਤੇ ਬਹੁ-ਸਤਿਕਾਰਤ ਲੇਖਕ ਗੁਲਜ਼ਾਰ ਸਿੰਘ ਸੰਧੂ ਦੀ ਸਿਰਜਣਸ਼ੀਲਤਾ ਦੀ ਗਤੀ ਤੇ ਵੇਗ ਵਿਚ ਕੋਈ ਕਮੀ ਨਹੀਂ ਆਈ। ਅਖਬਾਰਾਂ ਵਿਚ ਲਗਾਤਾਰ ਛਪਦੇ ਕਾਲਮਾਂ ਰਾਹੀਂ ਪੱਤਰਕਾਰੀ ਕਾਰਜ ਵਿਚ ਜੁਟੇ ਰਹਿਣ ਦੇ ਨਾਲ ਨਾਲ ਉਸਨੇ ਕਹਾਣੀ ਤੇ ਨਾਵਲ-ਰਚਨਾ ਦੇ ਆਪਣੇ ਮੁੱਢਲੇ ਰਚਨਾਤਮਕ ਕਾਰਜ ਨੂੰ ਭੁਲਾਇਆ ਨਹੀਂ। ਹੱਥਲੀ ਪੁਸਤਕ ਵਿਚ ਸ਼ਾਮਲ ਚਾਰ ਨਿੱਕੇ ਨਾਵਲ ਇਹ ਗਵਾਹੀ ਵੀ ਦਿੰਦੇ ਹਨ ਕਿ ਗੁਲਜ਼ਾਰ ਸਿੰਘ ਸੰਧੂ ਦੀ ਕਲਮ ਦਾ ਜ਼ੋਰ ਮੱਧਮ ਨਹੀਂ ਪਿਆ ਅਤੇ ਉਹ ਸਿਰਜਣਾਤਮਕ ਲੇਖਕ ਵਜੋਂ ਹਾਲੇ ਵੀ ਨਵਾਂ ਨਰੋਆ ਹੈ।

ਪੰਨੇ 175 ਸੁੰਦਰ ਦਿੱਖ ਮੁੱਲ 250 ਰੁਪਏ

**ਨਵਯੁਗ ਪਬਲਿਸ਼ਰਜ਼**, ਹੌਜ਼ ਖਾਸ, ਨਵੀਂ ਦਿੱਲੀ